# ਆਪਣੇ ਪੰਜਾਬੀ ਇਕਾਂਗੀ

(ਨਾਟ-ਸੰਗ੍ਰਹਿ)

# ਆਪਣੇ ਪੰਜਾਬੀ ਇਕਾਂਗੀ

(ਨਾਟ-ਸੰਗ੍ਰਹਿ)

ਸੰਪਾਦਕ
ਸਤਵਿੰਦਰ ਬੇਗੋਵਾਲੀਆ
ਦਲਜੀਤ ਸਿੰਘ ਰਤਨ

MR. SINGH
PUBLICATION
Talwandi Sabo (Bathinda) 151302
Mobile : 97809-07031, 98551-29143

**Apne Punjabi Ekangi (Nine Plays)**

**Edited by : Satwinder Begowalia**
**Daljit Singh Rattan**

**Publisher :** Mr. Singh Publication
Talwandi Saboo (Bathinda)- 151302
(M) : 9780907031

© All rights reserved

ਪਹਿਲੀ ਵਾਰ : 2026

ਮੁੱਲ : 300/-

ISBN : 978-81-995258-6-3

ਪ੍ਰਿੰਟਰਜ਼
ਵਾਲੀਆ ਪ੍ਰਿੰਟਰਜ਼, ਜਲੰਧਰ

## ਸਮਰਪਣ

ਨਾਟਕਕਾਰਾਂ
ਅਤੇ
ਰੰਗਕਰਮੀਆਂ
ਦੇ ਨਾਂ

## ਤਤਕਰਾ


| | | | |
|---|---|---|---|
| 1. | ਇੱਕ ਰਾਮਾਇਣ ਹੋਰ | ਅਜਮੇਰ ਸਿੰਘ ਔਲਖ | 11 |
| 2. | ਚਾਬੀਆਂ | ਆਤਮਜੀਤ | 35 |
| 3. | ਗਰੀਬ ਲੋਕ | ਗੁਰਸ਼ਰਨ ਸਿੰਘ | 55 |
| 4. | ਚੋਰ | ਸਤਵਿੰਦਰ ਬੇਗੋਵਾਲੀਆ | 69 |
| 5. | ਜ਼ਖਮੀ ਖੰਭਾਂ ਦੀ ਪਰਵਾਜ਼ | ਸਾਹਿਬ ਸਿੰਘ | 94 |
| 6. | ਕਿਰਨ | ਕੇਵਲ ਧਾਲੀਵਾਲ | 114 |
| 7. | ਲੇਬਰ ਚੌਂਕ ਦੀਆਂ ਅੱਖਾਂ | ਸੁਖਮਿੰਦਰ ਸੇਖੋਂ | 134 |
| 8. | ਮਾਸਟਰ ਲਿਆਕਤ ਗੁਲ | ਸਤਿੰਦਰ ਸਿੰਘ ਨੰਦਾ | 147 |
| 9. | ਮੇਰੀ ਬੱਚੀ | ਸੁਮਨ ਲਤਾ | 169 |
| | ਲੇਖਕਾਂ ਬਾਰੇ ਜਾਣਕਾਰੀ | | 184-192 |

# ਨੌ ਰੰਗ

## [1970 ਤੋਂ ਬਾਅਦ ਦੇ ਇਕਾਂਗੀ]

'ਆਪਣੇ ਪੰਜਾਬੀ ਇਕਾਂਗੀ' ਵਿਚਲੇ ਨੌਂ ਰੰਗ ਮਨੁੱਖੀ ਜੀਵਨ ਦੀਆਂ ਵਿਭਿੰਨ ਪਰਤਾਂ ਨੂੰ ਖੋਲ੍ਹਦੇ ਹਨ। ਇਨ੍ਹਾਂ ਇਕਾਂਗੀ ਨਾਟਕਾਂ ਦਾ ਪਾਠ ਕਰਨ ਉਪਰੰਤ ਅਹਿਸਾਸ ਹੁੰਦਾ ਹੈ ਕਿ ਹਰੇਕ ਇਕਾਂਗੀ ਵਿਸ਼ੇ ਅਤੇ ਸ਼ੈਲੀ ਪੱਖੋਂ ਆਪਣੀ ਵਿਲੱਖਣ ਅਹਿਮੀਅਤ ਰੱਖਦੀ ਹੈ।

ਹਥਲੀ ਪੁਸਤਕ ਦੀ ਪਹਿਲੀ ਰਚਨਾ ਪ੍ਰੋ. ਅਜਮੇਰ ਸਿੰਘ ਔਲਖ ਦੀ 'ਇੱਕ ਰਮਾਇਣ ਹੋਰ' ਹੈ, ਜੋ ਪੀੜ੍ਹੀ ਦਰ ਪੀੜ੍ਹੀ ਵੰਡੀ ਜਾ ਰਹੀ ਜ਼ਮੀਨ ਅਤੇ ਤੀਵੀਂ ਦੀ ਥੁੜ ਨਾਲ ਸਬੰਧਤ ਦੁਖਾਂਤ ਦਾ ਨਾਟਕ ਹੈ। ਆਰਥਿਕ ਥੁੜਾਂ ਦੀ ਮਾਰੀ ਕਿਸਾਨੀ ਦੀ ਸਥਿਤੀ ਬਹੁਤ ਊਣੀ ਹੈ। ਘਰ ਦੀ ਕਬੀਲਦਾਰੀ ਚਲਾਉਣ ਲਈ ਸੀਤੋ ਨੂੰ ਆਪਣੇ ਜੇਠ ਲਛਮਣ ਦੇ ਮੰਜੇ ਦੀ ਬਾਹੀ 'ਤੇ ਬਹਿਣਾ ਪੈਂਦਾ ਹੈ ਜਿਸ ਲਈ ਸੀਤੋ ਦੇ ਪਤੀ ਰਾਮ ਨੂੰ ਵੀ ਰਜ਼ਾਮੰਦੀ ਦੇਣੀ ਪੈਂਦੀ ਹੈ।

ਦੂਸਰੀ ਨਾਟ-ਕ੍ਰਿਤੀ ਡਾ. ਆਤਮਜੀਤ ਦਾ 'ਚਾਬੀਆਂ' ਹੈ। ਆਤਮਜੀਤ ਦੀ ਨਾਟ-ਸਿਰਜਣਾ ਦੀ ਵਿਧੀ ਪ੍ਰਤੀਕਾਤਮਕ ਹੈ, ਜੋ ਬਿਲਕੁਲ ਵੱਖਰੀ ਕਿਸਮ ਦੀ ਹੈ। ਇਸ ਨਾਟਕ ਵਿਚ ਮਨੁੱਖ ਆਜ਼ਾਦ ਹੋਂਦ ਲਈ ਤੜਫ਼ਦਾ ਹੈ ਪਰ ਹਾਲਾਤ ਉਸ ਨਾਲੋਂ ਕਿਤੇ ਵਧੇਰੇ ਤਾਕਤਵਰ ਹਨ। ਇਸ ਸਮਾਜਕ ਤਾਣੇ-ਬਾਣੇ ਵਿਚ ਅਮੀਰ, ਗਰੀਬ, ਮਾਲਕ ਅਤੇ ਨੌਕਰ ਸਭ ਇਕ-ਦੂਜੇ ਨਾਲ ਬੱਝੇ ਪਏ ਹਨ। ਇਸ ਭਿਰਸ਼ਟਾਚਾਰੀ ਸਮਾਜਕ ਢਾਂਚੇ ਵਿਚ ਸੁਲਟਨ ਰਸੋਈਆ ਆਪਣੇ ਆਪ ਨੂੰ ਲੱਕੜ ਦੀ ਅਲਮਾਰੀ ਅਤੇ ਜੀਵਨ ਡਰਾਈਵਰ ਖੁਦ ਨੂੰ ਲੋਹੇ ਦੀ ਅਲਮਾਰੀ ਕਹਿੰਦਾ ਹੈ ਜਦ ਕਿ ਬੁੱਢੀ ਨੌਕਰਾਣੀ ਆਪਣੇ ਆਪ ਨੂੰ ਪੇਟੀ ਦਾ ਰੂਪ ਦੱਸਦੀ ਹੈ।

ਤੀਜਾ ਨਾਟਕ ਗੁਰਸ਼ਰਨ ਸਿੰਘ ਦੁਆਰਾ ਰਚਿਤ 'ਗਰੀਬ ਲੋਕ' ਹੈ ਜੋ ਕਹਾਣੀਕਾਰ ਜਗਰੂਪ ਸਿੰਘ ਰੂਪ ਦੀ ਕਹਾਣੀ 'ਪੰਜ ਕਲਿਆਣੀ' 'ਤੇ ਆਧਾਰਤ ਹੈ। ਪਿੰਡ ਦਾ ਸ਼ਾਹ ਇਕ ਗਰੀਬ ਅਨਪੜ੍ਹ ਨੱਥੂ ਨੂੰ ਕਰਜ਼ੇ ਦੇ ਮੱਕੜਜਾਲ ਵਿਚ ਵਿਚ ਉਲਝਾਈ ਰੱਖਦਾ ਹੈ। ਪਿੰਡ ਦੇ ਪੱਛੜੇ ਲੋਕਾਂ ਨੂੰ ਜਾਗਰੂਕ ਕਰਨ ਦਾ ਪਾਠ ਮਾਸਟਰ ਪੜ੍ਹਾਉਂਦਾ ਹੈ। ਸ਼ਹੀਦ ਭਗਤ ਸਿੰਘ ਜਾਗਰਤੀ ਦਾ ਚਿੰਨ੍ਹ ਬਣਦਾ ਹੈ ਜੋ ਸ਼ਾਹ ਦੀ ਵਹੀ ਦੇ ਪਰਖਚੇ ਉਡਾ ਦਿੰਦਾ ਹੈ। ਗਰੀਬ ਲੋਕਾਂ ਦੀ ਤਕਦੀਰ ਬਦਲਣ ਦਾ ਮੰਤਰ 'ਇਕੱਠ ਲੋਹੇ ਦੀ ਲੱਠ' ਹੁੰਦਾ ਹੈ ਜੋ ਮਾਸਟਰ ਵੱਲੋਂ ਵੰਡੇ ਗਏ ਚਾਨਣ ਸਦਕਾ ਸੰਭਵ ਹੁੰਦਾ ਹੈ।

ਚੌਥਾ ਇਕਾਂਗੀ 'ਚੋਰ' ਪ੍ਰਿੰਸੀਪਲ ਸਤਵਿੰਦਰ ਬੇਗੋਵਾਲੀਆ ਦੀ ਕਲਮ ਤੋਂ ਹੈ। ਨਾਟਕ 'ਚੋਰ' ਜ਼ਿੰਦਗੀ ਵਿਚ ਲੁੱਟਾਂ-ਖਸੁੱਟਾਂ ਤੋਂ ਸਤਾਏ ਛੋਟੇ ਕਿਸਾਨ ਦੀ ਗਾਥਾ ਹੈ ਜਿਹੜਾ ਸਾਰੀ ਉਮਰ ਲੋਕਾਂ ਦੇ ਹਿਸਾਬ-ਕਿਤਾਬ ਕਰਦਾ ਹੀ ਦੱਬਿਆ ਰਹਿੰਦਾ ਹੈ। ਜਿਸ ਨੂੰ ਚੈਨ ਨਾਲ ਮਰਨ ਵੀ ਨਸੀਬ ਨਹੀਂ। ਇਸ ਨਾਟਕ ਦਾ ਨਾਇਕ ਧੁੰਨਾ ਸਿੰਘ ਸਮਾਜ ਦੇ ਅਛੋਪਲੇ ਚੋਰਾਂ ਤੋਂ ਤੰਗ ਆ ਕੇ ਖ਼ੁਦ ਡਾਕੂਮਈ ਚੋਰ ਬਣਨ ਦਾ ਐਲਾਨ ਕਰਦਾ ਹੋਇਆ ਸਮੇਂ ਨੂੰ ਵੰਗਾਰਦਾ ਹੈ। 'ਚੋਰ' ਵਿਚ ਚੁਸਤ ਅਤੇ ਰੌਚਕ ਵਾਰਤਾਲਾਪ ਆਕਰਸ਼ਤ ਕਰਦੇ ਹਨ। ਸੁਪਨਮਈ ਦ੍ਰਿਸ਼ ਇਕ ਸਫ਼ਲ ਜੁਗਤ ਹੈ। ਨਾਟਕ ਦਾ ਸੁਨੇਹਾ ਇਹ ਵੀ ਹੈ ਕਿ ਦਿਨ ਦੇ ਚੋਰ ਰਾਤ ਦੇ ਚੋਰਾਂ ਨਾਲੋਂ ਵੱਧ ਖਤਰਨਾਕ ਹੁੰਦੇ ਹਨ।

'ਜ਼ਖ਼ਮੀ ਖੰਭਾਂ ਦੀ ਪਰਵਾਜ਼' ਡਾ. ਸਾਹਿਬ ਸਿੰਘ ਦਾ ਇਕਾਂਗੀ ਹੈ, ਜਿਸ ਵਿਚ ਰਣਜੀਤ ਸਿੰਘ ਨਾਂ ਦਾ ਦਲਿਤ ਇਨਸਾਨ ਵਿਦਿਅਕ ਯੋਗਤਾ ਰੱਖਦਾ ਹੋਇਆ ਵੀ ਨੌਕਰੀ ਪ੍ਰਾਪਤ ਨਹੀਂ ਕਰ ਸਕਿਆ। ਕਿਉਂਕਿ ਗਰੀਬ ਹੋਣ ਕਰਕੇ ਰਿਸ਼ਵਤ ਨਹੀਂ ਭਰ ਸਕਦਾ ਅਤੇ ਨਾ ਹੀ ਕੋਈ ਸਿਫਾਰਸ਼ ਹੈ। ਸਿੱਟੇ ਵਜੋਂ ਨਸ਼ਿਆਂ ਦਾ ਆਦੀ ਹੋ ਜਾਂਦਾ ਹੈ। ਪਿੰਡ ਦੇ ਜਗੀਰਦਾਰ ਮੱਘਰ ਸਿੰਘ ਦੀ ਅੱਖ ਰਣਜੀਤ ਸਿੰਘ ਦੀ ਪਤਨੀ ਮਹਿੰਦਰ ਕੌਰ ਅਤੇ ਜਵਾਨ ਕੁੜੀ ਰਾਣੋ 'ਤੇ ਹੁੰਦੀ ਹੈ। ਸੁਪਨਮਈ ਦ੍ਰਿਸ਼ ਵਿਚ ਸ਼ਹੀਦ ਭਗਤ ਸਿੰਘ, ਰਣਜੀਤ ਸਿੰਘ ਨੂੰ ਸੰਘਰਸ਼ ਕਰਨ ਲਈ ਪ੍ਰੇਰਦਾ ਹੈ ਅਤੇ ਖ਼ੁਦਕੁਸ਼ੀ ਕਰਨ ਤੋਂ ਵਰਜਦਾ ਹੈ। ਸੰਘਰਸ਼ ਦੀ ਜਿੱਤ ਹੁੰਦੀ ਹੈ ਅਤੇ ਮੱਘਰ ਸਿੰਘ ਦੇ ਕੁਕਰਮਾਂ ਦਾ ਅੰਤ ਹੁੰਦਾ ਹੈ। ਗੁਰਸ਼ਰਨ ਸਿੰਘ ਦੇ ਨਾਟਕ 'ਗਰੀਬ ਲੋਕ' ਅਤੇ ਡਾ. ਸਾਹਿਬ ਸਿੰਘ ਦੇ ਇਸ ਨਾਟਕ ਵਿਚ ਵੀ ਸ਼ਹੀਦ ਭਗਤ ਸਿੰਘ ਪ੍ਰੇਰਨਾ ਸਰੋਤ ਹੈ ਕਿਉਂਕਿ ਭਗਤ ਸਿੰਘ ਇਕ ਲੋਕਪੱਖੀ ਖਿਆਲ ਹੈ।

ਇਕਾਂਗੀ 'ਕਿਰਨ' ਪ੍ਰਸਿੱਧ ਨਿਰਦੇਸ਼ਕ-ਨਾਟਕਕਾਰ ਕੇਵਲ ਧਾਲੀਵਾਲ ਦੀ ਰਚਨਾ ਹੈ। ਨਾਟਕ ਦਾ ਨਾਇਕ ਜੀਤ ਅਤੇ ਨਾਇਕਾ ਕਿਰਨ ਦੇ ਘਰ ਦਾ ਮਾਹੌਲ ਇਸ ਕਰਕੇ ਗ਼ਮਗ਼ੀਨ ਹੈ ਕਿ ਉਨ੍ਹਾਂ ਦੀ ਕੋਈ ਸੰਤਾਨ ਨਹੀਂ ਹੈ। ਵਿਆਹ ਹਰੇਕ ਮਰਦ-ਔਰਤ ਦੀ ਜ਼ਰੂਰਤ ਹੈ ਪਰ ਵਿਆਹੁਤਾ ਜੀਵਨ ਸੰਤਾਨ ਦੀ ਪ੍ਰਾਪਤੀ ਤੋਂ ਬਿਨਾਂ ਪੱਤਝੜ ਜਿਹਾ ਹੋ ਜਾਂਦਾ ਹੈ। ਬੱਚੇ ਦੀ ਪ੍ਰਾਪਤੀ ਲਈ ਟੈਸਟ ਟਿਊਬ ਆਦਿ ਨਵੀਨ ਵਿਧੀਆਂ ਨੂੰ ਅਪਣਾਇਆ ਜਾਣ ਲੱਗਾ। ਗ਼ੁਰਬਤ ਦੀ ਮਾਰੀ ਕਿਸੇ ਔਰਤ ਨੂੰ ਆਪਣੀ ਕੁੱਖ ਕਿਰਾਏ 'ਤੇ ਦੇਣੀ ਪੈਂਦੀ ਹੈ। ਨਾਟਕ ਦਾ ਅੰਤ ਸੁਖਾਂਤਕ ਹੈ ਜਦ ਜੀਤ ਅਤੇ ਕਿਰਨ ਰੈੱਡ ਕਰਾਸ ਦੇ ਪੰਘੂੜਿਆਂ ਨੂੰ ਹੀ ਆਪਣੀ ਸਮੱਸਿਆ ਦਾ ਸਮਾਧਾਨ ਮਿੱਥ ਲੈਂਦੇ ਹਨ।

ਅਗਲੇ ਇਕਾਂਗੀ 'ਲੇਬਰ ਚੌਂਕ ਦੀਆਂ ਅੱਖਾਂ' ਵਿਚ ਨਾਟਕਕਾਰ ਸੁਖਮਿੰਦਰ ਸੇਖੋਂ ਨੇ ਦਿਹਾੜੀਦਾਰ ਵਰਗ ਦੀ ਹੋਣੀ ਨੂੰ ਦਰਸਾਇਆ ਹੈ। ਚੌਰਸਤੇ ਵਿਚ ਪੰਜਾਬ ਸਿੰਘ ਅਤੇ ਭਰਤ ਰਾਮ ਵਿਹਲੇ ਬੈਠੇ ਹਨ ਪਰ ਦਿਹਾੜੀ ਨਹੀਂ ਮਿਲਦੀ। ਰੋਜ਼ੀ-ਰੋਟੀ ਦੇ ਆਹਰ ਪਾਹਰ ਦੀ ਗੱਲ ਕਰਦੇ ਹੋਏ ਕਹਿੰਦੇ ਹਨ ਕਿ ਸਰਕਾਰੀ ਨੌਕਰੀ ਤਾਂ ਮਿਲਦੀ ਨਹੀਂ ਪਰ ਡੰਡੇ ਅਤੇ ਪਾਣੀ ਦੀਆਂ ਬੁਛਾੜਾਂ ਜ਼ਰੂਰ ਸਵਾਗਤ ਕਰਦੀਆਂ ਹਨ। ਪ੍ਰਾਪਰਟੀ ਡੀਲਰ ਚੰਗਾ ਧੰਦਾ ਹੈ ਪਰ ਚਲਾਕ ਲੋਕਾਂ ਦਾ ਹੈ। ਸੋਚਦੇ ਹਨ ਕਿ ਥੋੜ੍ਹੀ ਜਿਹੀ ਜੋ ਜ਼ਮੀਨ ਹੈ ਉਹ ਵੇਚ ਕੇ ਦੁਕਾਨਾਂ ਬਣਾ ਲਈਏ, ਦੁਕਾਨ 'ਚ ਕਿਸ ਕਿਸਮ ਦਾ ਸਮਾਨ ਪਾਈਏ। ਪਰ ਸਿਆਸਤ ਲਾਹੇਵੰਦ ਧੰਦਾ ਹੈ-ਮੁੱਖ ਕਾਰਜ ਹੈ ਬਲਾਤਕਾਰ, ਗੁੰਡਾਗਰਦੀ, ਭ੍ਰਿਸ਼ਟਾਚਾਰ, ਦੰਗੇ ਫਸਾਦ ਕਰਾਉਣਾ। ਨੌਕਰੀਆਂ ਮੰਗਣ ਵਾਲੇ ਹਾਕਮਾਂ ਦੀਆਂ ਅਰਥੀਆਂ ਫੂਕਦੇ ਹਨ ਪਰ ਪਰਨਾਲਾ ਉਥੇ ਦਾ ਉਥੇ ਰਹਿੰਦਾ ਹੈ।

'ਮਾਸਟਰ ਲਿਆਕਤ ਗੁਲ' ਨਾਟਕਕਾਰ ਸਤਿੰਦਰ ਸਿੰਘ ਨੰਦਾ ਦਾ ਇਕਾਂਗੀ ਹੈ। ਇਸ ਨਾਟਕ ਵਿਚ ਮਾਸਟਰ ਲਿਆਕਤ ਗੁੱਲ ਅਧਿਆਪਕ ਵਰਗ ਨੂੰ ਕਲੰਕਤ ਕਰਦਾ ਹੈ। ਜਮਾਤ ਵਿਚ ਪੜ੍ਹਾਉਂਦਾ ਨਹੀਂ, ਵਿਦਿਆਰਥੀਆਂ ਨੂੰ ਆਪਣੇ ਘਰ ਟਿਊਸ਼ਨਾਂ ਲਈ ਮਜਬੂਰ ਕਰਦਾ ਹੈ। ਆਪਣੇ ਵਿਸ਼ੇ 'ਤੇ ਪਕੜ ਨਹੀਂ। ਟੈਕਸਟ ਕਲਚਰ ਦੀ ਥਾਂ ਗਾਈਡ ਕਲਚਰ ਨੂੰ ਹੀ ਉਤਸ਼ਾਹਤ ਕਰਦਾ ਹੈ। ਨਾਟਕ ਹਾਸ-ਰਸ ਨਾਲ ਭਰਪੂਰ ਹੈ।

ਆਖਰੀ ਇਕਾਂਗੀ 'ਮੇਰੀ ਬੱਚੀ' ਰੰਗਕਰਮੀ ਸੁਮਨ ਲਤਾ ਦੀ ਕਲਮ ਤੋਂ ਹੈ। ਇਕ ਇਕ ਕਾਵਿਕ ਨਾਟਕ ਹੈ। ਨਾਟਕ ਦੇ ਮੁੱਖ ਪਾਤਰ ਰੱਜੀ ਦੇ ਜਨਮ ਲੈਣ ਨਾਲ ਨਾਟਕ ਦੀ ਸ਼ੁਰੂਆਤ ਹੁੰਦੀ ਹੈ। ਲੜਕੀ ਦੇ ਜਨਮ ਲੈਣ ਸਮੇਂ ਪੂਰੇ ਘਰ 'ਚ ਸੰਨਾਟਾ ਛਾ ਜਾਂਦਾ ਹੈ। ਭੂਆ ਗੋਰੀ, ਚਾਚੀ ਨੰਦੋ ਅਤੇ ਦਾਦੀ ਸੰਤੀ ਨਵੀਂ ਪੈਦਾ ਹੋਈ ਬੱਚੀ ਲਈ 'ਪੱਥਰ' ਸ਼ਬਦ ਦਾ ਉਚਾਰਨ ਕਰਦੀਆਂ ਹਨ। ਨਾਟਕ ਵਿਚ ਔਰਤ ਜਾਤੀ ਨੂੰ ਅਭਾਗਣ, ਪੈਰਾਂ ਦੀ ਜੁੱਤੀ, ਵੇਸਵਾ ਆਦਿ ਕਿਹਾ ਗਿਆ ਹੈ। ਰੱਜੀ ਸਭ ਦੀਆਂ ਬਦ-ਅਸੀਸਾਂ ਨੂੰ ਚੁਣੌਤੀ ਵਜੋਂ ਸਵੀਕਾਰ ਕਰਦੀ ਹੋਈ ਐਲਾਨ ਕਰਦੀ ਹੈ ਕਿ ਉਹ ਪ੍ਰਾਪਤੀਆਂ ਦਾ ਇਤਿਹਾਸ ਰਚੇਗੀ ਅਤੇ ਮਰਦ ਜਾਤੀ ਨੂੰ ਮਾਤ ਪਾਵੇਗੀ।

ਨੌਂ ਰੰਗਾਂ ਵਾਲੇ ਇਕਾਂਗੀ ਨਾਟਕ ਮਨੁੱਖੀ ਜੀਵਨ ਦੇ ਵਿਭਿੰਨ ਪਹਿਲੂਆਂ ਨੂੰ ਵੱਖੋ-ਵੱਖਰੀ ਨਾਟਕ ਸ਼ੈਲੀ ਵਿਚ ਪਾਠਕਾਂ\ਵਿਦਵਾਨਾਂ ਦੇ ਰੂਬਰੂ ਹੁੰਦੇ ਹਨ। ਨਾਟਕ ਵਿਧਾ ਨਾਲ ਸਬੰਧਤ ਵਿਦਿਆਰਥੀ ਵੀ ਇਸ ਪੁਸਤਕ ਤੋਂ ਲਾਹਾ ਖੱਟਣਗੇ, ਮੈਨੂੰ ਇਹ ਪੂਰਨ ਆਸ ਹੈ।

**-ਦਲਜੀਤ ਸਿੰਘ ਰਤਨ**

**ਮੋਬਾਇਲ : 98149-88811**

# ਇੱਕ ਰਾਮਾਇਣ ਹੋਰ

ਅਜਮੇਰ ਸਿੰਘ ਔਲਖ

ਰਾਮ ਪਰਸ਼ੋਤਮ ਸੀਤਾ ਪਤੀ ਬਰਤਾ
ਲਛਮਣ ਜਤ ਦਾ ਪੂਰਾ
ਪੂਰਿਆਂ ਦੀ ਕਥਾ ਪੂਰੇ ਕਵੀ ਕਰ ਗਏ
ਕੁਝ ਨਾ ਰਿਹਾ ਅਧੂਰਾ।
ਪਰ ਇਕ ਰਾਮ, ਲੱਛਾ ਤੇ ਸੀਤੋ
ਅੱਜ ਸਾਡੇ ਨੇ ਮੂਹਰੇ।
ਇਹਨਾਂ ਦੀ ਕਥਾ ਕੌਣ ਕਰੇਗਾ
ਜੋ ਨਾ ਅੱਧੇ ਨਾ ਪੂਰੇ।

## ਪਾਤਰ

| | | |
|---|---|---|
| ਲੱਛਾ | : | ਉਮਰ ਚਾਲੀ ਸਾਲ |
| ਰਾਮ | : | ਉਮਰ ਪੈਂਤੀ ਸਾਲ |
| ਸੀਤੋ | : | ਉਮਰ ਸਤਾਈ ਸਾਲ |
| ਰੌਣੀ | : | ਉਮਰ ਪੰਜਾਹ ਸਾਲ |
| ਦਾਨੀ | : | ਉਮਰ ਸੱਠ ਸਾਲ |
| ਸਾਧੂ | : | ਉਮਰ ਚਾਲੀ ਸਾਲ |

(ਮੰਚ ਦੇ ਸੱਜੇ ਥੋੜ੍ਹਾ ਪਿੱਛੇ ਕਰ ਕੇ ਇਕ ਕੱਚੀ ਜਿਹੀ ਬੈਠਕ ਤੇ ਸਬ੍ਹਾਤ ਵਿਖਾਈ ਦਿੰਦੀਆਂ ਹਨ। ਖੱਬੇ ਇਕ ਝਲਾਨੀ ਹੈ ਜਿਸਦਾ ਬੂਹਾ ਬੈਠਕ ਤੇ ਸਬਾਤ ਵਲ ਹੈ। ਬੈਠਕ ਤੇ ਸਬ੍ਹਾਤ ਦਾ ਅਗਲਾ ਅਣਛੱਤਿਆ ਹਿੱਸਾ ਵਿਹੜਾ ਹੈ ਜਿਸ ਵਿੱਚ ਛੋਟੀ ਕਿਸਾਨੀ ਦੀਆਂ ਆਮ ਚੀਜ਼ਾਂ-ਵਸਤਾਂ ਖਿੰਡੀਆਂ ਪਈਆਂ ਹਨ। ਘਰ ਦੇ ਸੱਜੇ ਤੋਂ ਖੱਬੇ ਅੰਦਰ-ਬਾਹਰ ਜਾਣ ਲਈ ਬੂਹੇ ਹਨ। ਜਦੋਂ ਪਰਦਾ ਉੱਠਦਾ ਹੈ ਤਾਂ ਬੈਠਕ ਤੋਂ ਥੋੜ੍ਹਾ ਅੱਗੇ ਇਕ ਮੰਜੇ ਉਤੇ ਬੈਠਾ ਰੌਣੀ ਗਰੂਨੇ ਕੱਢ ਰਿਹਾ ਹੈ। ਥੋੜ੍ਹੇ ਚਿਰ ਪਿੱਛੋਂ ਝਲਾਨੀ ਵਿੱਚੋਂ ਚਾਹ ਲਈ ਲੱਛਾ ਬਾਹਰ ਨਿਕਲਦਾ ਹੈ।)



ਲੱਛਾ : ਉਂ ਰੌਣੀ ਰੱਬ ਦੇ ਘਰ ਨਸਾਫ ਹੈ-ਈ ਨੀਂ ਨਾ? ਉਹਨੂੰ ਪੁੱਛਣ ਵਾਲਾ ਹੋਵੇ ਬਈ ਭਲਿਆ ਮਾਣਸਾ ! ਜੇ ਤੈਂ ਬੰਦੇ ਸਾਡੇ ਅਰਗੇ ਈ ਬਣੌਂਣੇ ਸੀ ਚਿੱਥ ਖੜ੍ਹੱਬੇ, ਤਾਂ ਤੇਰਾ ਕੁਸ਼ ਅਟਕਿਆ ਪਿਆ ਸੀ ਦੁਨੀਆ ਬਣੌਂਣ ਕੰਨੀਓਂ?

(ਚਾਹ ਧਰ ਕੇ ਮੰਜੀ ਲੈਣ ਚਲਾ ਜਾਂਦਾ ਹੈ।)

ਰੌਣੀ : ਕੀਹਦੀ, ਰੱਬ ਦੀ ਗੱਲ ਕਰਦੈਂ? ਰੱਬ ਤਾਂ ਲੱਛਿਆ ਪੱਕਾ ਅਵਦੀ ਨਿੱਕੀ ਦਾ ਕੁਸ਼ ਲਗਦੈ ! ਉਹਨੇ ਕੋਈ ਚੱਜ ਦੀ ਗੱਲ ਕੀਤੀ ਐ ਅੱਜ ਤੱਕ?

ਲੱਛਾ : ਚੱਜ ਦੀਆਂ ਬਥੇਰੀਆਂ ਕੀਤੀਐਂ। ਕਈ ਤਾਂ ਐਸੀਆਂ ਮੂਰਤਾਂ ਬਣਾਈਐਂ ਮੇਰੇ ਸਾਲੇ ਦੀਆਂ, ਬਈ ਵੇਖ ਵੇਖ ਭੁੱਖ ਲਹਿੰਦੀਐਂ ! ਪਰੀਆਂ ਮਾਤ ਪਾਈਆਂ ਪਈਐਂ ਮੇਰੇ ਸਹੁਰੇ ਦੀਆਂ।

ਰੌਣੀ : ਲੈ ਫੇਰ ਤੂੰ ਪਰੀਆਂ ਆਲੀ ਵੀ ਗੱਲ ਸੁਣ ਲੈ ! ਕਹਿੰਦੇ ਐ ਬਈ ਜਿੰਨੀਆਂ ਤਾਂ ਸੁਹਣੀਆਂ ਸੂਰਤਾਂ ਨੇ, ਇਹ ਤਾਂ ਬਣਾਈਐਂ ਰੱਬ ਨੇ ਆਵਦੇ ਹੱਥਾਂ ਨਾਲ ਪੂਰੀਆਂ ਪ੍ਰੀਤਾਂ ਲਾ ਲਾ। ਬਾਕੀ ਜੋ ਮਾਤ੍ਰੜ-ਤਮ੍ਹਾਂਤੜ ਐ, ਉਹ ਬਣਵਾਏ ਐ ਠੇਕੇ ’ਤੇ। ਆਪਾਂ ਤਾਂ ਲੱਛਿਆ ਠੇਕੇ ’ਤੇ ਬਣੇ ਹੋਏ ਐਂ ਛੋਟੇ ਬਾਈ ਠੇਕੇ ਤੇ!

(ਲੱਛਾ ਬਾਟੀਆਂ ਵਿੱਚ ਚਾਹ ਪਾਉਂਦਾ ਹੈ)

ਲੱਛਾ : ਹੋਰ, ਜਿਵੇਂ ਕਹਿੰਦੇ ਹੁੰਦੇ ਐ, ਆਹ ਠੇਕੇ ਆਲੀ ਗੱਲ ਈ ਐ ਨਾ। ਨਾ ਚੱਜ ਦਾ ਮੂੰਹ, ਨਾ ਮੱਥਾ ! (ਉਤਾਂਹ ਵੱਲ ਮੂੰਹ ਕਰਕੇ) ਉਏ ਅਸੀਂ ਤੇਰੇ ਮਾਂਹ ਮਾਰ ’ਤੇ ਸੀ? ਤੋਰ ’ਤੇ ਬਾਂਦਰ ਵਰਗੀ ਬੂਥੀ ਬਣਾ ਕੇ ?... ਊਂ ਵਾਢੀ ਵੱਢੀ ਤਾਂ ਰੌਣੀ ਉਥੇ ਰੱਬ ਦੇ ਘਰ ਵੀ ਚਲਦੀ ਹੋਊ, ਕਿ ਨਹੀਂ?

ਰੌਣੀ : ਲੈ ਹੈ ਕਮਲਾ ਨਾ ਸਿਆਣਾ ! ਸਭ ਚਲਦੈ। ਉਹ ਭਲਿਆ ਲੋਕਾ, ਜਿੱਥੇ ਹਿਸਾਬ -ਕਿਤਾਬ ਬਣਿਐ, ਉਥੇ ਅਵਦੀ ਨਿੱਕੀ ਦਾ ਕੁਸ਼ ਲਗਦਾ ਇਹ ਹੇਰ-ਫੇਰ ਪਹਿਲਾਂ ਬਣਿਐ। ਜਿੱਥੇ ਮਾਇਆ ਦੀ ਖੇਡ ਖੇਡੀਂਦੀਐ ਲੱਛਿਆਂ ਉਥੇ ਸਭ ਲੁਚਪਣਾ ਚਲਦੈ ਛੋਟੇ ਭਾਈ। ਆਪਾਂ ਨੂੰ ਤਾਂ

ਜੀਣ ਜੋਗਿਆ, ਇਹ ਮਾਇਆ ਆਲੇ ਈ ਨੀਂ ਸੁਰਤ ਲੈਣ ਦਿੰਦੇ।

ਲੱਛਾ : ਸਿਆਣੀਐਂ ਤੇਰੀ ਗੱਲ। ਮਾਇਆ ਨਾਲ ਤਾਂ ਭਾਵੇਂ ਰੱਬ ਖਰੀਦ ਲੈ ਭਾਈ।

ਰੌਣੀ : ਆਹ ਤੇਰੇ ਸਾਹਮਣੇ ਨਧਾਨੇ ਕਾ ਲਾਣਾ ਖਰੀਦੀ ਨੀਂ ਬੈਠਾ ? ਮਾਰ ਲੀਲੀਆਂ ਪੱਗਾਂ ਬੰਨ੍ਹ ਕੇ ਰੱਖਦੇ ਐ। ਘਰੇਂ ਬਾਬੇ ਦੀ ਬੀੜ ਰੱਖ ਰਖੀਐ। ਆਵਦੇ ਜਾਣੈਂ ਤਾਂ ਪੂਰਾ ਸਿੱਖੀ ਦਾਵੇ 'ਚ ਪੈਰ ਧਰਦੇ ਐ ? ਪਰ ਲੱਛਣ ? ਲੱਛਣ ਸਾਰੇ ਮਨਮੁਖਾਂ ਵਾਲੇ ! ਕਦੇ ਕਿਸੇ ਗਰੀਬ ਦੀ ਜ਼ਮੀਨ ਦੱਬ ਲੀ, ਕਦੇ ਕਿਸੇ ਦਾ ਘਰ। ਐਨ ਸਾਰੇ ਪਿੰਡ ਤੋਂ ਬਾਹਰੇ ਹੋ ਕੇ ਪੰਚੈਤੀ ਕੀਲੇ ਦੱਬੀਂ ਬੈਠੇ ਐ। ਹੈ ਕਿਸੇ ਦੀ ਹਿੰਮਤ ਹੱਥ ਪਾਉਣ ਦੀ ? ਹੱਥ ਪਾਵੇ ਵੀ ਕਿਹੜਾ ? ਕਾਨੂੰਗੋ ਆਵੇ, ਚਾਹੇ ਕੋਈ ਅਬਸਰ, ਠਹਿਰੂ ਅਵਦੀ ਨਿੱਕੀ ਦਾ ਕੁਸ਼ ਲਗਦਾ ਇਹਨਾਂ ਦੇ ਚੁਬਾਰੇ 'ਚ !

ਲੱਛਾ : ਉਹ ਜਿਵੇਂ ਕਹਿੰਦੇ ਹੁੰਦੇ ਐ, ਅਵਦੇ-ਅਵਦੇ ਕਰਮ ਹੁੰਦੇ ਐ ਰਣ ਸਿਆਂ ਭਾਈ ?

ਰੌਣੀ : ਕਿਹੜੇ ਕਰਮ ? ਕਰਮ ਤਾਂ, ਸਰਦਾਰ ਜੀ, ਇਹਨਾਂ ਦਾ ਦੋਹੇਂ ਵੇਲੇ ਪਾਣੀ ਭਰਦੇ ਐ ! (ਉਂਗਲ 'ਤੇ ਅੰਗੂਠੇ ਨਾਲ ਰੁਪਈਏ ਖੜਕਾਉਣ ਦੀ ਐਕਟਿੰਗ ਕਰਦਾ ਹੋਇਆ) ਸਭ ਇਹਦੀ ਲੀਹਲਾ ਐ ਛੋਟੇ ਭਾਈ, ਇਹਦੀ। ਸਿੱਖੀ ਦਾਵਾ ਤਾਂ ਐਂਵੇ ਕਹਿਣ ਕਹਾਉਣ ਦੀ ਗੱਲ ਐ, ਵਿੱਚੋਂ ਤਾਂ ਇਹ ਸ਼੍ਰੀ ਮਾਨ ਜੀ, ਉਹੀ ਨੇ ਜਿਨਾਂ ਦਾ ਭੋਜਨ ਖਾਣ ਤੋਂ ਬਾਬੇ ਨਾਨਕ ਨੇ ਨਨਕਾਰ ਕਰ -ਤਾ ਸੀ।

ਲੱਛਾ : ਕਰ -ਤਾ ਹੋਊ ਨਨਕਾਰ ਬਾਬੇ ਨਾਨਕ ਨੇ। ਹੁਣ ਆਲੇ ਬਾਬੇ ਬੂਬੇ ਤਾਂ, ਜਿਵੇਂ ਕਹਿੰਦੇ ਹੁੰਦੇ ਐ, ਸਭ ਇਹਨਾਂ ਦੇ ਪੈਰੀਂ ਹੱਥ ਲਾਉਂਦੇ ਐ। ਸਖਤੇ ਦਾ ਸੱਤੀਂ ਬੀਹੀਂ ਸੌ ਹੁੰਦੈ ਰੌਣੀ।

ਰੌਣੀ : ਜੇ ਸਖਤੇ ਸੀ ਤਾਂ ਹੀ ਮੇਰੇ ਨਾਲ ਧੱਕਾ ਕਰ-ਗੇ ? ਕੈਲੀ ਇਹਨਾਂ ਦੀ ਸ਼ਹਿ 'ਤੇ ਈ ਲੈ ਗਿਆ ਮੇਰੇ ਆਲੀ ਤੀਵੀਂ ਕੱਢ ਕੇ ? ਨਈਂ ਉਹਦੀ ਕੀ ਮਜਾਲ ਸੀ ਮੇਰਾ ਪਿੱਛਾ ਤਕਾਉਣ ਦੀ ! ਜਮਾਂ ਇਹਨਾਂ ਦਾ ਹੱਥ ਸੀ ! ਮੈਂ ਬਥੇਰਾ



ਕਿਹਾ, 'ਸਰਦਾਰਾ ! ਤੇਰਾ ਮੇਰਾ ਜੋੜ ਈ ਕੀ ਐ ? ਮੇਰੀ ਤੀਵੀਂ ਮੁੜਵਾ ਦੇ।" ਕਹਿੰਦਾ, 'ਜਾ, ਜਾ ! ਸਾਲਾ ਮਲੰਗ ਜੱਟ ।ਉਹ ਦਿਨ ਭੁੱਲ ਗਿਆ ਜਿੱਦੋਂ ਵੋਟਾਂ ਨੂੰ ਜਵਾਬ ਦਿੱਤਾ ਸੀ।' ... ਹਾਰ ਕੇ ਭਾਈ ਚੁੱਪ ਕਰਗੇ। ਕੋਈ ਵਾਹ ਚਲਦੀ ਸੀ ? ਨਾ ਠਾਣੇਦਾਰ ਨੇ, ਨਾ ਅਵਦੀ ਨਿੱਕੀ ਦੇ ਕੁਸ਼ ਲਗਦੇ ਕਿਸੇ ਹੋਰ ਨੇ, ਬਾਤ ਈ ਨੀਂ ਪੁੱਛੀ।.... ਕੋ ਨੀਂ ਸਾਡਾ ਵੀ ਕਿਤੇ ਆਊ ਵਕਤ ! ਜੇ ਮੇਰੇ ਸਾਲਿਆਂ ਨੂੰ ਖਦੈਣੇ ਕੀ ਢਾਬ ਵਿੱਚ ਡੁਬੋ - ਡੁਬੋ ਨਾ ਮਾਰਿਆ ਤਾਂ ਤੂੰ ਮੈਨੂੰ ਰੁਲਦੂ ਦਾ ਰੌਣੀ ਨਾ ਆਖੀਂ।

ਲੱਛਾ : ਲੈ ਆਪਾਂ ਤਾਂ ਹੋਰ-ਈ ਜਬ੍ਹਲੀਆਂ ਮਾਰਦੇ ਰਹੇ। ਆਹ ਤੇਰੇ ਆਲੀ ਤੀਵੀਂ ਤੋਂ ਗੱਲ ਯਾਦ ਆ-ਗੀ, ਆਪਣੀ ਕੁਸ਼ ਲੱਗੀ ਸਿਰੇ ਕਹਾਣੀ ?

ਰੌਣੀ : ਕਹਾਣੀ ਸਿਰੇ ਲੱਗਣ ਨੂੰ ਗੋਧੀ-ਕੇ ਬੋਹੜ 'ਚ ਅੜਕੀ ਹੋਈਐ ? ਪਰ ਤੂੰ ਕੰਨ੍ਹਾ ਵੀ ਲਾਵੇਂ ਚੱਜ ਨਾਲ ਬੰਦਿਆਂ ਆਂਗੂ ?

ਲੱਛਾ : ਕੰਨ੍ਹਾ ਲਾਉਣ ਨੂੰ ਯਾਰ ਮੈਂ ਤੈਨੂੰ ਨਾਂਹ ਕਿੱਦੈਂ ਕੀਤੀ ਸੀ ? ਗੱਲ ਦਾ ਕੋਈ ਲੱਲਾ ਨਾ ਭੱਭਾ, ਮੈਂ ਕੰਨ੍ਹਾ ਲਾ ਕੇ ਕਾਵਾਂ ਗੁਟਾਰਾਂ ਤੋਂ ਐਵੇਂ ਠੂੰਗਾਂ ਮਰਵਾਉਂਦਾ ਫਿਰਾਂ ? ਤੈਂ ਤਾਂ ਉਹ ਗੱਲ ਕਰ -ਤੀ ਅਖੇ 'ਕਣਕ ਖੇਤ, ਕੁੜੀ ਪੇਟ, ਆ ਜਮਾਈਆ ਮੰਡੇ ਖਾ!

ਰੌਣੀ : ਕੁੜੀ ਜਮਾਂ ਕੁੜੀ ਆਲਿਆ ਦੇ ਘਰ ਬੈਠੀ ਐ, ਥੰਮ੍ਹੀ ਜਿੱਡੀ ਲੰਮੀ, ਸਾਬਤ ਦੀ ਸਾਬਤ ਬਾਕੀ ਭਾਈ ਕਣਕ ਦਾ ਬੰਦੋਬਸਤ ਤਾਂ ਤੈਂ ਆਪ ਕਰਨੈ। ਕੁੜੀ ਆਲ੍ਹੇ ਤਾਂ ਕਰਨੋਂ ਰਹੇ !?

ਲੱਛਾ : ਉਹ ਤਾਂ, ਜਿਵੇਂ ਕਹਿੰਦੇ ਹੁੰਦੇ ਐ, ਤੇਰੀ ਗੱਲ ਸੱਤ ਐ। ਪਰ ਯਾਰ ਮੈਂ ਡਰਦੈਂ ਕਿਤੇ ਠੱਗੀ ਨਾ ਵੱਜ- ਜੇ ! ਤੇਰੇ ਆਲੀ ਆਂਗੂ ਲਵਾ ਕੇ ਰੁਪਈਆਂ ਦੀ ਪੰਡ, ਜੇ ਤਿੱਤਰ ਹੋਗੀ, ਤਾਂ ਕੀਹਦੀ ਮਾਂ ਨੂੰ ਮਾਸੀ ਕਹਾਂਗੇ ?

ਰੌਣੀ : ਨਈਂ ਮੇਰੇ ਆਲੀ ਦੀ ਗੱਲ ਹੋਰ ਸੀ ।ਉਹ ਤੀਵੀਂ ਨੀਂ ਸੀ ਮਾੜੀ। ਉਹ ਤਾਂ ਨਧਾਨੇ ਕੇ ਲਾਣੇ.....

ਲੱਛਾ : ਮੈਂ ਹੋਰ ਵੀ ਸੁਣਿਐਂ ?

ਰੌਣੀ : ਕੀ ? ਕੀ ਸੁਣਿਐਂ ?

ਲੱਛਾ : ਅਖੇ, 'ਉਹ ਅੱਗੇ ਵੀ ਦੋ ਵਾਰ ਵਿਆਹ ਕੇ ਘਰੇਂ ਬਠਾਈ ਬੈਠੇ ਐ ?

ਰੌਣੀ : ਤੈਂ ਯਾਰ ਅੰਬ ਖਾਣੈ ਐਂ ਕਿ ਦਰੱਖਤ ਗਿਣਨੇ ਐਂ ? ਭਾਵੇਂ ਲੱਖ ਬਠਾਈਂ ਬੈਠੇ ਐ। ਹੁਣ ਅਗਲਿਆਂ ਨੇ ਮੇਰੇ 'ਤੇ ਗੱਲ ਸਿੱਟੀ ਐ ਬਈ ਪੰਜ ਕਰ ਪੰਜਾਹ ਕਰ ਸਾਨੂੰ ਤੇਰੇ 'ਤੇ ਵਸਵਾਸ ਐ!

ਲੱਛਾ : : ਏਹੋ ਜੇਹੇ ਦਿਆਂ ਦਾ ਕਾਹਦਾ ਵਸਵਾਸ ਹੁੰਦੈ ਰੌਣੀ ! ਜਦੋਂ ਉਹ ਦੋ ਵਾਰ ਪਹਿਲਾਂ ਪੈਸੇ ਲੈ ਕੇ ਘਰ ਬਠਾਈਂ ਬੈਠੇ ਐ, ਤਾਂ ਤੀਜੀ ਵਾਰੀ ਕਿਵੇਂ ਨੀਂ ਬਠਾਉਣਗੇ ?

ਰੌਣੀ : ਮੈਂ ਦੱਸਾਂ ਹੁਣ, ਕਿਵੇਂ ਨੀ ਬਠਾਉਣਗੇ ? ਕੁੜੀ ਨੇ ਖੁਦ ਅਵਦੇ ਬਾਪ ਨੂੰ ਸਿਰੇ ਦੀ ਸਣਾ-ਤੀ, ਬਈ ਲਾਉਣੈ ਤਾਂ ਲਾ ਦੇ ਇਕ ਮਰਦ ਦੇ ਲੜ ਨਹੀਂ ਤਾਂ ਮੈਂ ਏਥੇ ਈ ਭਰਾ-ਭਰਜਾਈ ਦਾ ਗੋਹਾ-ਕੂੜਾ ਕਰਕੇ ਨਿਰਵਾਹ ਕਰ-ਲੂੰ !ਐਂਇੰ ਨੀ ਸਰਦਾਰ ਜੀ ਉਹ ਬਠਾਉਂਦੇ ਹੁਣ ਤੀਜੀ ਵਾਰੀ ਘਰੇਂ ? ਹੋਰ ਦੱਸ ?

ਲੱਛਾ : ਹੁਣ ਤਾਂ ਉਮਰ ਦੀ ਵੀ ਵੱਡੀ ਹੋ ਗਈ ਹੋਊ ਰੌਣੀ ਕਿ ਨਈਂ ?

ਰੌਣੀ : ਉਮਰ ਨੂੰ ਤੇਰੇ ਤਾਂ ਮੈਂ, ਨੀ ਕਹਿੰਦਾ, ਅੱਜੇ ਮੁੱਛਾਂ ਫੁਟਦੀਆਂ ਹੋਣਗੀਆਂ ? ਗੱਲਾਂ ਦੇਖੋ ਉਇ ਲੋਕੋ ਇਹ ਕਿਹੋ ਜੀਆਂ ਕਰਦੈ ? ਚਾਲੀਆਂ ਨੂੰ ਟੱਪ ਚੱਲਿਐ, ਉਮਰ ਉਲਟਾ ਉਹਦੀ ਪੁਛਦੈ ? ਹੋਰ ਤਾਂ, ਮੈਂ ਨੀਂ ਕਹਿੰਦਾ, ਕੋਈ ਬਾਰਾਂ ਵਰਸਾਂ ਦੀ ਕੰਨਿਆ ਲਾਊ ਲੜ ਤੇਰੇ ਜੂੰਆਂ ਦੀ ਖਾਧ ਦੇ ? ...ਤੂੰ ਐਨਾ ਈ ਸ਼ੁਕਰ ਕਰ ਰੱਬ ਦਾ ਬਈ ਤੈਨੂੰ ਟੁੱਟੀ-ਭੱਜੀ ਤੀਵੀਂ ਜੁੜ-ਜੇ ?

ਲੱਛਾ : (ਕੱਚਾ ਜਿਹਾ ਹੁੰਦਾ ਹੋਇਆ) ਜੇ ਪੰਜਾਹ ਸਾਲ ਦੀ ਬੌਡੀ ਮਾਰੀ ਮੱਥੇ, ਉਹਦਾ ਦੱਸ ਕੀ ਮੈਂ ਚਾਰ ਪਾਊਂ ?

ਰੌਣੀ : ਲੈ ਫੇਰ ਇਹ ਵੀ ਸੁਣ ਲੈ ! ਕੱਲ੍ਹ ਨੂੰ ਮੈਨੂੰ 'ਲਾਂਭਾ ਦਿੰਦਾ ਫਿਰੇਂਗਾ ! ਉਮਰ 'ਚ ਅਜੇ ਤੀਹਾਂ ਤੋਂ ਟੱਪੀ ਨੀਂ। ਰੰਗ ਜ਼ਰੂਰ ਥੋੜ੍ਹਾ-ਜਿਹਾ ਪੱਕੈ। ਊਂ ਸਰੀਰ ਦੀ ਬੋਤਲ ਆਗੂ ਗੁੰਦਵੀਂ ਐਂ। ਅੱਖਾਂ ਆਪਣੇ ਪਿੰਡ ਆਲੀ ਮੂਰਤੀ



ਬਾਹਮਣੀ ਆਂਗੂੰ ਦਗਦੀ ਐਂ! ਹੋਰ ਪੁਛਣੈਂ ਕੁਸ਼ ?

ਲੱਛਾ : ਗੱਲਾਂ 'ਚ ਤਾਂ ਤੂੰ ਭੁੱਟੋ ਨੂੰ ਮਾਤ ਪਾਊਨੈਂ ! ਬੜਾ ਪੀਰ ਐਂ ! ਗੱਲਾਂ ਮਾਰ ਮਾਰ ਈ ਮੇਰੇ ਅਰਗੇ ਸਾਧੂ ਬੰਦੇ ਦੇ ਮਨ ਅੰਦਰ ਤੀਵੀਂ ਦਾ ਲੋਭ ਜਗਾ-ਤਾ ਕਿ ?

ਰੌਣੀ : ਬੱਲੇ ਓਇ ਬਾਲ ਨਾਥਾ ! ਮੰਨਗੇ ਤੈਨੂੰ ਵੀ! ਜੇ ਐਡਾ ਈ ਬਰਹਮਚਾਰੀ ਸੀ ਤਾਂ ਪਿਛਲੇ ਸਾਲ ਸੂਫੋ ਘਮਿਆਰੀ ਮਗਰ ਕਿਉਂ ਫਿਰਦਾ ਸੀ ਲਾਲਾਂ ਸਿੱਟੀ ਸਾਡੇ ਆਲਾ ਛੋਟਾ ਭਾਈ ? ਸਿੱਧਾ ਹੋ ਵੀਰ ਮੇਰਿਆ, ਸਿੱਧਾ! ਦੂਜਿਆਂ ਦੀ ਖੁਰਲੀ 'ਚ ਮੂੰਹ ਮਾਰਨ ਨਾਲੋਂ ਅਵਦਾ ਈ ਕੋਈ ਬੰਨ੍ਹ-ਸੁੱਬ ਕਰ !

ਲੱਛਾ : ਸੱਚੀਂ ਰੌਣੀ, ਤੂੰ ਆਖੇਂਗਾ ਤਾਂ ਕੀ ਆਖਦੈ, ਜਿੱਦੇ ਦੀ ਤੈਂ ਤੀਵੀਂ ਦਵਾਉਣ ਦੀ ਗੱਲ ਕੀਤੀ ਐ, ਮਨ ਉਖੜਿਆ ਉਖੜਿਆ-ਜਿਆ ਰਹਿੰਦੈ ਮੇਰੇ ਸਾਲੇ ਦਾ। ਰੋਜ਼ ਕੋਈ ਨਾ ਕੋਈ ਸੁਫਨਾ ਤੀਵੀਂ ਦਾ ਜ਼ਰੂਰ ਆਉਂਦੈਂ।

ਰੌਣੀ : ਭੁੱਖ ? ਜਿਹੜੀ ਐਨੀ ਉਮਰ ਤੀਵੀਂ ਬਿਨਾਂ ਰੋਹੀ ਦੀ ਕਿੱਕਰ ਆਂਗੂ ਕਲਾਪੇ 'ਚ ਕੱਟੀਐ, ਉਸ ਭੁੱਖ ਨੇ ਵੀ ਤਾਂ ਅਵਦਾ ਰੰਗ ਵਖਾਉਣਾ ਈ ਹੋਇਆ ?

ਲੱਛਾ : ਲੈ ਤੈਨੂੰ ਅੱਜ ਦੁਪੈਰ੍ਹੇ ਦੀ ਗੱਲ ਸੁਣਾਉਨੈਂ। ਮੈਂ ਐਸੇ ਬੈਠਕ 'ਚ ਪਿਆ ਸੀ ਸੁੱਤਾ। ਜਾਣੀਂਦੀ ਮੈਂ ਆਪਣੇ ਪਿੰਡ ਆਲੀ ਢਾਬ 'ਚ ਨ੍ਹਾਈ ਜਾਨੈਂ ਅਲਫ ਨੰਗਾ। ਮੇਰੇ ਪੈਰਾਂ ਨਾਲ ਕੂਲੀ ਕਲੀ ਜੀ ਸ਼ੈਅ ਰੜਕੀ ! ਮੈਂ ਲਾ ਕੇ ਬਾਹਾਂ ਦਾ ਜ਼ੋਰ ਜਦ ਬਾਹਰ ਕਢੀ ਤਾਂ ਸਾਲਮ ਦੀ ਸਾਲਮ ਤੀਵੀਂ ਮੇਰੀਆਂ ਬਾਹਾਂ 'ਚ...

ਰੌਣੀ : ਕਿਤੇ ਸੂਫੋ ਘਮਿਆਰੀ ਤਾਂ ਨੀਂ ਸੀ ਅਵਦੀ ਨਿੱਕੀ ਦੀ ਕੁਸ਼ ਲਗਦੀ ?

ਲੱਛਾ : ਹਾਸੀ ਆਲੀ ਗੱਲ ਨੀਂ ਰੌਣੀ ! ਐਡੇ ਚੰਦਰੇ ਸੁਫਨੇ ?

ਰੌਣੀ : ਸੁਫਨੇ ਕਾਹਨੂੰ ਚੰਦਰੇ ਐ ਲਛਮਣ ਸਿਆਂ, ਚੰਦਰੇ ਤਾਂ ਆਪਣੇ ਕਰਮ ਐ ਛੋਟੇ ਭਾਈ ਜਿਹੜੇ ਮਾੜੇ ਘਰਾਂ 'ਚ ਜਰਮ ਲੈ ਬੈਠੇ ! ਹੁਣ ਤੂੰ ਹੀ ਜੇ ਮਲਾਇਆ ਆਲੇ ਮੋਤਾ ਸਿਉਂ ਦੇ ਘਰ ਜੰਮਿਆ ਹੁੰਦਾ ਇਹੋ ਸੁਫਨੇ ਵੇਖ ਲੈਂਦਾ ਸੱਚੇ ਬਣਦੇ ! ਭਲਿਆ ਲੋਕਾ, ਰੱਬ ਨੇ ਜੇ ਆਦਮ

ਤੇ ਹੱਵਾ ਬਣਾਏ ਐ ਤਾਂ ਕੁਸ਼ ਸੋਚ ਸਮਝ ਕੇ ਈ ਬਣਾਏ ਐ ? ਜੱਗ 'ਚ ਸੀਰ ਪਾਉਣ ਦਾ ਬੂਟਾ ਇਹਦੀ ਕੁੱਖ 'ਚ ਲਗਦੈ ਲਛਮਣ ਸਿਆਂ ? ਫੇਰ ਜੇ ਇਹਦਾ ਤੈਨੂੰ ਸੁਫਨਾ ਆ ਗਿਆ ਕੋਈ ਗੁਨਾਹ ਤਾਂ ਨੀਂ ਹੋ ਗਿਆ ਵੀਰ ਮੇਰਿਆ ?

ਲੱਛਾ : ਉਹ ਤਾਂ ਜਿਵੇਂ ਕਹਿੰਦੇ ਹੁੰਦੇ ਐ ਤੇਰੀ ਗੱਲ ਝੂਠ ਨੀ, ਪਰ ਐਂਇੰ ਸੋਚੀਂਦੈ ਬਈ ਅੱਧੀ ਤਾਂ, ਤੂੰ ਸਮਝ ਲੈ, ਨੰਘਗੀ; ਅੱਧੀ ਔਖੇ ਸੌਖੇ ਹੋਰ ਨੰਘਾਲਾਂ ਗੇ।...... . ਨਾਲੇ ਛੋਟੇ ਭਾਈ ਨਾਲ ਫਿੱਕ ਪਊ ਕਾਹਦੇ ਪਿਛੇ ਜੱਗ ਤੋਂ ਬਦਨਾਮੀ ਖੱਟੀਏ ?

ਰੌਣੀ : ਜੱਗ ਦੀ ਕਾਹਦੀ ਬਦਨਾਮੀ ਬਾਈ ਲਛਮਣ ਸਿਆਂ ? ਜੱਗ ਸਾਡੇ ਬੂਹੇ 'ਤੇ ਅਵਦੀਆਂ ਕੁਆਰੀਆਂ ਦੇ ਡੋਲੇ ਲਈ ਖੜਾ ਸੀ ਬਈ ਹੁਣ ਬਦਨਾਮੀ ਕਰੂ ?......ਬਾਕੀ ਭਾਈ ਆਲੀ ਗੱਲ ਤਾਂ ਥੋਡਾ ਘਰ ਦਾ ਮਾਮਲੈ ! ਇਹਦੇ 'ਚ ਤਾਂ ਦਖਲ ਦਿੰਦਾ ਮੈਂ ਚੰਗਾ ਨੀਂ ਲਗਦਾ। ਹਾਂ ਜੇ ਤੀਵੀਂ ਲਿਆਂਦੀ ਤਾਂ ਅੱਡ ਤਾਂ ਹੋਣਾ ਪਊ। ਇਹ ਤਾਂ ਕੁੜੀ ਆਲ੍ਹਿਆਂ ਦੀ ਸ਼ਰਤ ਐ ਬਈ ਜੇ ਘਰ-ਜਮੀਨ ਵੰਡਾਊ ਤਾਂ ਤੋਰਾਂਗੇ ਅਸੀਂ ਅਵਦੀ ਧੀ।.... ਊਂ ਯਾਰ, ਮੈਂ ਇੱਕ ਗੱਲ ਕਹਿੰਨੈਂ। ਮੰਨੇਗਾ ਤਾਂ ਗੁੱਸਾ ਈ। ਬਈ ਭਰਜਾਈ ਤਾਂ ਤੇਰੀ ਤੇਰੇ ਪਰਛਾਵੇਂ ਤੋਂ ਤ੍ਰਹੰਦੀਐ, ਫੇਰ ਤੂੰ ਕਾਹਦੇ ਪਿੱਛੇ ਉਹਨਾਂ ਦਾ ਗੋਹਾ-ਕੂੜਾ ਕਰਦਾ ਫਿਰੇਂ ? ਪਹਿਲਾਂ ਊਂ ਜਿੰਨਾ ਚਿਰ ਬਗਾਨੇ ਪੁੱਤਾਂ ਦਾ ਚੌਕੀਦਾਰਾ ਕਰਦਾ ਰਿਹਾ, ਸਭ ਇਹਨਾਂ ਦੀ ਝੋਲੀ ਪਾਉਂਦਾ ਰਿਹਾ। ਜ਼ਮੀਨ ਜੈਦਾਤ ਆਲੈਂ, ਬੰਦੇ ਨੂੰ ਕੁਸ਼ ਅਵਦੀ ਕਦਰ ਪਵਾਉਣੀ ਚਾਹੀਦੀ... (ਸਾਹਮਣੇ ਕਿਸੇ ਨੂੰ ਆਉਂਦੇ ਵੇਖ ਕੇ ਰੁਕ ਜਾਂਦਾ ਹੈ......) ਲੈ ਤੇਰੇ ਆਲੀ ਭਰਜਾਈ ਸੀਤ ਕੁਰ ਆਉਂਦੀ ਐ। ਮੈਂ ਚਲਦੈਂ। ਮੈਂ ਤਾਂ ਰੋਟੀਆਂ ਵੀ ਥਪਣੀਐਂ ਅਜੇ। ਤੂੰ ਹੋਰ ਕਰ ਲੈ ਮਨ ਨਾਲ ਸਲਾਹ ਮਸਵਰਾ। ਜੇ ਮਨ ਬਣੇਂ ਤਾਂ ਦੱਸਦੀਂ ਇਕ ਦੋ ਦਿਨਾਂ ਤੱਕ ਕੋਈ ਕਾਹਲੀ ਨੀਂ।

(ਚਲਿਆ ਜਾਂਦਾ ਹੈ। ਥੋੜ੍ਹੇ ਚਿਰ ਪਿੱਛੋਂ ਬਾਲਟੀ ਲਈਂ



ਸੀਤੋ ਆਉਂਦੀ ਹੈ। ਉਹ ਜਾਂਦੇ ਰੌਣੀ ਨੂੰ ਵੇਖ ਲੈਂਦੀ ਹੈ।)

ਸੀਤੋ : (ਰੌਣੀ ਵਾਲੇ ਪਾਸੇ ਅੱਖਾਂ ਗੱਡ ਕੇ ਚੋਭ ਭਰੇ ਲਹਿਜ਼ੇ ਵਿੱਚ) ਕਿਵੇਂ ਕਈ ਦਿਨਾਂ ਦਾ ਰੌਣੀ ਬਾਹਲ਼ੇ-ਈ ਗੇੜੇ ਮਾਰਦੈ ਲਾਭੇ ਦੇ ਤਾਇਆ, ਖੈਰ ਐ ?

ਲੱਛਾ : (ਚੋਭ ਮਹਿਸੂਸ ਕਰਦਾ ਹੋਇਆ) ਕਿਉਂ ਬੁਰਾ ਲਗਦੈ ਰੌਣੀ ਗੇੜੇ ਮਾਰਦਾ ? ਹੁਣ ਮੇਰੇ ਕੋਲ ਆਉਂਦੇ ਜਾਂਦੇ ਬੰਦੇ ਵੀ ਨੀਂ ਝੱਲੀਂ-ਦੇ। ਮੈਂ ਲਗਦਾ ਨੀਂ ਕੁਸ਼ ਇਸ ਘਰ ਦਾ ?

ਸੀਤੋ : ਤੂੰ ਤਾਂ ਸਿੱਧੀ ਨੂੰ ਵੀ ਪੁੱਠੀ ਪਾ ਲੈਨੈਂ ! ਮੈਂ ਤੈਨੂੰ ਕਿਹੈ ਬਈ ਤੂੰ ਲਗਦਾ ਨੀਂ ਕੁਸ਼ ਇਸ ਘਰ ਦਾ ?

ਲੱਛਾ : ਫੇਰ ਰੌਣੀ ਦੇ ਗੇੜੇ ਕਿਉਂ ਪਰਖੀਂ- ਦੇ ਐ ?

ਸੀਤੋ : ਚੰਗਾ ਐਂਵੇ ਨਾ ਝੱਜੂ ਪਾ ਕੇ ਬਹਿ-ਜੀਂ ! ਜੇ ਸਬੈਕੀ ਪੁੱਛ ਲਿਆ ਤਾਂ ਲੋਹੜਾ ਤਾਂ ਨੀਂ ਆ ਗਿਆ ?

ਲੱਛਾ : (ਜਿਵੇਂ ਲੜਨਾ ਹੀ ਚਾਹੁੰਦਾ ਹੋਵੇ) ਝੱਜੂ ਤਾਂ ਮੈਂ ਆਪੇ-ਈ ਪਾਉਣਾ ਸੀ, ਸੀਲ ਗਊ ਥਿਆ ਗਿਆ ਨਾ ਮੈਂ ਥੋਨੂੰ ਦੋਆਂ ਜੀਆਂ ਨੂੰ...

ਸੀਤੋ : ਤੈਨੂੰ ਤਾਂ ਬਸ ਲੜਨ ਦਾ ਬਹਾਨਾ ਚਾਹੀਦੈ ਕੋਈ ਨਾ ਕੋਈ ! ਗੱਲ ਕਿਤੇ ਦੀ ਹੁੰਦੀਐ, ਲੈ ਆਉਨੈਂ ਮੋੜ ਘੋੜ ਕੇ ਲੜਾਈ ਆਲੀ ਥਾਂ 'ਤੇ !

ਲੱਛਾ : ਮੈਂ ਤਾਂ ਲਿਆਉਣੀ ਸੀ ਗੱਲ ਲੜਾਈ ਆਲੀ ਥਾਂ 'ਤੇ ? ਜੇ ਆਰਾਂ ਮਾਰੋਂਗੇ ਤਾਂ ਪੀੜ ਨੀ ਹੋਊ ਅਗਲੇ ਨੂੰ ?

ਸੀਤੋ : ਫੇਰ ਮੇਰੇ ਨਾਲ ਕਿਉਂ ਆਢਾ ਲਾਇਐ ! ਲੜਨੈਂ ਤਾਂ ਲੜ ਲੜਨ ਆਲੇ ਨਾਲ਼ ! ਮੈਨੂੰ ਵੱਧ-ਘੱਟ ਬੋਲਿਐਂ ਤਾਂ ਅਵਦਾ ਪੜ੍ਹਿਆ ਆਪ ਵਚਾਰ ਲੀਂ!

ਲੱਛਾ : ਆਵਦਾ ਪੜ੍ਹਿਆ ਤਾਂ ਜੋ ਮੈਂ ਵਚਾਰਨਾ ਸੀ ਵਚਾਰ ਲਿਆ ! ਮੈਂ ਤਾਂ ਸੋਚਦਾ ਸੀ 'ਚਲੋ ਜਾਣ ਦਿਓ, ਜਾਣ ਦਿਓ !' ਪਰ ਲਗਦੈ ਤੁਸੀਂ ਹਟਦੇ ਨੀਂ ਪੰਜੀ ਦਾ ਭਉਣ ਵੇਖੇਂ ਬਿਨਾਂ ?

ਸੀਤੋ : ਮੈਨੂੰ ਸਭ ਚਾਨਣ ਐਂ ਜਿਹੜੀ ਤੇਰੇ ਢਿੱਡ 'ਚ ਬੇਈਮਾਨੀ ਐਂ! ਜਿਹੜੀਆਂ ਤੇਰੇ ਢਿੱਡ 'ਚ ਐ, ਉਹ ਮੇਰੇ ਨਹੁੰਆਂ 'ਚ ਐ। ਮੈਂ ਕਮਲੀ ਨੀਂ ਤੁਰੀ ਫਿਰਦੀ ? ਪਰ ਜਿਹੜੀ

ਤੂੰ ਚਾਹੁੰਨੈਂ, ਹੋਣ ਮੈਂ ਵੀ ਨੀਂ ਦਿੰਦੀ ! ਮੈਂ ਵੀ ਜਨਕਪੁਰੀਏ ਗਿਆਨੀ ਜਨਕ ਸੂੰ ਦੀ ਧੀ ਐਂ, ਭੰਬੂ-ਤਾਰੇ ਨਾ ਵਖਾ-ਤੇ ਮੈਨੂੰ ਜੱਗ ਨੇ ਸੀਤੋ ਨੀ ਕਹਿਣਾ !

ਲੱਛਾ : ਜਨਕਪੁਰੀਏ ਗਿਆਨੀ ਜਨਕ ਸਿਉਂ ਦੀ ਧੀ ਐ ਇਹ ਪਟਿਆਲੇ ਆਲ਼ੀ ਰਾਣੀ ! ਜਨਕ ਸੂੰ ਨੇ ਤਾਂ ਫੇਰ ਪੁੰਨ ਦੀ ਵਿਆਹੀ ਹੋਵੇਂਗੀ ? ਰੁਪਈਆਂ ਲਈ ਝੋਲੀ ਕਿਉਂ ਅੱਡੀਂ ਖੜ੍ਹਾ ਸੀ ਉਦੋਂ ਜਨਕ ਸੂੰ ?

ਸੀਤੋ : ਕਪੜਿਓਂ ਬਾਹਰ ਹੁੰਦੀ ਹੋਈ ਹੋਰ ਥੋਨੂੰ ਨੰਗਾਂ ਨੂੰ ਘੋੜੀ ਜੋੜੀ ਦਿੰਦਾ ? ਸੰਗ ਮੰਨੋ ਕੁਸ਼ ਸੰਗ ! ਓਦੋਂ ਤਾਂ ਵਚੋਲਿਆਂ ਦੇ ਪੈਰੀਂ ਪੱਗ ਧਰਦੇ ਫਿਰਦੇ ਸੀ।

ਲੱਛਾ : ਪੈਰੀਂ ਪੱਗਾਂ ਧਰਨ ਵਾਲਾ ਧਰਦਾ ਹੋਊ ਪੈਰੀਂ ਪੱਗ ! ਮੈਨੂੰ, ਮੇਰੇ ਮੂੰਹ 'ਚੋਂ ਕੁਸ਼ ਹੋਰ ਨਿਕਲਦਾ ਸੀ, ਕੀ ਲੋੜ ਸੀ ਪੈਰੀਂ ਪੱਗ ਧਰਨ ਦੀ ! ?

ਸੀਤੋ : ਮੂਹਰੇ ਤਾਂ ਤੂੰ-ਹੀ ਫਿਰਦਾ ਸੀ ਪੂਛ ਚੱਕੀਂ ! ਅਖੇ 'ਕਿਵੇਂ ਕਰ ਨੰਜਨਾ ! ਮੈਂ ਤਾਂ ਬੱਜੋ-ਬੱਤੈਂ, ਮੈਨੂੰ ਤਾਂ ਕਿਸੇ ਨੇ ਧੀ ਦੇਣੀ ਨੀ; ਮੇਰੇ ਛੋਟੇ ਭਾਈ ਨੂੰ ਕਰਾ ਸਾਕ !

ਲੱਛਾ : ਫੇਰ ਮੈਂ ਮਾੜਾ ਕਰ-ਤਾ ਕੋਈ ? ਅਵਦਾ ਅੱਗਾ ਮਾਰ ਕੇ ਤੇਰੇ ਖਸਮ ਦਾ ਈ ਸਵਾਰਿਆ ਸੀ ਕੁਸ਼ ?

ਸੀਤੋ : ਮੇਰੇ 'ਤੇ ਵੀ ਫੇਰ ਕੀ 'ਸਾਨ ਐ ? 'ਸਾਨ ਹੋਊ, ਸਰਦਾਰ ਜੀ ਤਾਂ ਹੋਊ ਤੇਰੇ ਭਾਈ ਨੂੰ ! ਮੈਨੂੰ ਤਾਂ ਮੇਰੇ ਪਿਉ ਨੇ ਰਾਮ ਦੇ ਲੜ ਲਾਇਐ, ਰਾਮ ਦੀ ਬਣ ਕੇ ਰਹੂੰ ! ਤੂੰ ਮੇਰਾ ਕੁਸ਼ ਨੀ ਲਗਦਾ ! ਮੇਰਾ ਤਾਂ ਸਰੀਕ ਐਂ ਤੂੰ ! ਮੈਂ ਨੀਂ ਤੇਰੀ ਧੌਂਸ ਝਲਦੀ ! ਮੈਨੂੰ ਮੰਦਾ-ਚੰਗਾ ਬੋਲਿਐਂ ਮੈਂ ਤਾਂ ਪਾੜ ਕੇ ਵਚਾਲਿਉਂ ਦੋ ਕਰ ਦੂੰ ! ਸਮਝਿਆ ਮੇਰੀ ਗੱਲ ?

ਲੱਛਾ : (ਗੁੱਸੇ ਵਿੱਚ ਖੜ੍ਹਾ ਹੁੰਦਾ) ਲੈ ਫੇਰ ਮੇਰੀ ਵੀ ਸੁਣ ਲੈ ਰਾਜੇ ਜਨਕ ਦੀਏ ਧੀਏ ! ਕੁੱਤਾ ਬਣ ਕੇ ਮੈਂ ਵੀ ਨੀਂ ਰਹਿਣਾ ਏਸ ਘਰ 'ਚ ! ਕਹਿ ਦੀਂ ਨਾਲੇ ਉਸਨੂੰ ਜੀਹਦੇ ਤੂੰ ਲੜ ਲਾਈ ਐਂ ਤੇਰੇ ਨਗੌਰੀ ਬਾਪ ਨੇ ! (ਜਾਂਦਾ ਜਾਂਦਾ) ਮੈਂ ਵੀ ਨਿੱਤ ਨਿੱਤ ਦੇ ਕੁੱਤੀ-ਚੀਕੇ ਤੋਂ ਤੰਗ ਆਇਆ ਪਿਐਂ !
(ਚਲਿਆ ਜਾਂਦਾ ਹੈ।)

ਸੀਤੋ : (ਜਾਂਦੇ ਨੂੰ ਸੁਣਾਉਂਦੀ ਹੋਈ) ਮਖਾਂ ਤੂੰ ਪੈਰ ਤਾਂ ਪਵਾ ਕੇ



ਵਖਾਈਂ ਘਰ 'ਚ ਉਸ ਭਾਈਆਂ-ਮਿੱਟੀ ਸੂਫਨਕਾ ਦਾ, ਜਿਹਦੇ ਸਿਰ 'ਤੇ ਨਿੱਤ ਕੰਜਰਖਾਨਾ ਕਰ ਕੇ ਬਹਿ ਜਾਨੈਂ ! ਸਣੇ ਹੱਡੀਆਂ ਨਾ ਚੱਬ-ਜਾਂ ਮੇਰੇ ਪਿਉ ਦੀ ਰੰਨ ਨੂੰ !

ਲੱਛਾ : (ਬਾਹਰੋਂ ਹੀ ਚੁਣੌਤੀ ਭਰੇ ਲਹਿਜ਼ੇ ਵਿੱਚ) ਮਖਾਂ ਜਮਾਂ ਹਿੱਕ 'ਤੇ ਦੀਵਾ ਬਾਲੂੰ ਹਿੱਕ ਤੇ ! ਤੂੰ ਧੀਰਜ ਕਰ ਕੁਸ਼ ਦਿਨ ! ਸਾਰਾ ਜੋਧਪੁਰ ਦੇਖੂ ਕੀ ਰਾਮ ਲੀਲ੍ਹਾ ਹੁੰਦੀਐ !

ਸੀਤੋ : ਆਪਣੇ ਆਪ ਨਾਲ ਹਿੱਕ 'ਤੇ ਦੀਵਾ ਬਾਲੂ ਇਹ ਮੰਦਰਾਂ ਆਲਾ ਦਸੌਂਧਾ ! ਕਿਥੇ ਕੰਜਰ ਜੱਟ ਨੇ ਬਸ਼ਰਮੀ ਤੇ ਲੱਕ ਬੰਨ੍ਹਿਐ ! ਸੰਗ ਨਾ ਸ਼ਰਮ ! ਅਖੇ,'ਜੀਹਦੀ ਲਹਿ-ਗੀ ਲੋਈ, ਉਹਦਾ ਕੀ ਕਰੂਗਾ ਕੋਈ !'
(ਝਲਾਨੀ 'ਚ ਚਲੀ ਜਾਂਦੀ ਹੈ। ਉਧਰੋਂ ਰਾਮ ਆਉਂਦਾ ਹੈ। ਉਸਦੇ ਹੱਥ ਵਿਚ ਕਹੀ ਹੈ। ਇਕ ਹੱਥ ਗਾਜਰਾਂ ਵੀ ਹਨ।)

ਰਾਮ : (ਸੀਤੋ ਨੂੰ ਬਾਹਰ ਆਉਂਦਾ ਵੇਖ ਕੇ) ਲੈ ਬਈ ਸੀਤ ਕੁਰੇ, ਪਾਣੀ ਲਾਉਣ ਆਲੇ ਤਾਂ ਕੜਿੱਲ ਕੱਢ 'ਤੇ। ਉਧਰੋਂ ਨਾਲ਼ ਛੱਡ-ਤੀ, ਉਧਰੋਂ ਨਾਲ ਛੱਡ-'ਤਾ ਬੋਰ। ਨਾਲੇ ਮਿਰਚਾਂ, ਨਾਲੇ ਇੱਖ, ਅਹੁ ਮਾਰੇ ਪਰਾਂਹ ਰਮਾਂ ਕੇ। ਲਿਆ ਜੇ ਰੋਟੀ ਤਿਆਰ ਐ, ਉਹਦੇ ਆਲਾ ਵੀ ਕਰਾਂ ਇੱਕ ਪਾਸਾ। ਫੇਰ ਈ ਜਾਉਂ ਚੋਣੀਆਂ ਨੂੰ ਕਹਿਣ।

ਸੀਤੋ : (ਖਿਝੇ ਲਹਿਜੇ ਵਿੱਚ) ਹਾਲੇ ਕਿਥੋਂ ਲਾਹ ਲੇ ਮੰਨ ? ਅਜੇ ਹੁਣ ਤਾਂ ਸੰਨ੍ਹੀ ਰਲ਼ਾ ਕੇ ਆਈ-ਐਂ ਬਾਹਰਲੇ ਘਰੋਂ ?

ਰਾਮ : (ਮਖ਼ੌਲ ਵਿਚ) ਐਂਇੰ ਕਿਉਂ ਟੀਟਣੇ ਮਾਰਦੀ ਐਂ ?

ਸੀਤੋ : (ਗੁੱਸੇ ਵਿਚ) ਅਜੇ ਟੀਟਣੇ ਮਾਰਾਂ ਈਂ ਨਾ ? ਅਹੁ ਜਿਹੜਾ ਘਰੋਂ ਭਰਿੰਡਾਂ ਦਾ ਛੱਤਾ ਲਾ ਰਖਿਐ, ਉਹ ਰਹਿਣ ਦਿੰਦੈ ਟੀਟਣੇ ਮਾਰੇ ਬਿਨ੍ਹਾਂ ?

ਰਾਮ : ਕਿਵੇਂ ਅੱਜ ਫੇਰ ਛੇੜ ਲਿਆ ਸੀ ਭਰਿੰਡਾਂ ਦਾ ਛੱਤਾ ? ਲੜੀ ਤਾਂ ਲੱਗਦੀ ਐ-ਕੋਈ ਭਰਿੰਡ ?

ਸੀਤੋ : ਮੈਂ ਜੁੱਤੀਆਂ ਮਾਰ ਕੇ ਸੁਰਤ ਨਾ ਟਿਕਾਣੇ ਲਿਆ-ਦੂੰ ! ਮੇਰੇ ਲੜ-ਜੂ ਭਰਿੰਡ ?

ਰਾਮ : ਫੇਰ ਤੜਿੰਗ ਕਿਹੜੀ ਗੱਲੋਂ ਹੋਈਐ ਮੇਰੀ ਸੀਤਾ ? ਨਾ ਸੱਚੀਂ, ਹੋ ਗਿਆ ਸੀ ਖੜਕਾ- ਦੜਕਾ ?

ਸੀਤੋ : ਖੜਕਾ- ਦੜਕਾ ਮੈਂ ਕਰਦੀਐਂ ਕਿ ਉਹ ? ਮੈਂ ਬੁਲਾਵਾਂ

ਨਾ ਚਲਾਵਾਂ ਨਾ ਉਹਨੂੰ ਸੜੇਹਾਣ ਨੂੰ; ਫਿਰ ਕਿਉਂ ਨਿੱਤ ਕਲੇਸ਼ ਕਰਕੇ ਬਹਿ ਜਾਂਦੈ ?

ਰਾਮ : (ਸੰਕੇਤਕ ਸੁਰ ਵਿਚ ਮੁਸਕਰਾਉਂਦਾ ਹੋਇਆ) ਤੂੰ ਬੁਲਾ-ਚਲਾ ਲਿਆ ਕਰ ਉਹਨੂੰ ! ਆਪੇ ਹਟ -ਜੂ ਕਲੇਸ਼ ਕਰਨੋਂ।

ਸੀਤੋ : ਤੈਨੂੰ ਸ਼ਰਮ ਨੀਂ ਆਉਂਦੀ ਏਹੀ-ਜੀ ਗੱਲ ਮੂੰਹੋਂ ਕੱਢਦੇ ਨੂੰ ? ਮੈਂ ਲੜ ਤੇਰੇ ਲਾਈਐਂ ਮੇਰੇ ਬਾਪ ਨੇ ਕਿ ਉਹਦੇ ?

ਰਾਮ : ਉਇ ਜੱਟਾਂ ਦੇ ਕਾਹਦੇ ਲੜ ਹੁੰਦੇ ਐ ਸੀਤ ਕੁਰੇ। ਅਖੇ 'ਜੱਟ ਜੱਟਾਂ ਦੇ ਸਾਲੇ, ਵਿੱਚੇ ਘਾਲੇ-ਮਾਲੇ।'

ਸੀਤੋ : ਘਾਲਿਆ-ਮਾਲ਼ਿਆ ਦਾ ਤਾਂ ਮੈਨੂੰ ਪਤਾ ਨੀਂ! ਪਰ ਇੱਕ ਗੱਲ ਮੈਂ ਤੈਨੂੰ ਜਮਾਂ ਸਾਫ ਦੱਸ ਦਿਨੀਐਂ, ਮੈਂ ਇਸ ਜੱਟ ਨੂੰ ਆਵਦੇ ਮੰਜੇ ਦੀ ਬਾਹੀ 'ਤੇ ਨੀਂ ਬੈਠਣ ਦੇਣਾ ! ਸਮਝਿਆ ਮੇਰੀ ਗੱਲ ?

ਰਾਮ : (ਹਾਲੀ ਵੀ ਮਖੌਲ ਨਾਲ) ਕਿਉਂ ?

ਸੀਤੋ : ਬਸ ਤੈਨੂੰ ਦੱਸ-ਤਾ ਬਈ ਤੀਵੀਂ ਬਣ ਕੇ ਰਹੂੰ ਤਾਂ ਤੇਰੀ, ਨਹੀਂ ਤਾਂ ਸਾਧਨੀ ਬਣ-ਜੂੰ ?

ਰਾਮ : ਸਾਧਨੀ ਬਣ ਕੇ ਐਵੇਂ ਕਿਸੇ ਸਾਧ ਸੰਤ ਦੀ ਤਪੱਸਿਆ ਭੰਗ ਕਰਦੀ ਫਿਰੇਂਗੀ, ਏਦੂੰ ਤਾਂ ਘਰ-ਗ੍ਰਹਸਥ ਦੀ ਤਪੱਸਿਆ ਪਰਵਾਨ ਕਰ ਲੈ !

ਸੀਤੋ : ਇਹ ਤਪੱਸਿਐ, ਕੰਜਰਖਾਨਾ ?

ਰਾਮ : ਗ੍ਰਹਸਥੀ ਲਈ ਤੱਪਸਿਆ, ਸਾਧਾਂ-ਸੰਤਾਂ ਲਈ ਕੰਜਰਖਾਨਾ !

ਸੀਤੋ : ਮੈਂ ਰੱਜੀ-ਤਿਆਗ਼ੀ ਇਸ ਤਪੱਸਿਆ ਤੋਂ !

ਰਾਮ : (ਗੰਭੀਰ ਹੁੰਦਾ) ਲਗਦੈ ਤੂੰ ਜੁਆਕ ਭੁੱਖੇ ਮਾਰੇਂਗੀ !

ਸੀਤੋ : ਕਿਉਂ, ਮੈਂ ਕਿਉਂ ਮਾਰੂੰ ਜੁਆਕ ਭੁੱਖੇ ?

ਰਾਮ : ਅਵਦੀ ਬੇਅਕਲੀ ਕਰ ਕੇ !

ਸੀਤੋ : : ਮੇਰੀ ਬੇਅਕਲੀ ਕਰ ਕੇ ? ਅਵਦੇ ਧਰਮ ਨੂੰ ਕਾਇਮ ਰਖਣਾ ਬੇਅਕਲੀ ਲਗਦੈ ਤੈਨੂੰ ?

ਰਾਮ : ਬੇਅਕਲੀ ਨੀਂ ਤਾਂ ਹੋਰ ਕੀਐ ? ਲਛਮਣ ਨੂੰ ਅੱਡ ਕਰ ਬੈਠੇਂਗੀ। ਜ਼ਮੀਨ ਦੇ ਰਹਿ ਜਾਣਗੇ ਛੀ ਕੀਲੇ! ਕੁੜੀ ਵਿਆਹੁਣ ਆਲੀਐ; ਦੋ ਮੁੰਡੇ ਐ। ਕੌਣ ਦਿਊ ਛੇ ਕੀਲਿਆਂ ਦੇ ਸਿਰ 'ਤੇ ਤੇਰੇ ਸਾਹਿਬਜਾਦਿਆਂ ਨੂੰ



ਅਵਦੀਆਂ ਧੀਆਂ ?

ਸੀਤੋ : ਨਈਂ ਦਿੰਦਾ ਤਾਂ ਨਾ ਦਏ ! ਪਰ ਮੈਂ ਅਵਦੀ ਦੇਹ ਨੀਂ ਜੂਠੀ ਕਰਨੀ!

ਰਾਮ : ਨਾ ਕਰ ! ਪਰ ਜਿੱਦੇਂ ਤੇਰੇ ਮੁੰਡੇ ਗਭਰੂ ਹੋ-ਗੇ ਵਿਆਹੁਣ ਜੋਗੇ, ਉਦੋਂ ਤੈਨੂੰ ਪਤਾ ਲਗੂ ਬਈ ਜ਼ਮੀਨ-ਜੈਦਾਤ ਕੀ ਹੁੰਦੀਐ ਜੱਟ ਦੇ ਪੁੱਤ ਲਈ!

ਸੀਤੋ : ਤੂੰ ਵੀ ਤਾਂ ਵਿਆਹਿਆ ਈ ਗਿਆ ਸੀ ? ਜਿਵੇਂ ਤੂੰ ਮੈਨੂੰ ਵਿਆਹ ਲਿਆਇਆ ਓਵੇਂ ਮੇਰੇ ਪੁੱਤ ਵਿਆਹੇ ਜਾਣਗੇ ?

ਰਾਮ : ਮੇਰੀ ਗੱਲ ਹੋਰ ਸੀ। ਇੱਕ ਤਾਂ ਮੈਨੂੰ 'ਕੱਲੇ ਨੂੰ ਛੀ ਕੀਲੇ ਆਉਂਦੇ ਸੀ ਭੋਂਇ ਦੇ; ਦੂਜੇ ਲਛਮਣ ਨੇ ਮੇਰੀ ਖਾਤਰ ਕੁਰਬਾਨੀ ਕੀਤੀ। ਚਾਹੁੰਦਾ ਤਾਂ ਉਹ ਵੀ ਕੋਈ ਅੰਨ੍ਹੀਕਾਣੀ ਵਿਆਹ ਲੈਂਦਾ।ਪਰ ਉਸ ਨੇ ਮੇਰੇ ਵਿਆਹ ਵਿਚ ਈ ਅਵਦੀ ਖੁਸ਼ੀ ਸਮਝੀ।

ਸੀਤੋ : ਕੁਰਬਾਨੀ ਕੀਤੀ ਸੀ, ਉਹਨੂੰ ਸਿਰੇ ਵੀ ਲਾਵੇ ! ਫੇਰ ਹੁਣ ਕਿਉਂ ਛੜਾਂ ਮਾਰਦੈ ?

ਰਾਮ : ਅਵਦੇ ਕੀਤੇ ਦੀ ਕਦਰ ਤਾਂ ਹਰ ਬੰਦਾ ਚਾਹੁੰਦੈ, ਸੀਤ ਕੁਰੇ।ਤੂੰ ਉਹਨੂੰ ਹੱਸ ਕੇ ਰੋਟੀ ਦੇਵੇਂ, ਫੇਰ ਕਾਹਨੂੰ ਮਾਰੇ ਉਹ ਛੜਾਂ ?

ਸੀਤੋ : ਰੋਟੀ ਤੋਂ ਮੈਂ ਉਹਨੂੰ ਕਦੋਂ ਜਵਾਬ ਦਿੱਤੈ ? ਪਰ ਮੈਂ ਅਵਦੇ ਧਰਮ 'ਚ ਭੰਗਣਾ ਨੀਂ ਪੈਣ ਦੇਣੀ!

ਰਾਮ : ਇਹਨਾਂ ਧਰਮਾਂ ਦੇ ਗਧੇ-ਗੇੜ 'ਚ ਕਿਉਂ ਪੈਨੀਐਂ ਸੀਤ ਕੁਰੇ ? ਇਹ ਤਾਂ ਵੱਡੇ ਬੰਦਿਆਂ ਦੀ ਸਮਝ 'ਚ ਆਉਣ ਆਲੀਆਂ ਗੱਲੈਂ !

ਸੀਤੋ : ਚੰਗਾ ਸਰਾਪ ਐ ਇਹ !

ਰਾਮ : ਠੀਕ ਐ ਤੇਰੀ ਗੱਲ। ਜੱਟ ਕੋਲ਼ ਥੋੜ੍ਹੀ ਜ਼ਮੀਨ ਹੋਣਾ ਈ ਸਰਾਪ ਐ !

ਸੀਤੋ : ਪਰ ਮੇਰਾ ਮਨ ਨੀ ਮੰਨਦਾ ਇਹਨਾਂ ਗੱਲਾਂ ਨੂੰ !

ਰਾਮ : ਮੰਨੇ ਚਾਹੇ ਨਾ ਮੰਨੇ। ਪਰ ਜਿਹੜੇ ਰਾਹ ਲਛਮਣ ਪੈਣ ਲੱਗਿਐ, ਉਸ ਰਾਹ ਤੋਂ ਤੂੰ ਹੀ ਮੋੜ ਸਕਦੀਐਂ। ਜੇ ਉਸਨੇ ਕਿਸੇ ਗਏ-ਗੁਜ਼ਰੇ ਘਰ ਦੀ ਲਿਆ ਕੇ ਤੇਰੀ

ਸ਼ਰੀਕਣੀ ਬਣਾ-ਤੀ ਬਰੋਬਰ ਦੀ, ਤਾਂ ਤੈਨੂੰ ਈ ਔਖਾ ਹੋ -ਜੂ !

ਸੀਤੋ : ਤੇਰਾ ਮਤਲਬ ਐ ਮੈਂ ਆਪਣੀ ਕੰਚਨ ਦੇਹੀ ਨੂੰ ਦਾਗ ਲਾ ਲਵਾਂ ? ਨਈਂ ਮੈਥੋਂ ਇਹ ਨੀਂ ਹੋਣਾ।

ਰਾਮ : ਜਿਵੇਂ ਤੇਰੀ ਰੂਹ ਮੰਨੇ ਕਰ।...ਲੈ ਲਛਮਣ ਆਉਂਦੈ।ਤੂੰ ਅੰਦਰ ਜਾ ਕੇ ਰੋਟੀਆਂ ਥੱਪ। ਖਾ ਕੇ ਈ ਕੱਲ੍ਹ ਆਸਤੇ ਚੋਣੀਆਂ ਨੂੰ ਕਹਿਣ ਜਾਊਂ। ਨਾਲੇ ਗਰਮੀ 'ਚ ਐਵੇਂ ਕੋਈ ਠੰਢੀ-ਤੱਤੀ ਨਿਕਲ ਜਾਂਦੀਐ ਮੂੰਹੋਂ। ਮੈਂ ਤਹੰਮਲ ਨਾਲ ਕਰੂੰ ਗੱਲ ਇਹਦੇ ਨਾਲ।

ਸੀਤੋ : (ਅੰਦਰ ਜਾਂਦੀ) ਗੱਲ ਭਾਵੇਂ ਲੱਖ ਕਰ ਲੀਂ ! ਪਰ ਮੈਨੂੰ ਅਗਨ ਪ੍ਰੀਖਿਆ ਵਿਚ ਨਾ ਪਾਈਂ !

(ਚਲੀ ਜਾਂਦੀ ਹੈ । ਥੋੜ੍ਹੇ ਚਿਰ ਪਿੱਛੋਂ ਲਛਮਣ ਆਉਂਦਾ ਹੈ। ਰਾਮ ਨਾਲ ਬਿਨਾਂ ਗੱਲ ਕੀਤਿਆਂ ਮੰਜਾ ਪਰਾਂਹ ਘਸੀਟ ਕੇ ਪੈ ਜਾਂਦਾ ਹੈ। ਰਾਮ ਹੌਲੀ ਹੌਲੀ ਉਹਦੇ ਮੰਜੇ ਕੋਲ ਜਾਂਦਾ ਹੈ।)

ਰਾਮ : ਕਿਵੇਂ ਬਾਈ ਚਿੱਤ ਢਿੱਲੈ ਕੁਸ਼ ? (ਲਛਮਣ ਦੇ ਜਵਾਬ ਨਾ ਦੇਣ 'ਤੇ ਉਸਦੇ ਮੰਜੇ ਦੀ ਪੈਂਦੀਂ ਬਹਿੰਦਾ ਹੋਇਆ) ਨਰਾਜ਼ਗੀ ਐ ਬਾਈ ਦੀ ਕੋਈ ?

ਲੱਛਾ : (ਪਿਆ ਪਿਆ ਹੀ ਰੋਸ ਵਿਚ) ਮੇਰੀ ਭਾਈ ਕਾਹਦੀ ਨਰਾਜ਼ਗੀ ਹੋਣੀ ਐ ? ਨਰਾਜ਼ਗੀ ਕੀਤਿਆਂ ਸਰਦੈ 'ਵੱਡੇ ਬੰਦਿਆਂ' ਨਾਲ ?

ਰਾਮ : ਵੱਡੇ ਤਾਂ ਬਾਈ ਅਸੀਂ ਤੇਰੇ ਨਾਲ ਈ ਐਂ। ਵੱਡਾ ਭਾਈ ਕਰੂ ਵੱਡੇ, ਤਾਂ ਹੀ ਹੋਵਾਂਗੇ ?

ਲੱਛਾ : ਵੱਡਿਆਂ ਨੂੰ ਹੋਰ, ਜਿਵੇਂ ਕਹਿੰਦੇ ਹੁੰਦੇ ਐ, ਮੈਂ ਥੋਨੂੰ ਰੱਬ 'ਤੇ ਚਾੜ੍ਹ ਦਿੰਦਾ ?

ਰਾਮ : ਅਸੀਂ ਤਾਂ ਫੇਰ ਬਾਈ ਹੱਥ-ਬੱਧ ਗੁਲਾਮ ਐਂ ਤੇਰੇ ! ਸ਼ਾਬਾਸ਼ੇ ਤੇਰੇ ਜੀਹਨੇ ਮੇਰੀ ਖਾਤਰ ਐਨਾ ਕੁਸ਼ ਕੀਤਾ !

ਲੱਛਾ : ਮੈਂ ਤਾਂ ਬਹੁਤ ਕੁਝ ਕੀਤਾ, ਪਰ ਕੀਤੇ ਨੂੰ ਕੋਈ ਸਮਝੇ ਵੀ ?

ਰਾਮ : ਨਈਂ ਬਾਈ ਤੈਨੂੰ ਵਹਿਮ ਐਂ। ਸੀਤੋ ਦਾ ਮਤਾ ਜ਼ਰੂਰ ਗਰਮ ਐਂ, ਉਂ ਦਿਲ ਦੀ ਨੀਂ ਉਹ ਮਾੜੀ।

ਲੱਛਾ : ਤਾਂ ਭਾਈ, ਜਿਵੇਂ ਕਹਿੰਦੇ ਹੁੰਦੇ ਐ, ਮੈਂ ਮਾੜਾ ਹੋਊ!



ਹੋਰ ਦੱਸ ?

ਰਾਮ : ਨਈਂ ਤੈਨੂੰ ਤਾਂ ਕੌਣ ਮਾੜਾ ਕਹਿੰਦੈ ?

ਲੱਛਾ : (ਭੜਕ ਕੇ ਬੈਠਦਾ ਹੋਇਆ) ਮਾੜੇ ਨੂੰ ਹੋਰ ਤੁਸੀਂ ਮੈਨੂੰ ਖੰਡ ਘਿਉ ਪਾਉਨੇ ਓਂ ? ਮੇਰੇ ਨਾਲ ਰਾਮ ਸਿਆਂ ਸਰਦਾਰਾ ਜਿਹੜੀ ਨਿੱਤ ਕੁਤੇ-ਕੁਤੇ ਹੁੰਦੀਐ, ਮੈਂ ਈ ਜਾਣਦੈਂ ! ਮੈਂ ਕੁੱਤਾ ਨੀਂ, ਇਨਸਾਨ ਐਂ ਇਨਸਾਨ ? ਮੇਰੇ 'ਚ ਵੀ ਭਰਨ ਆਲ਼ੇ ਨੇ ਭੋਰਾ ਅਣਖ ਦਾ ਭਰਿਐ ? ਮੈਂ ਐਵੇਂ ਜੀਅ-ਜੰਤੂ ਨੀਂ ਤੁਰਿਆ ਫਿਰਦਾ ਧਰਤੀ 'ਤੇ ?

ਰਾਮ : ਜੀ-ਜੰਤੂ ਤੈਨੂੰ ਕੌਣ ਕਹਿੰਦੇ ਬਾਈ ? ਤੈਨੂੰ ਪਤੈ ਤੀਵੀਂਆਂ ਦੀ ਤਾਂ ਗਿੱਚੀ ਪਿੱਛੇ ਮੱਤ ਹੁੰਦੀਐ ! ਤੀਵੀਂਆਂ ਮਗਰ ਲੱਗਣ ਲੱਗੇ ਬੰਦਾ ਤਾਂ ਆਥਣ ਨੂੰ ਨਾ ਵਢਾ ਕੇ ਮਰਵਾ ਦੇਣ ?

ਲੱਛਾ : ਤੀਵੀਂਆਂ ਨੂੰ ਜੇ ਸਿਰ ਚੜ੍ਹਾਉਨੇ ਐਂ ਤਾਂ ਈ ਵਢਾ ਕੇ ਮਾਰਦੀ ਐਂ !

ਰਾਮ : ਨਈਂ ਤੂੰ ਭਰਮ 'ਚ ਨਾ ਪੈ ! ਮੈਂ ਤਾਂ ਬਥੇਰਾ ਆਖਦੈਂ ਸੀਤੋ ਨੂੰ ਬਈ ਤੇਰਾ ਖਿਆਲ ਰਖਿਆ ਕਰੇ, ਪਰ ਉਹਦੀ ਸਮਝ ਈ ਥੋੜ੍ਹੀਐ, ਫੇਰ ਕੀ ਕਰੇ ਬੰਦਾ ਦੱਸ ?

ਲੱਛਾ : ਬੰਦਾ ਫੇਰ ਉਹਦੀਆਂ ਮੁੱਠੀਆਂ ਭਰਿਆ ਕਰੇ ! ਹੋਰ ਕੀ ਕਰੇ ਬੰਦਾ ? ਗੱਲਾਂ ਵੇਖੋ ਉਇ ਲੋਕੋ ਕਿਹੋ ਜੀਆਂ ਕਰਦੈ ! ਮੈਨੂੰ ਚਾਰਦੈ ! ਮੈਂ ਖੋਤਾ ਨੀਂ ਸਰਦਾਰ ਰਾਮ ਸਿਆਂ ! ਬੰਦੈਂ, ਬੰਦਾ ! ਮੈਨੂੰ ਮੱਤ ਚਾਰ !

ਰਾਮ : (ਥੋੜ੍ਹਾ ਕਰੜਾ ਹੋ ਕੇ) ਚਾਰਦਾ ਮੈਂ ਨੀਂ ਬਾਈ, ਚਾਰਦੇ ਆਪਾਂ ਨੂੰ ਲੋਕ ਨੇ ਜਿਹੜੇ ਏਧਰ ਦੀਆਂ ਉਧਰ ਲਾ ਕੇ ਆਪਣੇ ਦੋਹਾਂ ਭਰਾਵਾਂ 'ਚ ਪਾਟਕ ਪਾਉਂਦੇ ਐ !

ਲੱਛਾ : ਚੱਲ ਲੋਕ ਈ ਚਾਰਦੇ ਐ ! ਜਿਵੇਂ ਕਹਿੰਦੇ ਹੁੰਦੇ ਐ, ਹੋਰ ਦੱਸ ?

ਰਾਮ : ਮੈਂ ਕੀ ਦੱਸਣੈਂ ? ਅਖੇ, 'ਅੱਗ ਲਾ ਕੇ ਡੱਬੂ ਕੁੱਤਾ ਕੰਧ 'ਤੇ।' ਲਾਉਣ ਆਲਿਆਂ ਨੇ ਤਾਂ ਸੀਖ਼ ਲਾਉਣੀ ਸੀ, ਲਾ-ਤੀ। ਹੁਣ ਮਚਾਂਗੇ ਤਾਂ ਆਪਾਂ ਦੋਵੇਂ ਭਾਈ ?

ਲੱਛਾ : ਜਮਾਂ ਨੀ ਮਚਦੇ ! ਤੂੰ ਆਵਦੀ ਸੇਕ, ਮੈਨੂੰ ਅਵਦੀ ਸੇਕਣ ਦੇ! ਮਚਾਂਗੇ ਤਾਂ,ਤਾਂ ਜੇ ਇੱਕ ਦੂਜੇ ਦਾ ਹੱਕ

ਮਾਰਾਂਗੇ ?

ਰਾਮ : ਹੱਕ ਜੇ ਲੈਣਾ ਸੀ ਤਾਂ ਲੈਣ ਵੇਲੇ ਲੈਂਦਾ ਬਾਈ ! ਹੁਣ ਚਿੱਟੇ ਆਇਆਂ ਤੋਂ ਤੈਨੂੰ ਤੀਵੀਂ ਲਿਆਉਣ ਦੀ ਸੁਝ-ਗੀ ?

ਲੱਛਾ : ਕਿਉਂ ਮੇਰੀ ਤੀਵੀਂ ਥੋਡੇ ਦੰਦੀਆਂ ਵੱਢੂ ? ਮੇਰਾ ਜੀਅ ਨੀਂ ਕਰਦਾ ਅਵਦੀ ਜੜ ਅੱਗੇ ਵਧਾਉਣ ਨੂੰ ?

ਰਾਮ : (ਥੋੜ੍ਹਾ ਢਿੱਲਾ ਪੈ ਕੇ) ਮੇਰੇ ਜੁਆਕ ਵੀ ਤਾਂ ਬਾਈ ਤੇਰੇ ਈ ਐ......

ਲੱਛਾ : ਕਿਉਂ ਮੇਰੇ ਕਿਵੇਂ ਐ ? ਤੇਰੇ ਜੁਆਕ ਤੇਰੀ ਅਣਸ !

ਰਾਮ : ਆਪਣੇ ਖ਼ੂਨ ਦੋ ਤਾਂ ਨੀ ?

ਲੱਛਾ : ਜਮਾਂ ਦੋ ਨੇ ! ਖ਼ੂਨ, ਜਿਵੇਂ ਕਹਿੰਦੇ ਹੁੰਦੈ ਐ, ਸਮਝੇ ਦਾ ਹੁੰਦੈ, ਥੋਡੇ ਆਂਗੂ ਗੱਲਾਂ ਨਾਲ਼ ਨੀਂ ?

ਰਾਮ : ਤੇਰੀ ਮਰਜੀ ਐ ਬਾਈ, ਕਰਦਾ ਤੂੰ ਧੱਕੈਂ ! (ਖੜ੍ਹਾ ਹੋ ਜਾਂਦਾ ਹੈ।)

ਲੱਛਾ : ਧੱਕਾ ਕਾਹਦਾ ? ਅਵਦੇ ਪਿਉ ਦਾਦੇ ਦੀ ਢੇਰੀ 'ਚ ਅੱਧ ਮੰਗਣ ਨੂੰ ਤੂੰ ਧੱਕਾ ਆਖਦੈਂ ?

ਰਾਮ : ਧੱਕਾ ਨੀਂ ਹੋਰ ਕੀ ਐ ? ਮੈਂ ਤੇਰੇ ਸਿਰ 'ਤੇ ਕਬੀਲਦਾਰੀ ਦਾ ਐਡਾ ਖਲਾਰਾ ਖਿਲਾਰ ਬੈਠਾਂ। ਹੁਣ ਤੂੰ ਅੱਡ ਹੋਣ ਦੀਆਂ ਗੱਲਾਂ ਕਰਨ ਲੱਗ ਪਿਐਂ ! ਜੇ ਤੂੰ ਅੱਧ ਲੈ ਗਿਆ ਮੇਰੇ ਮੁੰਡਿਆਂ ਦਾ ਕੀ ਬਣੂ ?

ਲੱਛਾ : ਨਈਂ ਬਣਦਾ ਤਾਂ ਨਾ ਬਣੇ ! ਮੈਂ ਯਾਰ ਤੇਰੇ ਮੁੰਡਿਆਂ ਦਾ ਠੇਕਾ ਲਿਆ ਹੋਇਐ ?

ਸੀਤੋ : (ਅੰਦਰੋਂ ਸ਼ੀਹਣੀ ਵਾਂਗ ਆਉਂਦੀ ਹੋਈ) ਨਈਂ ਲਿਆ ਹੋਇਆ ਤਾਂ ਨਾ ਲੈ ! ਠੇਕਾ ਫੇਰ ਅਸੀਂ ਤੇਰਾ ਵੀ ਨੀਂ ਲਿਆ ਹੋਇਆ ! ਬੈਠੇ-ਬਠਾਏ ਨੂੰ ਫੇਰ ਤੈਨੂੰ ਵੀਂ ਨੀਂ ਮਿਲਨੀਆਂ ਚੋਪੜੀਆਂ ਚਪੜਾਈਆਂ ?

ਲੱਛਾ : ਮੈਨੂੰ ਨੀ ਲੋੜ ਤੇਰੀਆਂ ਦੋੜਾਂ ਦੀ !

ਰਾਮ : ਨਾ ਰਿਹਾ ਗਿਆ ਤੈਥੋਂ ? ਕਿਵੇਂ ਭੱਜੀ ਆਈਐ ਸੂਈ ਕੁੱਤੀ ਆਂਗੂ ਬਊਂ-ਬਊਂ ਕਰਦੀ !

ਸੀਤੋ : ਤੂੰ ਐਵੇਂ ਨਾ ਇਹਦੇ ਮੂਹਰੇ ਰੀਂ-ਰੀਂ ਕਰੀਂ ਜਾਇਆ ਕਰ ! ਇਹ ਦੀਆਂ ਕਰਤੂਤਾਂ ਦਾ ਮੈਨੂੰ ਪਤੈ ! ਜੇ ਕੋਈ ਹੋਰ



ਹੁੰਦੀ ਅੱਜ ਨੂੰ ਦਾੜ੍ਹੀ ਦਾ ਵਾਲ ਵਾਲ ਕਰ ਦਿੰਦੀ ਪੁੱਟ ਕੇ !

ਲੱਛਾ : (ਹੱਤਕ ਮਹਿਸੂਸ ਕਰਦਾ ਮੰਜੇ ਤੋਂ ਬੁੜ੍ਹਕਦਾ ਹੋਇਆ) ਦਾੜ੍ਹੀ ਪੱਟਣ ਆਲੇ ਦੀ.... ਕੋਈ ਹੱਥ ਤਾਂ ਲਾ ਕੇ ਦੇਖੇ ਦਾੜ੍ਹੀ ਨੂੰ ?

ਰਾਮ : (ਸੀਤੋ ਨੂੰ) ਉਇ ਕੀ ਸੱਪ ਲੜ ਗਿਆ ਤੈਨੂੰ ?

ਲੱਛਾ : ਸੱਪ ਲੜਿਐ ਹੰਕਾਰ ਦਾ ! ਹੋਰ ਇਸਨੂੰ.....

ਸੀਤੋ : ਸੱਪ ਲੜੇ ਤੇਰੇ ਕਲਜੁਗੀ ਦੇ ! ਜਿਹੜਾ ਵਿਹਲੜ ਢੱਠੇ ਆਂਗੂ ਭੂਸਰਿਆ ਫਿਰਦੈਂ ?

ਲੱਛਾ : ਮੈਂ ਤਾਂ ਜਮਾਂ ਵਿਹਲੜ ਢੱਠਾ ਐਂ, ਭੁਸਰਿਆ ਫਿਰਦੈਂ ! ਤੈਂ ਦਸ ਕੀ ਲੈਨੈ !

ਸੀਤੋ : ਮੈਂ ਤੈਥੋਂ ਕੀ ਲੈਣੋਂ ਜੱਗ-ਜਹਾਨ ਦੇ ਕੋਹੜੀ ਤੋਂ ! ਮੈਂ ਤੇਰੇ ਅਰਗੇ ਛੱਤੀ ਸੌ ਨੂੰ ਨੱਥ ਪਾ ਕੇ ਵੇਚ ਆਵਾਂ ਜੈਤੋ ਦੀ ਮੰਡੀ 'ਤੇ !

ਰਾਮ : ਉਇ ਕਰਦੀਐਂ ਚੁੱਪ ਕਿ ਮੈਥੋਂ ਵੀ ਸੁਣਨੈਂ ਕੋਈ ਚਿਉਂਦਾ ਚਿਉਂਦਾ ਸਲੋਕ ?

ਲੱਛਾ : ਚੁੱਪ ਕਰਨ ਆਲੀ ਹੁੰਦੀ ਤਾਂ ਅੱਜ ਆਹ ਹਾਲ ਨੂੰ ਪੁੱਜੇ ਹੁੰਦੇ ? ਚੁੱਪ ਕਰਨ ਆਲੇ ਦਿਨ ਤਾਂ ਜੰਮੀ ਨੀਂ ਮਾਂ ਨੇ ! ਕੁੱਤੇ ਆਲੀ ਜ਼ਬਾਨ ਲੱਗੀ-ਐ, ਭੌਂਕੀ ਜਾਂਦੀ-ਐ ਜੋ ਮੂੰਹ ਆਉਂਦੈ !

ਸੀਤੋ : ਕੁੱਤੇ ਆਲੀ ਜਬਾਨ ਲੱਗੀਐ ਤੇਰੇ ! ਬਸ਼ਰਮ ਜੱਟਾ, ਤੂੰ ਨਾ ਤਪਾ ! ਜੇ ਮੈਂ ਸੱਚੀਆਂ ਸੱਚੀਆਂ ਸੁਣੌਂਣ 'ਤੇ ਆ-ਗੀ, ਖੜਨਾ ਔਖਾ ਹੋ-ਜੂ !

ਲੱਛਾ : ਲਾ ਲੈ ਦੂਸ਼ਣ ਜਿਹੜਾ ਲਾਉਣੈ ਧਰਤੀ 'ਚ ਗਰਕ ਹੋਣੀਏਂ ! ਲਾ ਲੈ !

ਸੀਤੋ : ਗਰਕਿਆ ਹੋਇਆ ਤੂੰ ! ਜਿਹੜਾ ਧੌਲੇ ਝਾਟੇ ਠਰਕਿਆ ਫਿਰਦੈਂ ! ਮੈਂ ਕਿਉਂ ਗਰਕੀ ਹੋਈ !

ਰਾਮ : ਉਇ ਹੁਣ ਤੂੰ ਸਾਨੂੰ ਭਰਾਵਾਂ ਨੂੰ ਟਕਰਾ ਕੇ ਈ ਸਾਹ ਲਏਂਗੀ, ਨਹੀਂ ਟਲਦੀ ਫੇਰ !

ਸੀਤੋ : ਤੂੰ ਹੱਟ ਜਾ ਇੱਕ ਪਾਸੇ ! ਅੱਜ ਮੈਨੂੰ ਇਸ ਜੱਟ ਨਾਲ ਕਰ ਈ ਲੈਣ ਦੇ ਇੱਕ ਪਾਸਾ !

ਲੱਛਾ : ਪਾਸਾ ਤਾਂ ਇੱਕ ਹੋ ਗਿਆ ਫੇਰ! ਤੂੰ ਕੀ ਕਰੇਂਗੀ ਇੱਕ ਪਾਸਾ, ਕੰਨ ਖੋਹਲ ਕੇ ਸੁਣ ਲੋ ਦੋਵੇਂ ਤੀਵੀਂ-ਆਦਮੀ! ਤੜਕੇ ਨੂੰ ਅੱਧੀ ਵੰਡ ਦਿਓ ਜ਼ਮੀਨ, ਅੱਧਾ ਵੰਡ ਦਿਓ ਘਰ (ਬਾਹਰ ਨਿਕਲਦਾ) ਨਈਂ ਤਾਂ ਲੰਕਾ ਫੂਕ- ਦੂੰ ਲੰਕਾ !

ਸੀਤੋ : ਜਾਂਦੇ ਨੂੰ ਜਾਹ, ਜਾਹ ! ਵੱਡਾ ਆਇਐ ਲੰਕਾ ਫੂਕਣ ਵਾਲਾ ! ਲੰਕਾ ਫੂਕਣ ਦੇ ਡਰਾਵੇ ਦਿੰਦੈ! ਕਿੱਥੇ ਚਮਲ੍ਹਾਇਐ ਮਲੰਗ ਜੱਟ ਅੰਦਰ ਜਾਂਦੀ ਕੁੱਤੀ ਜਾਤ ਦੁਪਹਿਰੇ ਗਿੱਧਾ!

(ਅੰਦਰ ਚਲੀ ਜਾਂਦੀ ਹੈ। ਰਾਮ ਦੁਬਿਧਾ ਵਿੱਚ ਫਸਿਆ ਬਮਤਲਬ ਹੀ ਖੜ੍ਹਾ ਰਹਿੰਦਾ ਹੈ। ਫਿਰ ਮੰਜਾ ਚੁੱਕਣ ਲਈ ਅਹੁਲਦਾ ਹੈ। ਪਿਛੋਂ ਗੀਤ ਦੀ ਹੇਕ ਉਭਰਦੀ ਹੈ)

'ਇਹ ਕਿਹੋ ਜਿਹੇ ਰਿਸ਼ਤੇ ਰੱਬਾ
ਜੋ ਸੰਗ ਜਾਇਦਾਦਾਂ ਬੱਝੇ।
ਬੰਦੇ 'ਚੋਂ ਬੰਦਾ ਨਾ ਦੀਂਹਦਾ
ਬੰਦਾ ਖੇਡ ਮਾਇਆ ਦੀ ਲੱਗੇ।

(ਗੀਤ ਦੇ ਖਤਮ ਹੁੰਦਿਆਂ ਹੀ ਰਾਮ ਮੰਜਾ ਇੱਕ ਪਾਸੇ ਰਖ ਕੇ ਬਾਹਰ ਨਿਕਲ ਜਾਂਦਾ ਹੈ। ਸੀਤੋ ਬਾਹਰ ਆਉਂਦੀ ਹੈ ਅਤੇ ਕੁਝ ਫਿਕਰਮੰਦ ਹੋ ਕੇ ਜਾਂਦੇ ਰਾਮ ਨੂੰ ਵੇਖਦੀ ਰਹਿੰਦੀ ਹੈ। ਦੂਜੇ ਪਾਸਿਓਂ ਬੀਹੀ ਵਿੱਚੋਂ ਕਿਸੇ ਸਾਧੂ ਦੇ ਭਜਨ ਗਾਉਣ ਦੀ ਆਵਾਜ਼ ਆਉਂਦੀ ਹੈ ਅਤੇ ਉਸ ਦਾ ਧਿਆਨ ਉਧਰ ਚਲਿਆ ਜਾਂਦਾ ਹੈ। ਸਾਧੂ ਦੇ ਭਜਨ ਦੇ ਪਹਿਲੇ ਬੋਲ ਹਨ:)

ਲਛਮਣ ਜੇਡ ਜਤੀ ਨਾ ਕੋਈ
ਤੇ ਰਾਮ ਜੇਡ ਨਾ ਭਰਾਤਾ।
ਬਾਬੇ ਨਾਨਕ ਜੇਡ ਭਗਤ ਨਾ ਕੋਈ
ਜੀਹਨੇ ਸੱਚਾ ਨਾਮ ਪਛਾਤਾ।
ਦੁਨੀਆਂ ਮਾਨ ਕਰੇ
ਰੱਬ ਸਭਨਾਂ ਦਾ ਦਾਤਾ
ਦੁਨੀਆਂ ਮਾਨ..... (ਗਾਉਂਦਾ ਗਾਉਂਦਾ ਆਉਂਦਾ ਹੈ)

ਸੀਤੋ : ਬਾਬਾ ਜੀ !

ਸਾਧੂ : ਹਾਂ ਮਾਤਾ ?



ਸੀਤੋ : ਓਹ ਗਾਉਣ ਪੁਰਾਣਾ ਹੋ ਗਿਆ ?

ਸਾਧੂ : ਪੁਰਾਣਾ ਕਿਹੜਾ ਮਾਤਾ ?

ਸੀਤੋ : ਓਹੀ, ਪੰਜ ਪਤੀਆਂ ਵਾਲਾ ?

ਸਾਧੂ : ਅਛਾ, ਮਾਤਾ ਦ੍ਰੋਪਤ ਅਰ ਪਾਂਡਵ ਵਾਲਾ ?

ਸੀਤੋ : ਹਾਂ, ਓਹ ਸੁਣਾਓ।

ਸਾਧੂ : ਜੈਸੀ ਤੁਮਾਰੀ ਇੱਛਾ ਮਾਤਾ ! (ਗਾਉਂਦਾ ਹੈ:)

ਹੱਥ ਜੋੜ ਪੁੱਛੇ ਦਰੋਪਤ
ਗੱਲ ਦੱਸੋ ਕ੍ਰਿਸ਼ਨ ਮੁਰਾਰ।
ਇਹ ਕਿਹੜੇ ਪਾਪ ਦੀ ਸਜ਼ਾ ਹੈ
ਮੈਂ ਪੰਜ ਪਤੀਆਂ ਦੀ ਨਾਰ ?
ਅਗੋਂ ਸ਼ਿਰੀ ਕ੍ਰਿਸ਼ਨ ਬੋਲਦੇ
ਤੂੰ ਸੰਸਾ ਮਨੋਂ ਉਤਾਰ।
ਇਹ ਕਿਸੇ ਪਾਪ ਦੀ ਸਜ਼ਾ ਨਹੀਂ
ਇਹ ਲੀਹਲਾ ਸਭ ਹਮਾਰ
ਦਰੋਪਤ ਲੀਹਲਾ ਸਭ ਹਮਾਰ।

ਸੀਤੋ : ਬਾਬਾ ਜੀ ?

ਸਾਧੂ : ਕਹੋ ਮਾਤਾ!

ਸੀਤੋ : ਦਰੋਪਤੀ ਦੇ ਸੱਚ-ਮੁੱਚ ਪੰਜ ਪਤੀ ਸੀ ?

ਸਾਧੂ : ਹਾਂ ਮਾਤਾ, ਪੰਜ ਹੀ ਸਨ। ਭਗਵਾਨ ਦੀ ਲੀਹਲਾ ਨਿਆਰੀ ਹੈ ਮਾਤਾ!

ਸੀਤੋ : ਬਾਬਾ ਜੀ, ਇੱਕ ਸ਼ੰਕਾ ਹੈ ਮਨ ਵਿੱਚ, ਦੂਰ ਕਰੋ।

ਸਾਧੂ : ਕਹੋ ਮਾਤਾ! ਸ਼ੰਕਾ ਆਤਮਾ ਅਰ ਸ਼ਰੀਰ ਦੋਹਾਂ ਕੋ ਕਸ਼ਟ ਮੈਂ ਡਾਲਤਾ ਹੈ।

ਸੀਤੋ : ਜੇ ਅੱਜ ਵੀ ਕਿਸੇ ਤੀਵੀਂ ਦੇ ਪੰਜ ਪਤੀ ਹੋਣ, ਉਹ ਵੀ ਭਗਵਾਨ ਦੀ ਲੀਹਲਾ ਈ ਹੋਵੇਗੀ ?

ਸਾਧੂ : (ਕੁੱਝ ਉੱਖੜ) ਕੇ ਤੁਮ ਕੈਸੀਆਂ ਬਾਤਾਂ ਕਰਤੀ ਹੋ ਮਾਤਾ ? ਉਹ ਸਤਜੁਗ ਕੀਆਂ ਬਾਤਾਂ ਨੇ, ਅਬ ਕਲਜੁਗ ਵਰਤਿਆ ਹੋਇਆ ਹੈ ! ... ਖੈਰ ਪਾਓ ਮਾਤਾ, ਸੰਤਾਂ ਨੇ ਜਾਣਾ ਹੈ !

(ਸੀਤੋ ਅੰਦਰ ਜਾਂਦੀ ਹੈ। ਸਾਧੂ ਐਵੇਂ ਵਕਤ ਪੂਰਾ ਕਰਨ ਦਾ ਮਾਰਾ ਮੂੰਹ ਵਿੱਚ ਭਜਨ ਗੁਣਗੁਣਾਂਦਾ ਰਹਿੰਦਾ ਹੈ। ਸੀਤੋ ਆਟਾ ਲਿਆ ਕੇ

ਉਸਦੀ ਬਗਲੀ ਵਿਚ ਪਾਉਂਦੀ ਹੈ। ਸਾਧੂ ਵਾਪਸ ਜਾਂਦਾ ਹੈ।)

ਸੀਤੋ : (ਜਾਂਦੇ ਸਾਧੂ ਨੂੰ) ਬਾਬਾ ਜੀ ?

(ਸਾਧੂ ਥੋੜ੍ਹਾ ਘਬਰਾਇਆ ਵਾਪਸ ਆਉਂਦਾ ਹੈ।)

ਸਾਧੂ : ਕਯਾ ਹੈ ਮਾਤਾ ?

ਸੀਤੋ : (ਜਿਵੇਂ ਸਲਾਹ ਬਦਲ ਲਈ ਹੋਵੇ) ਕੁਛ ਨਈਂ !

(ਸਾਧੂ ਹੈਰਾਨ ਹੋਇਆ 'ਇਹ ਕਿਹੜੇ ਪਾਪ ਦੀ ਸਜ਼ਾ ਹੈ, ਮੈਂ ਪੰਜ ਪਤੀਆਂ ਦੀ ਨਾਰ' ਗਾਉਂਦਾ ਚਲਿਆ ਜਾਂਦਾ ਹੈ। ਜਿੰਨਾਂ ਚਿਰ ਸਾਧੂ ਦੀ ਆਵਾਜ਼ ਸੁਣਨੋਂ ਬੰਦ ਨਹੀਂ ਹੋ ਜਾਂਦੀ, ਸੀਤੋ ਗੰਭੀਰ ਹੋਈ ਖੜ੍ਹੀ ਰਹਿੰਦੀ ਹੈ।

ਦਿਨ ਛਿਪ ਰਿਹਾ ਹੈ। ਸੀਤੋ ਲਾਲਟੈਨ ਦੀ ਚਿਮਨੀ ਸਾਫ਼ ਕਰਨ ਲੱਗ ਪੈਂਦੀ ਹੈ। ਫੇਰ ਦਾਨੀ ਦੀ ਆਵਾਜ਼ ਬੂਹੇ ਤੋਂ ਸੁਣਾਈ ਦਿੰਦੀ ਹੈ।)

ਦਾਨੀ : ਕੁੜੇ ਘਰੇਂ ਈਂ ਐ ਸੁਰਜੀਤ ਪੁੱਤ ? (ਆਉਂਦੀ ਹੈ)

ਸੀਤੋ : ਆਹੋ ਬੇਬੇ ਘਰੋਂ ਈਂ ਐਂ ਆਜਾ ਨੰਘਿਆ (ਪੀੜ੍ਹੀ ਦਿੰਦੀ ਹੋਈ) ਮੱਥਾ ਟੇਕਦੀ-ਐਂ ਬੇਬੇ !

ਦਾਨੀ : (ਪੀੜ੍ਹੀ ਉਤੇ ਬੈਠਦੀ) ਜਿਉਂਦੀ ਰਹਿ ! ਬੁੱਢ ਸੁਹਾਗਣ ਹੋਵੇਂ। ! ਰੱਬ ਕੌੜੀ ਵੇਲ ਆਂਗੂ ਵਧਾਏ !

ਸੀਤੋ : ਕਿਵੇਂ, ਅੱਜ ਕਿਵੇਂ ਰਾਹ ਭੁੱਲਗੀ ? ਕੋਈ ਕੰਮ ਆਈ ਹੋਵੇਂਗੀ! ਉਂ ਤਾਂ ਤੂੰ ਜਮਾਂ ਯਾਦ ਕਰਨ ਆਲੀ ਨੀਂ ਕਿਸੇ ਨੂੰ।

ਦਾਨੀ : ਕੁੜੇ ਕਿਹੜਾ ਕੰਮ ! ਅਹੁ ਮੇਰੇ ਆਲਾ ਛੋਟਾ ਪੋਤੈ ਨਾ ਮਿੱਠੂ, ਹੁਣ ਐਸ ਵੇਲੇ ਹਿੰਡ ਕਰ ਬੈਠ ਗਿਆ। ਅਖੇ, 'ਦਾਲ ਨਾਲ ਰੋਟੀ ਖਾਣੀਐਂ।' ਮੈਂ ਆਖਿਆ, 'ਹੋਰ ਤਾਂ ਮੈਂ ਕਿਸੇ ਦੇ ਜਾਂਦੀ ਨੀਂ, ਅਵਦੀ ਨੂੰਹ ਸੀਤੋ ਦੇ ਜਾ ਆਉਨੀ ਐਂ।' ਤੈਂ ਧਰਿਐ ਕੁਸ਼ ਕਿ ਨਈਂ ?

ਸੀਤੋ : ਮੈਂ ਤਾਂ ਅੱਜ ਸਾਗ ਧਰਿਐ ਜੇ ਪਸੰਦ ਆ-ਜੂ ਤੇਰੇ ਪੋਤੇ ਦੇ।

ਦਾਨੀ : ਲੈ ਸਾਗ ਓਦੂੰ ਚੰਗਾ (ਕੌਲੀ ਫੜ੍ਹਾਉਂਦੀ) ਪਾ ਭੋਰਾ, ਜਾਵਾਂ। ਉਤੋਂ ਨੇਰ੍ਹਾ ਉਤਰਦਾ ਆਉਂਦੈ।

ਸੀਤੋ : ਨੇਰ੍ਹਾ ਅਜੇ ਕਿਥੋਂ ਉਤਰ ਆਇਆ ? ਟਿੱਕੀ ਤਾਂ ਅਜੇ ਹੁਣ ਛਿਪੀਐ। ਬਹਿ ਜਾ ਬਿੰਦ ਅਜੇ ਤਾਂ ਸਾਗ ਘੋਟਣ



ਆਲੈ। (ਲਾਲਟਨ ਚੁਕਦੀ ਉਠਦੀ) ਲੈ ਮੈਂ ਏਥੇ ਈ ਲੈ ਆਉਨੀ ਐਂ ਸਾਗ ਆਲਾ ਤਪਲਾ।

(ਦਾਨੀ ਆਲੇ ਦੁਆਲੇ ਨਜ਼ਰ ਮਾਰਦੀ ਹੈ। ਸੀਤੋ ਤਪਲਾ ਤੇ ਮਧਣੀ ਲੈ ਕੇ ਆਉਂਦੀ ਹੈ।)

ਦਾਨੀ : ਕੁੜੇ ਘਰ 'ਚ 'ਕੱਲੀ ਜੀ ਦੀਹਨੀ ਐਂ। ਕਿਧਰ ਗਿਆ ਲਾਣਾ-ਬਾਣਾ ? ਜਬਾਕ-ਜੱਲਾ ਵੀ ਦੀਂਹਦਾ ਨੀ ਸੁੱਖ ਨਾਲ ?

ਸੀਤੋ : ਵੱਡਾ ਮੁੰਡਾ ਲਾਭਾ ਤਾਂ ਬੇਬੇ ਆਪਣੀ ਬੀਬੋ ਨੂੰ ਛੱਡਣ ਗਿਐ ਦਰੀਆਪੁਰ। ਮੇਰੀ ਛੋਟੀ ਭੈਣ ਨੂੰ ਨਿੱਕਾ-ਨਿਆਣਾ ਹੋਣ ਆਲੈ ਅੱਜ-ਭਲਕ। ਉਹਨਾਂ ਦਾ ਸਨੇਹਾ ਆਇਆ ਸੀ ਬਈ ਬੀਬੋ ਨੂੰ ਛੱਡ ਜੋ ਪੰਜ-ਸੱਤ ਦਿਨਾਂ ਵਾਸਤੇ!

ਦਾਨੀ : ਕੋਈ ਡਰ ਨੀਂ ਪੁੱਤ । ਭੈਣ -ਭਾਈ ਦਾ ਦੁੱਖ ਸੁੱਖ 'ਚ ਹੱਥ ਵਟਾਉਣਾ ਈ ਪੈਂਦੈ।

ਸੀਤੋ : ਛੋਟਾ ਅੰਦਰ ਸੁੱਤਾ ਪਿਐ। ਮੈਂ ਫੀਮ ਦਾ ਭੋਰਾ ਦੇ-ਤਾ ਸੀ ਬਈ ਬਿੰਦ ਕੰਮ ਕਰ-ਲੂੰ।

ਦਾਨੀ : ਰਾਮ ਸੂੰ ਤੇ ਲਸ਼ਮਣ ਸੂੰ ਅਜੇ ਆਏ ਨੀ ਖੇਤੋਂ ?

ਸੀਤੋ : ਤੇਰੇ ਆਲਾ ਛੋਟਾ ਪੁੱਤ ਤਾਂ ਹੁਣੇ ਈ ਗਿਐ ਚੋਣੀਆਂ ਨੂੰ ਕਹਿਣ। ਕਲ੍ਹ ਨੂੰ ਕਪਾਹ ਜਾਣੈਂ।

ਦਾਨੀ : ਤੇ ਵੱਡਾ ਲਛਮਣ ਸਿਉਂ ?

ਸੀਤੋ : ਲਛਮਣ ਸਿਉਂ ਤਾਂ ਬੇਬੇ ਅੱਜ ਕਲ੍ਹ ਜੰਟਰਮੈਨੀਆਂ 'ਤੇ ਐ ! ਅੱਜ ਪੰਦਰਾਂ ਦਿਨ ਹੋ-ਗੇ, ਸਹੁੰ ਐ ਜੇ ਖੇਤ ਪੈਰ ਪਾਇਆ ਹੋਵੇ।

ਦਾਨੀ : ਹੈਂ ਕੁੜੇ ! ਐਂਇੰ ਕੀ ਹੋ ਗਿਆ ਉਹਨੂੰ ਪੁੱਤ ? ਕੰਮ ਕਿਉਂ ਛੱਡ-ਤਾ ? ਕੰਮ ਤਾਂ ਧਰਮ ਐ ਜੱਟ ਦੇ ਪੁੱਤ ਦਾ!

ਸੀਤੋ : ਬੇਬੇ ਹੁਣ ਉਹਦੇ 'ਤੇ ਦੁਆਰਾ ਜਵਾਨੀ ਫੁਟਦੀ ਐ ! ਤੀਵੀਂ ਲਿਆਉਣ ਨੂੰ ਫਿਰਦੈ ਮੁੱਲ ਦੀ ?

ਦਾਨੀ : ਕੁੜੇ ਪੁੱਤ ਆਹ ਤਾਂ ਤੈਂ 'ਨੋਖੀ ਗੱਲ ਈ ਦੱਸੀ ! ਉਂ ਸੱਚੀ ਐ ਸੀਤੋ ਕਿ ਐਵੇਂ ਉੜਦੀ-ਅਵਾਈ ਸੁਣੀ ਐਂ ਤੈਂ ?

ਸੀਤੋ : ਅਵਾਈ ਕਿਉਂ ਬੇਬੇ, ਜਮਾਂ ਸੱਚੀ ਐ! ਰੁਲਦੂ ਦਾ ਰੌਣੀ

ਕਰਵਾਉਂਦੇ ਸੌਦਾ ਦੋ ਹਜ਼ਾਰ 'ਚ

ਦਾਨੀ : ਮਰ ਵੇ ਪੱਟੀ-ਜੜ੍ਹ ਵਾਲਿਆ ! ਤੇਰਾ ਬਹਿ ਜੇ ਬੇੜਾ !

ਸੀਤੋ : ਏਹੋ ਜੇ ਪਾਪੀ ਬੰਦਿਆਂ ਦਾ ਕਾਹਨੂੰ ਬਹਿੰਦੈ ਬੇੜਾ ਬੇਬੇ!

ਦਾਨੀ : ਕੁੜੇ ਪੁੱਤ ਸਿਆਣੇ ਬਣ ਕੇ ਵਕਤ ਕੱਟੋ ! ਕਿਵੇਂ ਨ ਕਿਵੇਂ ਸੰਗਲ ਪਾ ਕੇ ਰੱਖੋ ਉਸ ਕਮਲੇ ਨੂੰ । ਉਹ ਸਾਧਾਰਣ ਮੱਤ ਦਾ ਐ। ਲੋਕਾਂ ਦੀਆਂ ਗੱਲਾਂ ਵਿੱਚ ਛੇਤੀ ਆ ਜਾਂਦੈ।

ਸੀਤੋ : ਸਾਧਾਰਣ ਮੱਤ ਦਾ ਨੀ ਬੇਬੇ ਉਹ ! ਜਿੰਨਾ ਉੱਤੇ ਐ ਓਦੂੰ ਦੁੱਗਣਾ ਹੇਠਾਂ ਐ, ਧਰਤੀ 'ਚ!

ਦਾਨੀ : ਕੁਛ ਵੀ ਐ ਪੁੱਤ, ਗਿਆ ਵਕਤ ਹੱਥ ਨੀਂ ਆਉਂਦਾ ਹੁੰਦਾ! ਜੇ ਲਛਮਣ ਅੱਧ ਲੈ ਗਿਆ, ਤੇਰੇ ਘਰ ਦੀ ਬਣਾਈ ਖੇਡ ਖਿਲਰ -ਜੂ ! ਤੂੰ ਸਿਆਣਪ ਨਾਲ ਚਲ ਮੇਰੀ ਧੀ ! ਤੀਂਵੀ ਦੇ ਹੱਥ ਬਹੁਤ ਕੁਸ਼ ਹੁੰਦੈ !

ਸੀਤੋ : ਉਹ ਤਾਂ ਬੇਬੇ ਮੈਨੂੰ ਆਪਣੀ ਰੰਨ ਬਣਾਉਣਾ ਚਾਹੁੰਦੈ! ਤੂੰ ਈ ਦੱਸ, ਮੈਂ ਅਵਦਾ ਖਸਮ ਛੱਡ ਕੇ ਉਹਨੂੰ ਸਿਰ ਧਰਲਾਂ ?

ਦਾਨੀ : ਕੁੜੇ ਪੁੱਤ, ਆਪਣੇ ਜੱਟਾਂ ਦੇ ਕਾਹਦੇ ਖਸਮ, ਕਾਹਦੇ ਨਾ ਖਸਮ! ਜੱਟ ਦਾ ਤਾਂ, ਕਹਿੰਦੇ ਹੁੰਦੇ ਐ, ਇਕ ਪੁੱਤ ਵਿਹਾਇਆ ਗਿਆ, ਸਮਝੋ ਸਾਰੇ ਵਿਹਾਏ ਗਏ। ਹੁਣ ਤੂੰ ਮੇਰੇ ਕੰਨੀ ਦੇਖ ਲੈ। ਪੰਜ ਭਾਈ ਸੀ ਨੰਜਨ ਸੂੰ ਦੇ ਪਿਉ ਹੋਰੀਂ। ਵਿਹਾਇਆ ਤਾਂ ਇਹ ਕੱਲਾ ਈ ਸੀ ? ਪਰ ਮੈਂ ਪੰਜਾਂ ਦੇ ਸਿਰ ਜੋੜ ਕੇ ਰੱਖੇ। ਆਵਦੇ ਖਸਮ ਨੂੰ ਰੋਟੀ ਪਿੱਛੋਂ ਦੇਣੀ, ਉਹਨਾਂ ਚਾਰਾਂ ਨੂੰ ਪਹਿਲਾਂ। ਜੇ ਮੈਂ ਕਮਲੀ ਹੁੰਦੀ ਪੰਜੇ ਲੜ-ਭਿੜ ਕੇ ਅੱਡ ਹੋ ਜਾਂਦੇ ! ਸਾਰੀ ਭੋਏ ਖੱਖਰ ਭੱਖਰ ਹੋ ਜਾਂਦੀ ! ਮੇਰੇ ਪੁੱਤ ਕੋਲ ਰਹਿ ਜਾਂਦੀ ਪੰਜ ਘੁੰਮਾਂ ? ਹੁਣ 'ਕੱਲੇ ਨੂੰ ਪੱਚੀ ਆਉਂਦੀਐ ! ਸੁੱਖ ਨਾਲ ਰੰਗ ਲੱਗਿਐ ਤੇਰੇ ਸਾਹਮਣੇ । ਖੱਬੀ-ਖਾਨਾਂ ਦੇ ਤਾਂ ਢੁੱਕਿਐ ! ਖੇਤ ਟਰੈਕਟਰ ਚਲਦੈ, ਘਰ ਸਾਰਾ ਪੱਕੀਆਂ ਇੱਟਾਂ ਦੈ !

(ਸੀਤੋ ਕੌਲੀ ਵਿੱਚ ਸਾਗ ਪਾ ਕੇ ਉਸ ਵੱਲ ਕਰਦੀ ਹੈ। ਉਹ ਕੌਲੀ ਚੁੱਕ ਕੇ ਖੜ੍ਹੀ ਹੁੰਦੀ ਹੈ। ਦਾਨੀ ਦੀਆਂ ਗੱਲਾਂ ਨੇ ਸੀਤੋ 'ਤੇ ਅਸਰ



ਕੀਤਾ ਹੈ, ਇਸ ਲਈ ਚੁੱਪਚਾਪ ਉਸਦੀਆਂ ਗੱਲਾਂ ਸੁਣੀ ਜਾ ਰਹੀ ਹੈ।)

ਦਾਨੀ : (ਜਾਂਦੀ ਵਾਰ ਦੀ 'ਤਾੜਨਾ' ਕਰਦੀ) ਜ਼ਮੀਨ ਬਹੁਤ ਕੁਝ ਐ ਪੁੱਤ, ਜੱਟ ਦੇ ਪੁੱਤ ਲਈ ਬਹੁਤ ਕੁਸ਼ ! ਸਿਆਣੀ ਬਣ ਕੇ ਰਹੀਂ ਮੇਰੀ ਧੀ, ਸਿਆਣੀ ! ਲੰਬੀ ਸੋਚ ਕੇ ਪੈਰ ਧਰਨਾ ਚਾਹੀਦੈ ਬੰਦੇ ਨੂੰ ! (ਜਾਂਦੀ ਜਾਂਦੀ ਇਕ ਵਾਰ ਫੇਰ ਰੁਕ ਕੇ ਪੂਰੀ ਗੱਲਬਾਤ ਦਾ 'ਸਾਰਾਂਸ਼ ਸਮਝਾਉਂਦੀ) ਜੇ ਗੜਵੇ ਦਾ ਘਿਉ ਥਾਲੀ ਵਿਚ ਡੁੱਲ੍ਹ-ਜੇ ਮੇਰੀਏ ਧੀਏ, ਤਾਂ ਡੁੱਲ੍ਹਿਆ ਨਾ ਜਾਣੀਏਂ !

(ਦਾਨੀ ਚਲੀ ਜਾਂਦੀ ਹੈ ਪਰ ਸੀਤੋ ਨੂੰ ਖਿਆਲਾਂ ਦੇ ਭੰਵਰ ਵਿੱਚ ਸੁੱਟ ਗਈ ਹੈ। ਉਹ ਸਾਗ ਘੋਟਦੀ-ਘੋਟਦੀ ਕਦੇ ਹੱਟ ਜਾਂਦੀ ਹੈ ਕਦੇ ਘਟਣ ਲੱਗ ਪੈਂਦੀ ਹੈ। ਕਦੇ ਉਂਗਲ ਨਾਲ ਸਾਗ ਦਾ ਭੋਰਾ ਲਾ ਕੇ ਵੇਖਦੀ ਹੈ ਕਿ ਅੱਜ ਨਾਲ ਘੋਟਿਆ ਗਿਆ ਹੈ ਕਿ ਨਹੀਂ। ਅਸਲ ਵਿੱਚ ਸਾਗ ਤਾਂ ਘੋਟਿਆ ਗਿਆ ਹੈ। ਇਹ ਸਭ ਕੁਝ ਅਚੇਤ ਹੀ ਕਰ ਰਹੀ ਹੈ।ਬਾਹਰੋਂ ਲਛਮਣ ਆਉਂਦਾ ਹੈ। ਉਹ ਸੀਤੋ ਵੱਲ ਇਸ ਤਰ੍ਹਾਂ ਵੇਖਦਾ ਹੈ ਜਿਵੇਂ ਉਸ ਨੂੰ ਕੋਈ ਚੁਣੌਤੀ ਦਿੰਦਾ ਹੋਵੇ। ਡਾਂਗ ਇਕ ਪਾਸੇ ਸਿਟ ਕੇ ਉਹ ਬਾਟੀ ਨਾਲ ਤੋੜੇ ਵਿਚੋਂ ਪਾਣੀ ਪੀਂਦਾ ਹੈ। ਲਗਾਤਾਰ ਦੋ ਤਿੰਨ ਬਾਟੀਆਂ ਪਾਣੀ ਦੀਆਂ ਸੜ੍ਹਾਕ ਜਾਂਦਾ ਹੈ। ਫੇਰ ਮੰਜਾ ਡਾਹ ਕੇ ਮੰਜੇ ਉੱਤੇ ਪੈ ਜਾਂਦਾ ਹੈ।ਪਰ ਉਥੇ ਉਸਨੂੰ ਚੈਨ ਨਹੀਂ ਆਉਂਦਾ। ਉਹ ਮੰਜਾ ਚੁੱਕ ਕੇ ਪਿਛਲੀ ਬੈਠਕ ਵਿਚ ਡਾਹ ਕੇ ਉਸ ਉੱਤੇ ਡਿੱਗ ਪੈਂਦਾ ਹੈ। ਇਕ ਫੁਕਾਰਾ ਜਿਹਾ ਮਾਰਦਾ ਹੈ, ਜਿਵੇਂ ਕਹਿ ਰਿਹਾ ਹੋਵੇ ਫੂਕਦੂੰ ਓਏ ਸਾਰਾ ਕੁਛ। ਸੀਤੋ ਸਮਝ ਜਾਂਦੀ ਹੈ ਕਿ ਉਹ ਦਾਰੂ ਪੀ ਕੇ ਆਇਆ ਹੈ। ਉਹ ਕੁੱਣਖੀ ਸਭ ਕੁਝ ਵੇਖ ਰਹੀ ਹੈ। ਤਰ੍ਹਾਂ ਤਰ੍ਹਾਂ ਦੇ ਖਿਆਲ ਉਸਦੇ ਦਿਲ-ਦਿਮਾਗ ਵਿੱਚੋਂ ਇਸ ਤਰ੍ਹਾਂ ਗੁਜਰਦੇ ਹਨ)

ਦਾਨੀ ਦੀ ਆਵਾਜ਼ : ਗਿਆ ਵਕਤ ਹੱਥ ਨੀਂ ਆਉਂਦਾ ਹੁੰਦਾ ਪੁੱਤ ! ਜੇ ਲਛਮਣ ਅੱਧ ਲੈ ਗਿਆ ਤੇਰੇ ਘਰ ਦੀ ਬਣੀ ਬਣਾਈ ਖੇਡ ਖਿਲਰ – ਜੂ!

ਰਾਮ ਦੀ ਆਵਾਜ਼ : ਲਛਮਣ ਨੂੰ ਅੱਡ ਕਰ ਬੈਠੋਂਗੀ ਜ਼ਮੀਨ ਦੇ ਰਹਿ ਜਾਣਗੇ ਛੀ ਕੀਲੇ ?

ਲਛਮਣ ਦੀ ਆਵਾਜ਼ : ਕੰਨ ਖੋਹਲ ਕੇ ਸੁਣ ਲਓ ਦੋਵੇਂ ਤੀਵੀਂ ਆਦਮੀ ! ਤੜਕੇ ਨੂੰ ਅੱਧੀ ਵੰਡ ਦਿਓ ਜ਼ਮੀਨ, ਅੱਧਾ ਵੰਡ ਦਿਓ ਘਰ ! ਨਈ ਤਾਂ ਲੰਕਾ ਫੂਕ-ਦੂੰ ਲੰਕਾ !

ਰਾਮ ਦੀ ਆਵਾਜ਼ : ਲਛਮਣ ਜਿਹੜੇ ਰਾਹ ਪੈਣ ਲੱਗਿਐ ਉਸ ਰਾਹ ਤੋਂ ਤੂੰ ਹੀਂ ਉਸਨੂੰ ਮੋੜ ਸਕਦੀ ਐਂ! ਜੇ ਉਸ ਨੇ ਕਿਸੇ ਗਏ-ਗੁਜਰੇ ਘਰ ਦੀ ਲਿਆ ਕੇ ਤੇਰੀ ਬਰੋਬਰ ਦੀ ਸ਼ਰੀਕਣ ਬਣਾ ਕੇ ਬਠਾ-ਤੀ ਤਾਂ ਤੈਨੂੰ ਈ ਔਖਾ ਹੋ-ਜੂ !

ਲਛਮਣ ਦੀ ਆਵਾਜ਼ : ਮਖਾਂ ਜਮਾਂ ਹਿੱਕ 'ਤੇ ਦੀਵਾ ਬਾਲੂੰ ਹਿੱਕ 'ਤੇ ! ਸਾਰਾ ਜੋਧਪੁਰ ਦੇਖੂ ਕੀ ਰਾਮ ਲੀਲ੍ਹਾ ਹੁੰਦੀਐ !

ਸੀਤੋ ਦੀ ਆਵਾਜ਼ : ਪਰ ਮੇਰਾ ਧਰਮ ? (ਉਹ ਇਕ ਦਮ ਖੜ੍ਹੀ ਹੋ ਜਾਂਦੀ ਹੈ।)

ਰਾਮ ਦੀ ਆਵਾਜ਼ : ਇਹਨਾਂ ਧਰਮਾਂ ਦੇ ਗਧੀ-ਗੇੜ 'ਚ ਕਿਉਂ ਪੈਨੀ-ਐਂ ਸੀਤ ਕੁਰੇ? ਇਹ ਤਾਂ ਵੱਡੇ ਆਦਮੀਆਂ ਦੀ ਸਮਝ 'ਚ ਆਉਣ ਵਾਲੀਆਂ ਗੱਲਾਂ ਨੇ!

ਦਾਨੀ ਦੀ ਆਵਾਜ਼ : ਜੇ ਗੜਵੇ ਦਾ ਘਿਓ ਮੇਰੀਏ ਧੀਏ ਥਾਲੀ 'ਚ ਡੁਲ੍ਹ-ਜੇ ਤਾਂ ਡੁੱਲ੍ਹਿਆ ਨਾ ਜਾਣੀਏ !

(ਅੰਤ ਵਿੱਚ ਲੱਛੇ, ਰਾਮ ਤੇ ਦਾਨੀ ਦੀਆਂ ਆਵਾਜ਼ਾਂ ਲਗਾਤਾਰ ਟਕਰਾਉਂਦੀਆਂ ਹਨ। ਵਿੱਚ ਵਿੱਚ ਸੀਤੋ ਦੀ ਆਵਾਜ਼ 'ਪਰ ਮੇਰਾ ਧਰਮ ਵੀ ਆਉਂਦੀ ਹੈ ਪਰ ਇਹਨਾਂ ਆਵਾਜਾਂ ਵਿੱਚ ਕਿਤੇ ਰੁਲ ਜਾਂਦੀ ਹੈ। ਅਖੀਰ ਇੱਕਲੀ ਦਾਨੀ ਦੀ ਆਵਾਜ਼ 'ਜੇ ਗੜਬੇ ਦਾ ਘਿਉਂ ਗੂੰਜਦੀ ਰਹਿੰਦੀ ਹੈ। ਹੌਲੀ ਹੌਲੀ ਆਵਾਜ਼ ਮੱਧਮ ਪੈਂਦੀ ਬੰਦ ਹੋ ਜਾਂਦੀ ਹੈ।)

(ਸੀਤੋ ਦੁਚਿੱਤੀ ਵਿੱਚੋਂ ਨਿਕਲ ਆਉਂਦੀ ਹੈ। ਉਹਦੇ ਬੁੱਲ੍ਹਾਂ 'ਤੇ ਮੁਸਕ੍ਰਾਹਟ, ਜਿਸ ਵਿੱਚ ਵਿਅੰਗ ਤੇ ਉਦਾਸੀ ਹੈ, ਆਉਂਦੀ ਹੈ। ਮਨ ਵਿੱਚ ਕੋਈ ਫੈਸਲਾ ਕਰਦੀ ਹੈ। ਫੇਰ ਮੰਜੇ ਉੱਤੇ ਪਏ ਲਛਮਣ ਨੂੰ ਇਕ ਟਿਕ ਵੇਖਦੀ ਹੈ। ਫੇਰ ਪਹਿਲਾਂ ਸੱਜੇ ਪਾਸੇ ਵਾਲਾ ਤੇ ਫੇਰ ਖੱਬੇ ਪਾਸੇ ਵਾਲਾ ਦਰਵਾਜ਼ਾ ਬੰਦ ਕਰਦੀ ਹੈ। ਇਸ ਪਿੱਛੋਂ ਤਪਲਾ ਚੁੱਕ ਕੇ ਝਲਾਨੀ ਵਿਚ ਚਲੀ ਜਾਂਦੀ ਹੈ। ਥਾਲ ਵਿਚ ਰੋਟੀ ਅਤੇ ਸਾਗ ਪਾ ਕੇ ਮੁੜ ਬਾਹਰ ਆਉਂਦੀ ਹੈ। ਲਛਮਣ ਦੇ ਮੰਜੇ ਵੱਲ ਤੁਰਦੀ ਹੈ, ਪਰ ਫਿਰ ਕਿਸੇ ਖਿਆਲ ਨਾਲ ਇਕ ਦਮ ਰੁਕ ਜਾਂਦੀ ਹੈ।)

ਪਿੱਛੋਂ ਗੀਤ ਦੀ ਹੇਕ ਉਭਰਦੀ ਹੈ
"ਤੇਰੀ ਅਗਨ ਪ੍ਰੀਖਿਆ ਮਾਂ ਸੀਤਾ
ਹਰ ਯੁੱਗ ਵਿਚ ਹਰ ਸਮਾਜ ਕਰਦਾ।
ਕਿਹੜੀ ਗੱਲ ਤੋਂ ਦੁਬਿਧਾ ਵਿਚ ਫਸਦੀ,
ਜੀਹਦੀ ਲਾਜ ਰੱਖੀ, ਓਹੀ ਪਾੜ ਪੜਦਾ।

(ਅੰਤਮ ਫ਼ੈਸਲਾ ਲੈ ਕੇ ਸਾਬਤ ਕਦਮੀਂ ਸੀਤੋ ਬੈਠਕ ਵੱਲ ਜਾਂਦੀ



ਹੈ)

ਸੀਤੋ : ('ਦੇਹਲੀਂ ਲੰਘ ਕੇ) ਮਖਾਂ ਲਾਭੇ ਦਿਆ ਤਾਇਆ? (ਲਛਮਣ ਵੱਲੋਂ ਕੋਈ ਜਵਾਬ ਨਹੀਂ ਆਉਂਦਾ) ਮਖਾਂ ਜੀ ਬੋਲਦਾ ਨੀਂ, ਮੈਂ ਤਾਂ ਤੇਰੇ ਆਸਤੇ 'ਰੋਟੀ ਲੈ ਕੇ ਆਈਐਂ!

ਲਛਮਣ : (ਹੈਰਾਨੀ ਅਤੇ ਬੇਯਕੀਨੀ ਵਿੱਚ ਉਠਦਾ) ਸੀ.... ਤੋ...ਤੂੰ? ਮੇਰੇ ਲਈ ਰੋਟੀ....

ਸੀਤੋ : (ਮੰਜੇ ਦੀ ਬਾਹੀ ਉੱਤੇ ਬੈਠਦੀ ਹੋਈ) ਹਾਂਅ ਮੈਂ! ਤੂੰ 'ਜਿੱਤਿਆ' ਮੈਂ 'ਹਾਰੀ' (ਥਾਲ ਅੱਗੇ ਕਰਦੀ ਹੋਈ) ਲੈ 'ਰੋਟੀ' ਖਾ!

(ਕੰਬਦੇ ਹੱਥਾਂ ਨਾਲ ਲਛਮਣ ਥਾਲੀ ਵੱਲ ਹੱਥ ਵਧਾਉਂਦਾ ਹੈ ਤੇ ਇਸ ਸਥਿਤੀ ਵਿੱਚ ਉਹ ਅਹਿੱਲ ਹੋ ਜਾਂਦੇ ਹਨ। ਪਿੱਛੋਂ ਸ਼ੁਰੂ ਵਾਲੇ ਗੀਤ ਦੀਆਂ ਅੰਤਮ ਸਤਰਾਂ ਉਭਰਦੀਆਂ ਹਨ:)

ਪਰ ਇਕ ਰਾਮ ਲੱਛਾ ਤੇ ਸੀਤਾ
ਅੱਜ ਸਾਡੇ ਨੇ ਮੂਹਰੇ।
ਇਹਨਾ ਦੀ ਕਥਾ ਕੌਣ ਕਰੇਗਾ
ਜੋ ਨਾ ਅੱਧੇ ਨਾ ਪੂਰੇ?

(ਗੀਤ ਦੇ ਨਾਲ ਹੀ ਹੌਲੀ ਹੌਲੀ ਪਰਦਾ ਡਿਗਦਾ ਹੈ।)

# ਚਾਬੀਆਂ

**ਆਤਮਜੀਤ**

---

## ਪਾਤਰ

| | | | |
|---|---|---|---|
| ਘਣਸ਼ਾਮ | : | ਇੱਕ ਭ੍ਰਿਸ਼ਟਾਚਾਰੀ ਅਫ਼ਸਰ | – 35 ਕੁ ਸਾਲ |
| ਸੁਲਟਨ | : | ਉਸ ਦਾ ਰਸੋਈਆ | – 40 ਕੁ ਸਾਲ |
| ਜੀਵਨ | : | ਕਾਰ ਡਰਾਈਵਰ | – 30 ਕੁ ਸਾਲ |
| ਰੱਖੀ | : | ਬੁੱਢੀ ਨੌਕਰਾਣੀ | – 50 ਕੁ ਸਾਲ |
| | | ਚਾਬੀ 1 | – 20 ਕੁ ਸਾਲ |
| | | ਚਾਬੀ 2 | – 20 ਕੁ ਸਾਲ |

ਪਰਦਾ ਉੱਠਣ ਉਤੇ ਇਕ ਰੌਸ਼ਨੀ ਮੰਚ ਦੇ ਸੱਜੇ ਹਿੱਸੇ ਵਿੱਚ ਪੈਂਦੀ ਹੈ ਸਾਰੇ ਮੰਚ ਉਤੇ ਹੌਲੀ ਹੌਲੀ ਰੌਸ਼ਨੀ ਵਧਦੀ ਹੈ। ਖੁਲ੍ਹਾ ਮੰਚ ! ਮੰਚ ਵਿਚਕਾਰ ਦੋ ਅਲਮਾਰੀਆਂ ਹਨ– ਇਕ ਲੱਕੜ ਦੀ ਅਤੇ ਦੂਸਰੀ ਲੋਹੇ ਦੀ। ਇਕ ਪਾਸੇ ਲੱਕੜ ਦੀ ਇਕ ਪੁਰਾਣੀ ਪੇਟੀ ਹੈ। ਇਨ੍ਹਾਂ ਤਿੰਨਾਂ ਦੇ ਅੱਗੇ ਦੋ ਕੁਰਸੀਆਂ ਅਤੇ ਇਕ ਸੈਂਟਰ ਟੇਬਲ ਹੈ। ਦੋਹਾਂ ਕੁਰਸੀਆਂ ਦੀਆਂ ਬਾਹੀਆਂ ਦੇ ਨਾਲ ਇਕ ਇਕ ਸੁੰਦਰ ਮੂੜ੍ਹਾ ਪਿਆ ਹੋਇਆ ਹੈ। ਇਸ ਸਾਰੇ ਸਾਮਾਨ ਦੀ ਜੜਤ ਵਿਚੋਂ ਇਕ ਤਰਤੀਬ ਨਜ਼ਰ ਆਉਂਦੀ ਹੈ।

(ਸਟੀਲ ਦੀ ਅਲਮਾਰੀ ਪਿੱਛੇ ਜੀਵਨ ਦਾ ਮੰਚ ਉਤੇ ਪਰਵੇਸ਼ ਹੁੰਦਾ ਹੈ।
ਲੱਕੜੀ ਦੀ ਅਲਮਾਰੀ ਦੇ ਪਿੱਛੋਂ ਸੁਲਟਨ ਸਟੇਜ ਵੱਲ ਭੱਜਦਾ ਹੈ।)

ਜੀਵਨ : (ਬਾਹਰ ਆ ਕੇ) ਆ ਜਾ, ਆ ਜਾ, ਏਥੇ ਕੋਈ ਨਹੀਂ, ਸਭ ਸ਼ਾਂਤੀ ਏ। ਅਸੀਂ ਖੁਲ੍ਹ ਕੇ ਸਾਰੀਆਂ ਗੱਲਾਂ ਕਰ ਸਕਦੇ ਆਂ– ਆਪਣੇ ਅਸਲੀ ਰੂਪ ਦੀਆਂ ਗੱਲਾਂ। ਤੂੰ ਏਥੇ ਬੈਠ ਜਾ, ਮੈਂ ਮਹਿਫਿਲ ਗਰਮ ਕਰਦਾਂ।

ਸੁਲਟਨ : (ਬਾਹਰ ਆਉਂਦਾ ਹੋਇਆ) ਆਪਾਂ ਲੁਕ ਕੇ ਬੈਠ ਜਾਈਏ,



ਐਵੇਂ ਸਾਨੂੰ ਕੋਈ ਦੇਖ ਲਏਗਾ।

ਜੀਵਨ : ਰਿਹਾ ਨਾ ਲੱਕੜ ਦਾ ਲੱਕੜ। ਤੇਰੀਆਂ ਗੱਲਾਂ ਵਿਚ ਵੀ ਤੇਰੇ ਵਰਗੀ ਟੁੱਟ–ਭੱਜ ਏ, ਬਹੁਤ ਖਸਤਾ ਹਾਲਤ ਏ ਤੇਰੀ ਤਾਂ ।

ਸੁਲਟਨ : (ਸੱਜੇ ਪਾਸੇ ਵੇਖ ਕੇ) ਪਰ ਜੇ ਸਾਨੂੰ ਮਾਲਕਾਂ ਨੇ ਦੇਖ ਲਿਆ ਤਾਂ ਸਾਡਾ ਸਾਰਾ ਭਾਂਡਾ ਫੁੱਟ ਜਾਵੇਗਾ।

ਜੀਵਨ : ਤੇਰਾ ਕੀ ਖਿਆਲ ਐ ਭਾਂਡਾ ਸਿਰਫ ਤੇਰਾ ਈ ਏ। ਦੁਨੀਆਂ ਵਿਚ ਹਰ ਮਨੁੱਖ ਦੇ ਅਡੰਬਰ ਦਾ ਇਕ ਭਾਂਡਾ ਹੁੰਦਾ ਏ ਤੇ ਭਾਂਡਾ ਕਿਸੇ ਦਾ ਵੀ ਫੁੱਟ ਸਕਦਾ ਏ–ਕਦੇ ਵੀ ।

ਸੁਲਟਨ : ਪਰ ਆਪਾਂ ਬਹੁਤ ਕੱਚੇ ਭਾਂਡੇ ਆਂ, ਤੇ ਉਤੋਂ ਜਾਣ ਬੁਝ ਕੇ ਖਹਿ ਰਹੇ ਆਂ।

ਜੀਵਨ : ਫੇਰ ਭੀ ਆਪਾਂ ਨਹੀਂ ਟੁਟ ਸਕਦੇ।

ਸੁਲਟਨ : ਕਿਉਂ ?

ਜੀਵਨ : ਕਿਉਂਕਿ ਆਪਾਂ ਭਰੇ ਹੋਏ ਆਂ।

ਸੁਲਟਨ : ਭਰੇ ਹੋਏ ਕਿਉਂ ਨਹੀਂ ਫੁਟਦੇ ?

ਜੀਵਨ : ਬਾਬਾ ਤੂੰ ਫਿਲਾਸਫੀਆਂ ਨਾ ਝਾੜ, ਕੰਮ ਦੀ ਗੱਲ ਕਰ

ਸੁਲਟਨ : ਇਹੋ ਤਾਂ ਮੈਂ ਕਹਿਨਾਂ ਕਿ ਤੂੰ ਮਜਲਸ ਨਾ ਲਾ। ਆ ਉਸ ਨੁਕਰ ਵਿਚ ਲਗ ਕੇ ਜਲਦੀ ਜਲਦੀ ਗੱਲ ਕਰ ਲਈਏ।

ਜੀਵਨ : ਨਹੀਂ, ਆਪਾਂ ਕਿਹੜੀ ਲੁਕੋ ਵਾਲੀ ਗੱਲ ਕਰਨੀ ਏਂ, ਆਪਣੇ ਹਮਸਫਰਾਂ ਨਾਲ ਖੁਲ੍ਹ ਕੇ ਗੱਲ ਕਰਾਂਗੇ।

ਸੁਲਟਨ : ਅੱਛਾ ਬਾਬਾ ਕਰ ਲੈ।

ਜੀਵਨ : ਲੈ ਫਿਰ ਤੂੰ ਬਹਿ ਜਾ ਏਥੇ, ਮੈਂ ਸ਼ੁਰੂ ਕਰਦਾਂ।

ਸੁਲਟਨ : (ਬਹਿੰਦਾ ਹੋਇਆ) ਅਹਿ ਲੈ ਬਹਿ ਗਿਆ।

[ਮੰਚ ਉਤੇ ਇਕ ਵਡੇ ਆਕਾਰ ਦੇ ਦਾਇਰੇ ਵਿਚ ਰੌਸ਼ਨੀ ਰਹਿ ਜਾਂਦੀ ਹੈ ਜਿਸ ਵਿਚ ਕੇਵਲ ਕੁਰਸੀਆਂ, ਮੂੜ੍ਹੇ ਤੇ ਮੇਜ਼ ਦੇਖੇ ਜਾ ਸਕਦੇ ਹਨ। ਅਲਮਾਰੀਆਂ, ਪੇਟੀ, ਪਰਦਾ ਅਤੇ ਗਲੋਬ ਦਾ ਲੋਪ ਹੋ ਜਾਂਦਾ ਹੈ। ਜੀਵਨ ਮੇਜ਼ ਤੋਂ ਇਕ ਪੇਪਰ ਵੇਟ ਚੁੱਕ ਕੇ ਹੱਥ 'ਚ ਫੜਦਾ ਹੈ ਅਤੇ ਇਕ ਪਾਸੇ ਜਾ ਕੇ ਉਹਨੂੰ ਮੂੰਹ ਸਾਹਮਣੇ ਇਉਂ ਲਿਆਉਂਦਾ ਹੈ ਜਿਵੇਂ ਉਹ ਮਾਈਕ ਹੋਵੇ]

ਜੀਵਨ : ਹੈਲੋ, ਹੈਲੋ, ਮਾਈਕ ਟੈਸਟਿੰਗ.....ਵਨ ਫੋਰ ਇਲੈਵਨ

ਸਿਕਸ.....ਉਹ ਹੋ (ਪੇਪਰ ਵੇਟ ਨੂੰ ਪੂੰਝਦਾ ਹੈ) ਵਨ ਟੂ ਸਿਕਸ ਫੋਰ ਟੈੱਨ..... ਈਡੀਅਟ,.......ਨਾਨ ਸੈਂਸ (ਪੇਪਰ ਵੇਟ ਨੂੰ ਚੁਪੇੜ ਮਾਰਦਾ ਹੈ। ਫਿਰ ਤਿਆਰ ਹੋ ਕੇ ਬੋਲਦਾ ਹੈ) ਵਨ ਟੂ ਥਰੀ ਸੈਵਨ ਏਟ, ਫਿਫਟੀਨ, ਫੋਰ ਸੇਮ।

[ਘੂਰਦਾ ਹੈ]

ਸੁਲਟਨ : (ਖਿਝਿਆ ਹੋਇਆ) ਓ ਬਾਬਾ ਠੀਕ ਐ, ਤੂੰ ਕੁਝ ਬੋਲ ਮਰ ਵੀ ਸਹੀ।

ਜੀਵਨ : (ਪੇਪਰ ਵੇਟ ਸਾਹਮਣੇ ਹੀ) ਇਕ ਦੋ ਤਿੰਨ ਚਾਰ ਪੰਜ ਛੇ ਸੱਤ ਅੱਠ, (ਖੁਸ਼ ਹੋ ਕੇ) ਹੁਣ ਠੀਕ ਐ ਬਿਲਕੁਲ ਤਰਤੀਬ ਵਿਚ। ਲਓ ਜੀ ਸੁਣੋ।

ਸੁਲਟਨ : ਬੋਲੋ

ਜੀਵਨ : ਏਸ ਕਮਰੇ ਦੀਓ ਕੁਰਸੀਓ, ਮੇਜ਼ੋ, ਮੂੜਿਓ, ਬਾਰੀਓ, ਦਰਵਾਜਿਓ ਅਤੇ ਹੋਰ ਮਾੜੀ ਮੋਟੀ ਨਿਕਸੁਕ ਜੀ, ਮੈਂ....ਮੈਂ ਹਾਂ। ਯਾਨੀ ਮੈਂ ਆਪ ਸਭ ਦਾ ਹਮਸਫਰ ਹਾਂ। ਤੁਹਾਡੇ ਨਾਲ ਜੀਉਂਦਾ ਹਾਂ ਅਤੇ ਤੁਹਾਡੇ ਨਾਲ ਹੀ ਜ਼ਿੰਦਗੀ ਦਾ ਹਰ ਦੁੱਖ ਸਾਂਝਾ ਕਰਦਾ ਹਾਂ। ਸਾਡੀਆਂ ਤੁਹਾਡੀਆਂ ਮੁਸ਼ਕਲਾਂ ਵੀ ਸਾਂਝੀਆਂ ਨੇ। ਤੁਸੀਂ ਮੈਨੂੰ ਫੇਰ ਵੀ ਪੁਛੋਗੇ ਕਿ ਮੈਂ ਕੌਣ ਹਾਂ। ਮੈਂ ਇਸ ਕਮਰੇ ਦੀ ਅਲਮਾਰੀ ਹਾਂ। ਦਾਸ ਨੂੰ ਗੌਡਰੇਜ ਕਹਿੰਦੇ ਨੇ। ਵੈਸੇ ਮੇਰਾ ਨਾ ਹੋਰ ਕੁਝ ਵੀ ਹੋ ਸਕਦਾ ਏ। ਮੈਂ ਆਪਣੇ ਜਨਮ ਤੋਂ ਹੀ ਇਸ ਘਰ ਵਿਚ ਜੁੜਿਆ ਹੋਇਆ ਹਾਂ। ਇਹ ਘਰ ਵੀ ਮੇਰੀ ਦੁਨੀਆਂ ਏਂ। (ਸੁਲਟਨ ਵਲ ਇਸ਼ਾਰਾ ਕਰਕੇ) ਇਨ੍ਹਾਂ ਨੂੰ ਵੀ ਮਿਲ। ਇਹ ਕਿਡੇ ਬਦਕਿਸਮਤ ਨੇ, ਇਨ੍ਹਾਂ ਦਾ ਹਾਲੇ ਕੋਈ ਨਾਂ ਈ ਨਹੀਂ ਪਿਆ, ਕਿਉਂਕਿ ਇਹ ਲੱਕੜ ਦੀ ਅਲਮਾਰੀ ਨੇ। ਕਦੇ ਲੱਕੜ ਦਾ ਵੀ ਨਾ ਹੋਇਆ ਏ? ਲੱਕੜ ਤਾਂ ਲੱਕੜ ਈ ਹੁੰਦੀ ਏ। ਵੈਸੇ ਇਹ ਅੱਜ ਦੇ ਏਸ ਸਮਾਗਮ ਦੀ ਪ੍ਰਧਾਨਗੀ ਕਰ ਰਹੇ ਨੇ। ਬੜੀ ਚੁਪ-ਚਾਪ ਤਬੀਅਤ ਹੈ ਇਨ੍ਹਾਂ ਦੀ।

ਸੁਲਟਨ : ਤੂੰ ਕੰਮ ਦੀ ਤੇ ਕੋਈ ਗੱਲ ਨਹੀਂ ਕਰ ਰਿਹਾ, ਐਵੇਂ ਭੂਮਿਕਾ ਹੀ ਬੰਨ੍ਹੀ ਜਾਨਾ ਏਂ।

ਜੀਵਨ : ਪ੍ਰਧਾਨ ਜੀ, ਲੱਕੜ ਦੀ ਅਲਮਾਰੀ ਜੀ, ਭੂਮਿਕਾ ਵੀ



ਤੇ ਕੰਮ ਦੀ ਹੋ ਸਕਦੀ .ਹਾਂ ਤੇ ਮੈਂ ਕਹਿ ਰਿਹਾ ਸਾਂ ਕਿ ਇਨ੍ਹਾਂ ਦਾ ਸੁਭਾ ਬੜਾ ਸੰਤੋਖੀ ਏ, ਇਹ ਰੌਲਾ-ਗੌਲਾ ਨਹੀਂ ਪਾਉਂਦੇ। ਇਨ੍ਹਾਂ ਦੇ ਵਿਚ ਜੇ ਕੋਈ ਜਾ ਵੱਜੇ ਤਾਂ ਬਹੁਤ ਆਵਾਜ਼ ਵੀ ਪੈਦਾ ਨਹੀਂ ਕਰਦੇ, ਵੱਜਣ ਵਾਲੇ ਦਾ ਭਾਵੇਂ ਗੋਡਾ ਜਾਂ ਮੋਢਾ ਹਿਲ ਜਾਏ। ਚਾਰ ਪੰਜ ਸਾਲ ਬਾਦ ਮਾਲਕ ਇਨ੍ਹਾਂ ਦੀ ਵਾਰਨਿਸ਼ ਕਰਾ ਦਿੰਦਾ ਏ ਇਹ ਲਿਸ਼ਕ ਪੈਂਦੇ ਨੇ।

ਸੁਲਟਨ : ਤੂੰ ਇਹ ਕੀ ਬਕਵਾਸ ਕਰੀ ਜਾ ਰਿਹਾ ਏਂ?

ਜੀਵਨ : ਤੁਸੀਂ ਚੁਪ ਰਹੋ ਜੀ.......ਹਾਂ ਤੇ ਮੈਂ ਕਹਿ ਰਿਹਾ ਸਾਂ, ਇਹ ਬਹੁਤ ਚੰਗੇ ਨੇ, ਚੰਗ ਚੋਖਾ ਆਕਾਰ ਏ ਇਨ੍ਹਾਂ ਦਾ। ਬਹੁਤ ਪੁਰਾਣੇ ਹੋਣ ਕਾਰਨ ਇਨ੍ਹਾਂ ਦੇ ਕਬਜ਼ਿਆ ਨੂੰ ਜ਼ੰਗ ਲਗ ਗਿਆ ਏ। ਜਦੋਂ ਇਨ੍ਹਾਂ ਦਾ ਦਰਵਾਜ਼ਾ ਖੁਲ੍ਹਦਾ ਏ ਤਾਂ 'ਚੀ' ਦੀ ਆਵਾਜ਼ ਆਉਂਦੀ ਏਂ। ਪਤਾ ਈ ਨਹੀਂ ਲਗਦਾ ਰੋਂਦੇ ਨੇ ਕਿ ਹਸਦੇ ਨੇ।

ਸੁਲਟਨ : ਤੂੰ ਤਾ ਮੇਰੀ ਬਦਖੋਈ ਕਰ ਰਿਹਾ ਏਂ?

ਜੀਵਨ : ਲੈ ਇਹ ਤਾਂ ਸਿਫਤ ਹੋਈ ਕਿ ਆਵਾਜ਼ ਰੋਣ ਵਰਗੀ ਵੀ ਜਾਪੇ ਤੇ ਹੱਸਣ ਵਰਗੀ ਵੀ।

ਸੁਲਟਨ : ਕੋਈ ਕੰਮ ਦੀ ਗੱਲ ਕਰ।

ਜੀਵਨ : ਓਹੋ, ਤੁਸੀਂ ਗੁੱਸਾ ਕਰ ਗਏ, ਮੈਂ ਮਾਫ਼ੀ ਚਾਹਨਾਂ ਵਾਂ। (ਦੋ ਹੱਥ ਜੋੜ ਕੇ ਸਿਰ ਝੁਕਾਂਦਾ ਹੈ। ਜਦੋਂ ਸਿਰ ਚੁਕਦਾ ਹੈ ਤਾਂ ਤਰਬਕ ਕੇ ਬੋਲਦਾ ਹੈ) ਉਹ ਮਾਲਕ ਆ ਗਿਆ, ਚਲ ਭਜੀਏ ਅਲਮਾਰੀ ਹੋ ਜਾਈਏ।

[ਸਾਰੇ ਮੰਚ ਉਤੇ ਚਾਨਣ ਹੁੰਦਾ ਹੈ। ਦੋਵੇਂ ਅਲਮਾਰੀਆਂ ਪਿਛੇ ਜਾ ਲੁਕਦੇ ਹਨ। ਇਕ ਪਾਸਿਓਂ ਮਾਲਕ ਪਰਵੇਸ਼ ਕਰਦਾ ਹੈ।]

ਘਣਸ਼ਾਮ : (ਦੁਖੀ ਚਿਹਰੇ ਨਾਲ ਆਉਂਦਿਆਂ) ਇਸ ਬਾਸ ਦੇ ਪੁੱਤਰ ਨੇ ਵੀ ਮੈਨੂੰ ਕੀ ਸਮਝ ਰਖਿਆ ਹੈ, ਰੋਜ਼ ਦਿਹਾੜੀ ਤੰਗ ਕਰਦਾ ਏ, ਜਿਵੇਂ ਇਹ ਈ ਇਕ ਇਨਸਾਨ ਜੰਮਿਆ ਏਂ ਅਸੀਂ ਤਾਂ ਖਿਡੌਣੇ ਆਂ (ਆਵਾਜ਼ ਮਾਰਦਾ ਹੈ) ਸੁਲਟਨ, ਉਹ ਸੁਲਟਨ (ਪਹਿਲੇ ਸੁਰ ਵਿਚ ਹੀ) ਵਾਹ, ਨਾ ਆਪ ਖਾਂਦਾ ਏ ਨਾ ਕਿਸੇ ਨੂੰ ਖਾਣ ਦਿੰਦਾ ਏ। ਕਿਹੜਾ ਐਸ. ਡੀ. ਓ. ਏ. ਜਿਹੜਾ ਤਨਖਾਹ ਦੇ ਸਿਰ ਚਲਦਾ ਏ?

ਤਨਖਾਹ ਤਾਂ ਓਵਰ ਟਾਈਮ ਹੁੰਦਾ ਏ, ਤਿੰਨ ਤਿੰਨ ਨੌਕਰ, ਕਾਰ, ਕੋਠੀ ਸਭ ਕਿਵੇਂ ਮਰ ਗਿਆ ਤੂੰ ? (ਪਹਿਲਾ ਅੰਦਾਜ਼) ਨਾਲੇ ਭਲਾ ਕੋਈ ਪੁੱਛੇ ਪਈ ਸਰਕਾਰ ਕੋਲੋਂ ਕੀ ਲੈਨੇ ਆਂ ? ਠੇਕੇਦਾਰ ਨੇ ਟੈਂਡਰ ਭਰੇ ਨੇ, ਉਹਦਾ ਆਪਣਾ ਪਰਾਫਿਟ ਏ। ਜੇ ਅਸੀਂ ਉਹਦਾ ਹਿਸਾ ਵੰਡਾ ਲਿਆ ਤਾਂ ਸਰਕਾਰ ਦਾ ਕੀ ਲਾਹ ਲਿਆ ? [ਸੁਲਟਨ ਆਉਂਦਾ ਹੈ]

ਸੁਲਟਨ : ਜੀ ਹਜ਼ੂਰ

ਘਣਸ਼ਾਮ : ਜੀ ਹਜ਼ੂਰ ਦਾ ਪੁੱਤਰ, ਕਿਥੇ ਮਰ ਗਿਆ ਸੀ ?

ਸੁਲਟਨ : (ਡਰਦਾ-ਡਰਦਾ) ਓਹ ਜੀ, ਓਹ ਜੀ, ਮੈਂ ਜੀਵਨ ਨਾਲ ਅਲਮਾ....।

ਘਣਸ਼ਾਮ : ਇਹਦਾ ਮਤਲਬ ਏ ਤੂੰ ਅਲਮਾਰੀ ਖੋਲ੍ਹਦਾ ਰਿਹਾ ਏਂ।

ਸੁਲਟਨ : ਨਹੀਂ ਜੀ, ਇਹ ਤਾਂ ਅਸਾਡਾ ਸੁਭਾ ਹੀ ਨਹੀਂ।

ਘਣਸ਼ਾਮ : ਵਡਾ ਆਇਆ ਹਰੀਸ਼ ਚੰਦਰ। ਇਥੇ ਵੱਡੇ ਵੱਡੇ ਹਿੱਲੇ ਹੋਏ ਨੇ, ਤੂੰ ਆਪਣੇ ਆਪ ਨੂੰ ਕੀ ਸਮਝਨਾ ਏਂ ? ਦਸ ਮੈਨੂੰ, ਅਲਮਾਰੀ ਖੋਲ੍ਹੀ ਊ ?

ਸੁਲਟਨ : ਨਹੀਂ ਜੀ ।

ਘਣਸ਼ਾਮ : ਝੂਠ ਬੋਲਦਾ ਏਂ ?

ਸੁਲਟਨ : ਹਜ਼ੂਰ ਤੁਸੀਂ ਆਪ ਸੋਚੋ, ਮੈਂ ਅਲਮਾਰੀ ਕਿਵੇਂ ਖੋਲ੍ਹ ਸਕਦਾਂ, ਚਾਬੀ ਤਾਂ ਤੁਹਾਡੀ ਜੇਬ ਵਿਚ ਏ।

ਘਣਸ਼ਾਮ : ਫੇਰ ਤੂੰ ਅਲਮਾਰੀ ਦਾ ਨਾਂ ਕਿਉਂ ਲਿਆ ?

ਸੁਲਟਨ : ਬਸ ਜੀ ਐਵੇਂ ਮੂੰਹ ਤੇ ਆ ਗਿਆ।

ਘਣਸ਼ਾਮ : ਰੋਟੀ ਤਿਆਰ ਏ ?

ਸੁਲਟਨ : ਜੀ ਬਣਾ ਰਿਹਾਂ।

ਘਣਸ਼ਾਮ : ਜਾਹ, ਚਾਹ ਬਣਾ ਕੇ ਲਿਆ। (ਜਾਂਦਾ ਹੈ) ਐਵੇਂ ਮੂੰਹ ਤੇ ਆ ਗਿਆ। ਅਜ ਉਹ ਐਕਸੀਐਨ ਦਾ ਬੱਚਾ ਰਾਊਂਡ ਤੇ ਆਇਆ, ਉਹ ਵੀ ਕਹਿੰਦਾ ਐਵੇਂ ਆ ਗਿਆ। ਇਨ੍ਹਾਂ ਦੀ ਐਵੇਂ ਵਿਚ ਸਾਡਾ ਭਾਵੇਂ ਸਭ ਕੁਝ ਰੁੜ੍ਹ ਜਾਏ ! ਸਰਕਾਰ ਵੀ ਪਤਾ ਨਹੀਂ, ਇਹੋ ਜਿਹੇ ਅਫਸਰ ਕਿਉਂ ਭਰਤੀ ਕਰ ਲੈਂਦੀ ਏ। ਭਲਾ ਅੱਜ ਕਲ੍ਹ ਈਮਾਨਦਾਰ ਹੋਣਾ ਕਿੱਧਰ ਦਾ ਪੁੰਨ ਏਂ ? ਸਗੋਂ ਜਿੰਨੇ ਈਮਾਨਦਾਰ ਹੋਵੋ ਓਨ੍ਹਾਂ ਹੀ ਦੇਸ਼ ਦਾ ਨੁਕਸਾਨ ਏ। ਈਮਾਨਦਾਰ ਨੇ



ਕੀ ਕੰਮ ਕਰਨਾ ਹੋਇਆ ਭਲਾ ? ਕੰਮ ਹਮੇਸ਼ਾ ਮੇਰੇ ਵਰਗੇ ਅਫ਼ਸਰ ਈ ਕਰਦੇ ਨੇ। ਈਮਾਨਦਾਰ ਨੂੰ ਭਲਾ ਕੰਮ ਕਰਨ ਵੀ ਕੌਣ ਦਿੰਦਾ ਏ ? ਸਾਰੇ ਈਮਾਨਦਾਰ ਹੋ ਜਾਣ ਤਾਂ ਦੇਸ਼ ਦਾ ਭੱਠਾ ਈ ਬੈਠ ਜਾਏ। ਜੀਵਨ ਓਏ ਜੀਵਨ ।

[ਕਮੀਜ਼ ਦੀਆਂ ਬਾਹਾਂ ਟੁੰਗਦਾ ਜੀਵਨ ਆਕੜ ਕੇ ਤੁਰਦਾ ਹੋਇਆ ਪਰਵੇਸ਼ ਕਰਦਾ ਹੈ।]

ਜੀਵਨ : ਜੀ ਹਜ਼ੂਰ

ਸੁਲਟਨ : ਗੱਡੀ ਠੀਕ ਐ ?

ਜੀਵਨ : ਉਹਦਾ ਵਿਗੜਿਆ ਕੀ ਐ ?

ਸੁਲਟਨ : ਤੂੰ ਸਿਰਫ ਮੇਰੀ ਗੱਲ ਦਾ ਜਵਾਬ ਦੇਹ।

ਜੀਵਨ : ਮੈਂ ਤੁਹਾਡੀ ਗੱਲ ਦਾ ਈ ਜਵਾਬ ਦਿੱਤੈ ਗੱਡੀ ਦਾ ਕੁਝ ਨਹੀਂ ਵਿਗੜਿਆ। ਆਪਾਂ ਹੁਣੇ ਈ ਤਾਂ ਆਏ ਆਂ ਆਫਿਸ ਤੋਂ ਘਰ ਤੱਕ।

ਘਣਸ਼ਾਮ : ਇਹ ਮੈਨੂੰ ਕੀ ਹੋ ਗਿਆ ਏ ?

ਜੀਵਨ : ਮੈਨੂੰ ਕੀ ਪਤਾ ਜੀ ?

ਘਣਸ਼ਾਮ : ਅੱਛਾ, ਜਾ ਰੌਲਾ ਨਾ ਪਾ, ਗੱਡੀ ਠੀਕ ਕਰਾ ਲਿਆ, ਲੋੜ ਪੈ ਜਾਂਦੀ ਏ।

ਜੀਵਨ : ਹਜ਼ੂਰ ਮੈਂ ਦੱਸਿਆ ਤਾਂ ਏ ਕਿ ਗੱਡੀ ਦਾ ਕੁਝ ਨਹੀਂ ਵਿਗੜਿਆ।

ਘਣਸ਼ਾਮ : ਅੱਛਾ, ਦਫ਼ਾ ਹੋ (ਜਾਂਦਾ ਹੈ) । ਇਨ੍ਹਾਂ ਸਾਰਿਆਂ ਨੂੰ ਪਤਾ ਨਹੀਂ ਕੀ ਹੋ ਗਿਆ ਏ। ..ਪਰ ਨਹੀਂ, ਇਨ੍ਹਾਂ ਦਾ ਵੀ ਕੀ ਕਸੂਰ ਏ ? ਕਸੂਰ ਤਾਂ ਮੇਰਾ ਏ,.....ਪਰ ਮੇਰਾ ਕੀ ਕਸੂਰ ਏ ? ਸਾਰਾ ਸਿਆਪਾ ਬਾਸ ਨੇ ਪਾਇਆ ਏ। ਜਦੋਂ ਮੈਂ ਜਾ ਕੇ ਪੁਛਿਆ ਕਿ ਮੇਰਾ ਐਕਸਪਲੇਨੇਸ਼ਨ ਕਾਲ ਕਿਉਂ ਕੀਤਾ, ਤਾਂ ਕਹਿੰਦਾ ਉਤੋਂ ਆਰਡਰ ਆਏ ਨੇ। ਉਤੋਂ ਕੋਈ ਅਸਮਾਨੋਂ ਆਰਡਰ ਉਤਰਨੇ ਨੇ ? ਨਾ ਆਪ ਜੀਉਂਦਾ ਏ ਨਾ ਕਿਸੇ ਨੂੰ ਜੀਊਣ ਦਿੰਦਾ ਏ ? ਐਵੇਂ ਖੇਡਾਂ ਖੇਡੀ ਜਾਂਦਾ ਏ।

[ਸੁਲਟਨ ਆਉਂਦਾ ਹੈ। ਉਹਦੇ ਹੱਥ ਵਿਚ ਕੱਪ ਪਲੇਟ ਹਨ।]

ਸੁਲਟਨ : ਲਓ ਹਜ਼ੂਰ,

ਘਣਸ਼ਾਮ : ਓਏ ਤੇਰਾ ਦਿਮਾਗ ਤੇ ਨਹੀਂ ਪਾਗਲ ਹੋ ਗਿਆ ?

ਸੁਲਟਨ : ਪਤਾ ਨਹੀਂ ਜੀ।

[ਸੁਲਟਨ ਕੰਬਣ ਲਗ ਪੈਂਦਾ ਹੈ ਤੇ ਪਲੇਟ ਵਿਚ ਟੱਪ ਖੜਕਣ ਲਗਦਾ ਹੈ।]

ਘਣਸ਼ਾਮ : ਮੈਂ ਪੁੱਛਦਾਂ, ਰੋਟੀ ਦਾ ਵੇਲਾ ਏ ਕਿ ਚਾਹ ਦਾ ?

ਸੁਲਟਨ : ਰੋਟੀ ਦਾ ਜੀ।

ਘਣਸ਼ਾਮ : ਫੇਰ ਰੋਟੀ ਲੈ ਕੇ ਆ।

ਸੁਲਟਨ : ਅਛਾ ਜੀ।

[ਸੁਲਟਨ ਜਾਣ ਲਗਦਾ ਹੈ।

ਘਣਸ਼ਾਮ : ਪਰ ਤੂੰ ਚਾਹ ਕਿਉਂ ਬਣਾਈ ਏ ?

ਸੁਲਟਨ : ਤੁਸੀਂ ਕਿਹਾ ਸੀ।

ਘਣਸ਼ਾਮ : (ਗਰਜ ਕੇ) ਮੈਂ ਕਿਉਂ ਕਿਹਾ ਸੀ ?

ਸੁਲਟਨ : ਪਤਾ ਨਹੀਂ ਜੀ।

ਘਣਸ਼ਾਮ : ਤੈਨੂੰ ਕੁਝ ਵੀ ਪਤਾ ਨਹੀਂ। ਜਾ ਰੋਟੀ ਲਾ ਡਾਈਨਿੰਗ ਟੇਬਲ ਤੇ। (ਸੁਲਟਨ ਮੁੜਦਾ ਹੈ) ਓਏ ਗਲ ਸੁਣ।

ਸੁਲਟਨ : : ਦੱਸੋ ਜੀ (ਘਣਸ਼ਾਮ ਚੁਪ ਰਹਿੰਦਾ ਹੈ। ਸੁਲਟਨ ਕੋਲ ਜਾ ਕੇ ਫੇਰ ਪੁੱਛਦਾ ਹੈ) ਦੱਸੋ ਜੀ।

ਘਣਸ਼ਾਮ : ਦਫਾ ਹੋ ਜਾ (ਸੁਲਟਨ ਜਾਂਦਾ ਹੈ) ਇਹਨੂੰ ਕੁਝ ਵੀ ਪਤਾ ਨਹੀਂ। ਕਮਾਲ ਐ, ਏਥੇ ਕਿਸੇ ਨੂੰ ਵੀ ਕੁਝ ਨਵੀਂ ਪਤਾ ਸਾਰਾ ਬਾਸ ਦਾ ਬੇੜਾ ਗਰਕ ਹੋਇਐ। ਮੂਡ ਹੀ ਆਫ ਕਰ ਦਿਤਾ ਸੂ। ਮੈਨੂੰ ਤਾਂ ਖਿਡੌਣਾ ਸਮਝ ਰਖਿਐ ਉਸ ਨੇ ......

[ਮਾਲਿਕ ਬਾਹਰ ਜਾਂਦਾ ਹੈ]

ਸੁਲਟਨ : (ਅਲਮਾਰੀ ਦੇ ਪਿੱਛੋਂ) ਓ........ਓ......

ਜੀਵਨ : ਹਾਂ ਕੀ ਐ ?

ਸੁਲਟਨ : ਬਾਹਰ ਆ।

ਜੀਵਨ : (ਬਾਹਰ ਆ ਕੇ) ਹਾਂ ਦੱਸ ਕੀ ਏ।

ਸਲਟਨ : (ਪਿੱਛੋਂ ਹੀ) ਏਥੇ ਕੋਈ ਹੈ ਤਾਂ ਨਹੀਂ ?

ਜੀਵਨ : ਨਹੀਂ, ਕੋਈ ਨਹੀਂ। (ਸੁਲਟਨ ਵੀ ਬਾਹਰ ਆਉਂਦਾ ਹੈ, ਵੱਡੇ ਗੋਲੇ ਦੇ ਆਕਾਰ ਦੀ ਰੋਸ਼ਨੀ ਰਹਿ ਜਾਂਦੀ ਹੈ) ਪਰ ਤੂੰ ਦੁਖੀ ਕਿਉਂ ਹੁੰਨਾ ਏਂ ? ਬੋਲਦਾ ਨਹੀਂ ?



ਸੁਲਟਨ : ਇਕ ਗਲ ਸਚੋ ਸਚ ਦੱਸ।

ਜੀਵਨ : ਅਗੇ ਮੈਂ ਝੂਠ ਬੋਲਨਾਂ ?

ਸੁਲਟਨ : ਨਹੀਂ, ਪਰ ਤੂੰ ਹਮੇਸ਼ਾਂ ਹੱਸ ਕੇ ਟਾਲ ਦੇਨਾ ਏਂ।

ਜੀਵਨ : ਚਲ ਨਹੀਂ ਟਾਲਦਾ, ਪੁੱਛ।

ਸੁਲਟਨ : ਤੂੰ ਬਹੁਤ ਖ਼ੁਸ਼ ਏਂ ?

ਜੀਵਨ : ਤੈਨੂੰ ਕਿਸੇ ਬੇਵਕੂਫ ਨੇ ਕਿਹੈ ?

ਸੁਲਟਨ : ਫੇਰ ਤੂੰ ਹੱਸਦਾ ਕਿਉਂ ਏਂ ?

ਜੀਵਨ : ਦੁਖੀ ਬੰਦੇ ਲਈ ਹਸਣਾ ਮਨ੍ਹਾ ਏਂ ?

ਸੁਲਟਨ : ਜੇ ਉਹ ਹੱਸਦਾ ਈ ਰਿਹਾ ਤਾਂ ਦੁਖੀ ਹੋਣ ਦਾ ਕੀ ਫਾਇਦਾ ?

ਜੀਵਨ : ਦੁਖੀ ਹੋ ਕੇ ਹੱਸਣ ਵਿਚ ਬੜਾ ਸਵਾਦ ਏ।

ਸੁਲਟਨ : ਕਾਹਦਾ ਸਵਾਦ ?

ਜੀਵਨ : ਜ਼ਿੰਦਗੀ ਦਾ।

ਸੁਲਟਨ : ਉਹ ਕਿੱਦਾਂ ਦਾ ਹੁੰਦਾ ਏ ?

ਜੀਵਨ : ਕਦੇ ਹੱਸ ਕੇ ਦੇਖ ਲੈ।

ਸੁਲਟਨ : (ਲੰਬਾ ਸਾਹ ਲੈ ਕੇ) ਪਰ ਮੇਰੇ ਕੋਲੋਂ ਤਾਂ ਹੱਸਿਆ ਵੀ ਨਹੀਂ ਜਾਂਦਾ, ਤੇ ਜੇ ਕਦੇ ਮੌਕਾ ਬਣਨ ਲਗਦਾ ਏ ਤਾਂ ਉਹ ਕੰਬਖਤ ਮਾਲਕ ਆ ਧਮਕਦਾ ਏ। ਕਦੇ ਚਾਹ ਮੰਗਦਾ ਏ ਤੇ ਕਦੇ ਰੋਟੀ।

ਜੀਵਨ : ਤੇ ਤੂੰ ਘਬਰਾ ਜਾਨਾ ਏਂ।

ਸੁਲਟਨ : ਹੋਰ ਕੀ ਕਰਾਂ ? ਅਲਮਾਰੀ ਜੁ ਹੋਇਆ।

ਜੀਵਨ : ਪਰ ਘਾਬਰਨ ਨਾਲ ਕੀ ਹੋਵੇਗਾ ?

ਸੁਲਟਨ : ਇਹੋ ਤਾਂ ਮੈਨੂੰ ਪਤਾ ਨਹੀ ਲਗਦਾ।

ਜੀਵਨ : (ਇਕ ਪਾਸੇ ਜਾ ਕੇ) ਵਾਹ, ਏਸ ਨੂੰ ਕੁਝ ਪਤਾ ਈ ਨਹੀਂ ਲੱਗਦਾ।ਘਰਦਿਆਂ ਏਹਦਾ ਨਾਂ ਰਖਿਆ ਸੀ ਸੁਲਤਾਨ, ਪਰ ਏਸ ਨੂੰ ਕੁਝ ਪਤਾ ਈ ਨਹੀਂ ਲਗਦਾ। ਤਦੇ ਤਾਂ ਲੋਕ ਇਸ ਨੂੰ ਸੁਲਟਨ ਕਹਿੰਦੇ ਨੇ (ਸੁਲਟਨ ਨੂੰ) ਤੂੰ ਬਸ ਏਨਾ ਯਾਦ ਰਖ ਕਿ ਤੂੰ ਇਕ ਅਲਮਾਰੀ ਏਂ, ਲੱਕੜ ਦੀ ਅਲਮਾਰੀ, ਜਿਸ ਦਾ ਅਲੀਗੜ੍ਹ ਦਾ ਜੰਦਰਾ ਭਾਵੇਂ ਬੰਦ ਹੋਵੇ ਤੇ ਭਾਵੇਂ ਖੁੱਲ੍ਹਾ, ਚਾਬੀ ਹਮੇਸ਼ਾਂ ਮਾਲਕ ਦੀ ਜੇਬ ਵਿਚ ਰਹਿੰਦੀ ਏ।

ਸੁਲਟਨ : (ਸੋਚ ਕੇ, ਲਾਗੇ ਆਕੇ) ਆਪਾਂ ਉਹ ਚਾਬੀ ਕੱਢ ਕਿਉਂ ਨਹੀਂ ਲੈਂਦੇ ?

ਜੀਵਨ : ਫੇਰ ਕੀ ਹੋ ਜਾਏਗਾ ?

ਸੁਲਟਨ : ਮਾਲਕ ਤੰਗ ਹੋਵੇਗਾ।

ਜੀਵਨ : ਸਾਨੂੰ ਕੀ ਸੁਖ ਮਿਲੇਗਾ ?

ਸੁਲਟਨ : (ਉਸੇ ਨਿਰਾਸਤਾ ਵਿਚ) ਕੁਝ ਵੀ ਨਹੀਂ, ਪਰ ਹੋਰ ਮੈਂ ਕਰਾਂ ਵੀ ਕੀ ?

ਜੀਵਨ : ਹੱਸਿਆ ਕਰ।

ਸੁਲਟਨ : (ਗੁੱਸੇ ਵਿਚ) ਆਹੋ ਤੂੰ ਤਾਂ ਕਹਿਣਾ ਹੀ ਹੋਇਆ, ਗੋਡਰੇਜ ਦੀ ਅਲਮਾਰੀ ਜੂ ਹੋਇਆ ਤੈਨੂੰ ਰੋਜ਼ ਮਾਲਕਣ ਜੂ ਖੋਲ੍ਹਦੀ ਹੋਈ, ਆਪਣੇ ਕੂਲੇ ਹੱਥਾਂ ਨਾਲ ਤੂੰ ਤਾਂ ਓਹਦੇ ਕੋਲ ਰਹਿਨੈਂ। ਮੈਨੂੰ ਖੋਲ੍ਹਣ ਆ ਵੜਦੀ ਏ ਬੁਢੀ ਫਾਫਾਂ, ਕਮਜ਼ੋਰ ਨੌਕਰਾਣੀ।

ਜੀਵਨ : ਅੱਛਾ, ਤੈਨੂੰ ਇਸ ਗੱਲ ਦਾ ਸਾੜਾ ਏ।

ਸੁਲਟਨ : ਤੇ ਹੋਰ ਨਹੀਂ, ਮੈਂ ਤਾਂ ਹੋਇਆ ਨਾ ਬੁੱਢਾ ਪੁਰਾਣਾ। ਮੇਰੇ ਅੰਦਰ ਇਹਨਾਂ ਦੁਨੀਆਂ ਭਰ ਦਾ ਗੰਦ ਲਿਆ ਵਾੜਿਐ, ਟੁੱਟੇ ਛਿੱਤਰ ਤੇ ਬੋ ਮਾਰੇ ਕਪੜੇ ਜੰਗਾਲੀਆਂ ਹਥੌੜੀਆਂ ਤੇ ਪੇਚਕਸ ਤੇ ਇਕ ਖਾਨੇ ਵਿਚ ਦਵਾਈਆਂ ਦੀਆਂ ਪੁਰਾਣੀਆਂ ਸ਼ੀਸ਼ੀਆਂ।

ਜੀਵਨ : ਦੇਖ ਲੈ ਫੇਰ ਵੀ ਤੇਰੇ ਬਗ਼ੈਰ ਗੁਜ਼ਾਰਾ ਨਹੀਂ ਇਨ੍ਹਾਂ ਦਾ...।

ਸੁਲਟਨ : ਹੋਰ ਤਾਂ ਹੋਰ ਇਕ ਖਾਨੇ ਵਿਚ ਆਟੇ ਦਾ ਪੀਪਾ ਲਿਆ ਧਰਿਆ ਏ।

ਜੀਵਨ : ਫੇਰ ਦੁਖੀ ਕਿਉਂ ਹੁੰਦਾ ਏਂ ?

ਸੁਲਟਨ : ਹੋਵਾਂ ਨਾ ? ਤੇਰੇ ਅੰਦਰ ਤਾਂ ਸੋਹਣੀਆਂ ਸਾੜ੍ਹੀਆਂ ਨੇ, ਮੇਮ ਸਾਹਿਬ ਦੇ ਵਲਾਇਤੀ ਬਲਾਊਜ਼ ਤੇ ਉਹ ਵੀ ਕਪੜੇ ਜਿਨ੍ਹਾਂ ਦਾ ਨਾਂ ਨਹੀਂ ਲਈਦਾ।

ਜੀਵਨ : ਪਰ ਮੈਂ ਥੋੜਾ ਉਨ੍ਹਾਂ ਨੂੰ ਕਿਹਾ ਏ ਕਿ ਮੇਰੇ ਵਿਚ ਇਹ ਸਭ ਕੁਝ ਰਖੋ।

ਸੁਲਟਨ : ਆਹੋ, ਤੂੰ ਤਾਂ ਗਲਾਂ ਬਣਾਉਣੀਆਂ ਈ ਹੋਈਆਂ। ਮੈਨੂੰ ਪਤੈ ਤੇਰੇ ਅੰਦਰ ਜਿਹੜਾ ਲਾਕਰ ਲਗਾ ਹੋਇਆ ਏ ਨਾ, ਉਸ ਵਿਚ ਬੜੇ ਕੀਮਤੀ ਗਹਿਣੇ ਨੇ, ਤੇ ਨੋਟਾਂ



ਦੀਆਂ ਬਹੁਤ ਸਾਰੀਆਂ ਥੱਦੀਆਂ।

ਜੀਵਨ : (ਗੰਭੀਰ ਹੋ ਕੇ) ਪਰ ਤੂੰ ਕਦੇ ਇਹ ਤਾਂ ਨਹੀਂ ਸੋਚਿਆ ਹੋਣਾ ਕਿ ਇਸ ਅੰਦਰਲੇ ਹਨੇਰੇ ਤੇ ਹੁੰਮਸ ਵਿਚ ਮੇਰਾ ਸਾਹ ਕਿੰਨਾਂ ਘੁਟਦਾ ਹੋਵੇਗਾ ?

ਸੁਲਟਨ : ਮੇਰਾ ਨਹੀਂ ਘੁਟਦਾ ?

ਜੀਵਨ : ਤੇਰੀਆਂ ਝੀਤਾਂ ਥਾਣੀਂ ਕਾਫੀ ਚਾਨਣ ਲੰਘ ਜਾਂਦੈ, ਤੈਨੂੰ ਰੋਸ਼ਨੀ ਮਿਲਦੀ ਏ। ਇਸ ਘਰ ਵਿਚ ਵਾਪਰਦੀ ਹਰ ਗਲ ਤੋਂ ਜਾਣੂ ਹੁੰਦਾ ਏਂ ਤੇ ਮੈਂ ਆਪਣੇ ਅੰਦਰ ਧੁਖਦਾ ਰਹਿੰਦਾਂ । ਸੋਹਣੀ ਜਗ੍ਹਾ ਮਿਲ ਜਾਣ ਨਾਲ ਭਾਗ ਤਾਂ ਨਹੀਂ ਸੋਹਣੇ ਹੋ ਜਾਂਦੇ ?

ਸੁਲਟਨ : ਇਹ ਤਾਂ ਤੂੰ ਠੀਕ ਕਿਹਾ ਏ।

ਜੀਵਨ : ਫੇਰ ਇਹ ਵੀ ਸੋਚ ਕਿ ਤੈਨੂੰ ਤਾਂ ਉਹ ਕਈ ਵੇਰ ਜੰਦਰਾ ਲਾਉਂਦੇ ਨੇ ਤੇ ਕਈ ਵੇਰ ਨਹੀਂ। ਪਰ ਮੈਨੂੰ ਤਾਂ ਦੂਹਰਾ ਲਾਕ ਏ, ਅੰਦਰ ਵੀ ਤੇ ਬਾਹਰ ਵੀ।

ਸੁਲਟਨ : ਫੇਰ ਮਾਲਕ ਮੇਰੇ ਨਾਲ ਖਿਝ ਕੇ ਕਿਉਂ ਬੋਲਦਾ ਏ ?

ਜੀਵਨ : ਇਸ ਗੱਲ ਦਾ ਕੋਈ ਜਵਾਬ ਨਹੀਂ।

ਸੁਲਟਨ : ਕਿਉਂ ਨਹੀਂ ? ਇਸ ਲਈ ਕਿ ਉਹ ਤੇਰੇ ਅਗੇ ਔਖਾ ਨਹੀਂ ਹੋ ਸਕਦਾ ਤੇ ਮੈਨੂੰ ਡਾਂਟ ਸਕਦਾ ਏ ?

ਜੀਵਨ : ਇਸ ਗੱਲ ਦਾ ਵੀ ਕੋਈ ਜਵਾਬ ਨਹੀਂ।

ਸੁਲਟਨ : ਇਸ ਲਈ ਕਿ ਤੂੰ ਸੋਹਣਾ ਏਂ ? ਉਸ ਨੂੰ ਤੇਰੀ ਵਧੇਰੇ ਲੋੜ ਏ। ਤੂੰ ਕਾਰ ਚਲਾਉਂਦਾ ਏਂ ਤੇ ਮੈਂ ਰਸੋਈਆ

ਜੀਵਨ : ਇਸ ਗੱਲ ਦਾ ਵੀ ਕੋਈ ਜਵਾਬ ਨਹੀਂ।

ਸੁਲਟਨ : ਫਿਰ ਜਵਾਬ ਹੈ ਕਾਹਦਾ ?

ਜੀਵਨ : ਇਸ ਗੱਲ ਦਾ ਕਿ ਇਹ ਸਭ ਕੁਝ ਇਸੇ ਤਰ੍ਹਾਂ ਹੀ ਹੁੰਦਾ ਏ।

ਸੁਲਟਨ : ਸਵਾਹ ਹੁੰਦਾ ਹੈ ਵੱਡਾ ਆਇਆ ਆਪਣੇ ਆਪ ਨੂੰ ਸਿਆਣਾ ਸਮਝਣ ਵਾਲਾ। ਹੁਣੇ ਤਾਂ ਕਹਿੰਦਾ ਸੈਂ ਕਿ ਆਪਣੇ ਅੰਦਰ ਸਭ ਕੁਝ ਏ।

ਜੀਵਨ : ਹਾਂ ਹੈ। ਮੈਂ ਹੁਣ ਵੀ ਕਹਿਨਾ।

ਸੁਲਟਨ : ਫੇਰ ਆਪਾਂ ਕੁਝ ਕਰ ਨਹੀਂ ਸਕਦੇ।

ਜੀਵਨ : ਅਸੀ ਕੁਝ ਵੀ ਨਹੀਂ ਕਰ ਸਕਦੇ।

ਸੁਲਟਨ : ਕਿਉਂ ? ਕਿਉਂ ਨਹੀਂ ਕਰ ਸਕਦੇ ?

ਜੀਵਨ : ਕਿਉਂਕਿ ਅਸੀਂ ਅਲਮਾਰੀਆਂ ਹਾਂ।

ਸੁਲਟਨ : ਫੇਰ ਕੀ ਹੋਇਆ ? ਅਸੀਂ ਆਪਣੇ ਅੰਦਰ ਰਖਿਆ ਮਾਲ ਚੋਰੀ ਕਰ ਸਕਦੇ ਆਂ, ਸਭ ਕੁਝ ਲੈ ਕੇ ਨੱਸ ਸਕਦੇ ਆਂ।

ਜੀਵਨ : ਤੈਨੂੰ ਦੱਸਿਆ ਤਾਂ ਹੈ ਕਿ ਅਸੀਂ ਅਲਮਾਰੀਆਂ ਹਾਂ ਅਲਮਾਰੀਆਂ। ਅਲਮਾਰੀਆਂ ਕਦੇ ਵੀ ਚੋਰੀ ਨਹੀਂ ਕਰ ਸਕਦੀਆਂ। ਇਹ ਸਾਡਾ ਸੁਭਾ ਹੀ ਨਹੀਂ। ਅਸੀਂ ਆਪਣੇ ਸੁਭਾ ਦੇ ਗੁਲਾਮ ਆਂ। ਹਰ ਬੰਦਾ ਆਪਣੇ ਸੁਭਾ ਦਾ ਗੁਲਾਮ ਏ।

ਸੁਲਟਨ : ਕਿੱਡੀ ਮਜ਼ਬੂਰੀ ਏ ! ਸਾਡੇ ਅੰਦਰ ਸਭ ਕੁਝ ਹੁੰਦਿਆਂ ਅਸੀਂ ਕੁਝ ਵੀ ਨਹੀਂ। ਅਸੀਂ ਸਾਰਾ ਘਰ ਸਾਂਭਿਆ ਹੋਇਆ ਏ ਪਰ ਇਕ ਦੀਵਾਰ ਨਾਲ ਲੱਗੇ ਹੋਏ ਹਾਂ।......ਜੇ ਸਾਡੇ ਅੰਦਰਲੇ ਖਾਨੇ ਇਕ ਹੋ ਜਾਣ ਤਾਂ ਵਖਤ ਪੈ ਜਾਏ। ਸਭ ਕੁਝ ਰਲ ਮਿਲ ਕੇ ਇਕ ਭੂਚਾਲ ਲੈ ਆਉਣ........ਪਰ ਸਾਡੀ ਕਿਸਮਤ ਨੇ ਸਾਡਾ ਸਾਰਾ ਕੁਝ ਖਾਨਿਆਂ ਵਿਚ ਪਾ ਦਿੱਤਾ ਏ, ਅਸੀਂ ਆਪਣੇ ਆਪ ਵਿਚ ਵੰਡੇ ਗਏ ਹਾਂ। ਇਕ ਖਾਨੇ ਨੂੰ ਪਤਾ ਨਹੀਂ ਦੂਸਰੇ ਵਿਚ ਕੀ ਏ, ਦੂਸਰੇ ਨੂੰ ਪਤਾ ਨਹੀਂ ਤੀਸਰੇ ਵਿਚ ਕੀ ਏ ਤੇ ਤੀਸਰੇ ਨੂੰ ਵੀ ਪਤਾ ਨਹੀਂ ਪਹਿਲੇ ਵਿਚ ਕੀ ਏ ? ਸਾਨੂੰ ਸਾਡਾ ਹੀ ਪਤਾ ਨਹੀਂ। ਇਹ ਕੀ ਬਕਵਾਸ ਏ ?

ਜੀਵਨ : ਇਹ ਬਕਵਾਸ ਨਹੀਂ, ਸੱਚ ਏ।

ਸੁਲਟਨ : ਕਿਸ ਤਰ੍ਹਾਂ ਦਾ ਸੱਚ ਏ ? ਜੇ ਮੇਰੇ ਸਾਰੇ ਖਾਨੇ ਇਕ ਹੋ ਜਾਣ ਤਾਂ ਇਹ ਸਾਰੀਆਂ ਦਵਾਈਆਂ ਆਟੇ ਵਿਚ ਰਲ ਜਾਣ, ਹਥੌੜੀ ਅਤੇ ਪੇਚਕਸ ਦਾ ਜੰਗ ਲੱਥ ਜਾਵੇ ਤੇ ਬੋ ਮਾਰੇ ਕਪੜਿਆਂ ਵਿਚ ਹੋਰ ਏਨੀ ਬੋ ਭਰ ਜਾਵੇ ਕਿ ਸਭ ਦਾ ਜੀਣਾ ਮੁਸ਼ਕਲ ਹੋ ਜਾਏ।

ਜੀਵਨ : ਇਹ ਤੇਰਾ ਭੁਲੇਖਾ ਏ।

ਸੁਲਟਲ : ਨਹੀਂ, ਮੈਂ ਠੀਕ ਕਹਿ ਰਿਹਾਂ।

ਜੀਵਨ : ਮੈਂ ਵੀ ਠੀਕ ਕਹਿ ਰਿਆਂ, ਇਹ ਤੇਰੀ ਖੁਸ਼ਫਹਿਮੀ ਏ।

ਸੁਲਟਨ : ਨਹੀਂ ਤੂੰ ਤਰਫਦਾਰੀ ਕਰ ਰਿਹਾ ਏਂ।

[ਇਕ ਬੁੱਢੀ ਦਾ ਪਰਵੇਸ਼, ਇਹ ਉਹੀ ਨੌਕਰਾਣੀ ਹੈ ਜਿਸ ਨੂੰ



ਸੁਲਟਨ ਨੇ ਫਾਫਾਂ ਕਿਹਾ ਸੀ।]

ਬੁੱਢੀ : ਸਤਿ......ਸ੍ਰੀ.......ਅਕਾਲ, ਸਤਿ.......ਸ੍ਰੀ........ ਅਕਾਲ।

ਸੁਲਟਨ : ਇਹ ਕੌਣ ਏ ?

ਬੁੱਢੀ : ਸਤਿ...ਅਕਾਲ..... ਅਕਾਲ.....ਸ੍ਰੀ.......ਸਤਿ, ਸਤਿ.....ਸ੍ਰੀ ਅਕਾਲ।

ਜੀਵਨ : ਉਹੀ ਤੇਰੀ ਬੁੱਢੀ ਫਾਫਾਂ।

ਸੁਲਟਨ : ਚੱਲ ਭੱਜੀਏ।

ਬੁੱਢੀ : ਬਚਿਓ, ਤੁਸੀਂ ਭੱਜ ਨਹੀਂ ਸਕਦੇ। ਭੱਜਣਾ ਤੁਹਾਡੇ ਸੁਭਾ ਵਿਚ ਈ ਨਹੀਂ। ਨਾਲੇ ਤੁਹਾਡੇ ਤੇ ਘਣਸ਼ਾਮ ਵਿਚ ਫਰਕ ਵੀ ਕੀ ਏ ? ਉਹ ਵੀ ਰੋਗੀ, ਤੁਸੀਂ ਵੀ ਰੋਗੀ।

ਜੀਵਨ : ਏ ਬੁੱਢੀਏ, ਕੀ ਕਹਿ ਰਹੀ ਏਂ ?

ਬੁੱਢੀ : ਜਿਵੇਂ ਤੂੰ ਮੈਨੂੰ ਜਾਣਦਾ ਈ ਨਹੀਂ। ਵਾਹ ਪੁੱਤਰਾ, ਬੜੀ ਐਕਟਿੰਗ ਸਿੱਖ ਗਿਆ ਏਂ।

ਸੁਲਟਨ : ਨਹੀਂ ਮਾਂ, ਸਾਨੂੰ ਨਹੀਂ ਪਤਾ ਤੂੰ ਕੌਣ ਏਂ ?

ਬੁੱਢੀ : ਪਰ ਮੈਨੂੰ ਪਤਾ ਏ ਕਿ ਤੁਸੀਂ ਕੌਣ ਓ। ਤੁਸੀਂ ਅਲਮਾਰੀਆਂ ਹੋ ਅਲਮਾਰੀਆਂ ......ਸਦਕੇ ਜਾਵਾਂ। ਚੁੱਪ ਕਿਉਂ ਕਰ ਗਏ ਓ, ਅੱਛਾ, ਤੁਹਾਡੀ ਮਰਜ਼ੀ, ਮੈਂ ਕਿਉਂ ਦਸਾਂ ਕਿ ਤੂੰ ਡਰਪੋਕ ਸੁਲਟਨ ਏਂ ਤੇ ਤੂੰ ਕੰਬਖਤ ਜੀਵਨ।

ਜੀਵਨ : ਪਰ ਤੂੰ ਇਹ ਸਭ ਕੁਝ ਕਿਵੇਂ ਜਾਣਦੀ ਏਂ ?

ਬੁੱਢੀ : ਇਹ ਤਾਂ ਪੁੱਛ ਲਵੋ ਮੈਂ ਕੌਣ ਆਂ ?

ਸੁਲਟਨ : ਸਾਨੂੰ ਪਤਾ ਏ, ਤੂੰ ਇਸ ਘਰ ਦੀ ਪੁਰਾਣੀ ਨੌਕਰਾਣੀ ਏਂ ?

ਜੀਵਨ : ਘਰ ਦੇ ਮੈਂਬਰਾਂ ਵਾਂਗੂੰ ਰਹਿੰਦੀ ਏਂ, ਹੋਰ ਕੀ ?

ਬੁੱਢੀ : ਹਾਂ, ਬੀਮਾਰੀ ਦੀ ਤਰ੍ਹਾਂ ਵੱਸ ਰਹੀ ਆਂ ਇਸ ਘਰ ਵਿਚ। ਪਰ ਸ਼ਾਇਦ ਤੁਹਾਨੂੰ ਪਤਾ ਨਹੀਂ ਕਿ ਜਿਵੇਂ ਤੁਸੀਂ ਅਲਮਾਰੀਆਂ ਹੋ ਨਾ, ਮੈਂ ਇਸ ਘਰ ਦੀ ਪੇਟੀ ਆਂ। ਔਹ ਸਾਹਮਣੇ ਪਈ ਜੇ ਪੇਟੀ

ਜੀਵਨ : ਇਹਦਾ ਮਤਲਬ ਏ, ਤੂੰ ਸਾਡੀ ਹਰ ਗੱਲ ਸੁਣਦੀ ਏਂ। ਇਹ ਉਮਰ

ਬੁੱਢੀ : ਨਹੀਂ ਪੁੱਤਰਾ, ਇਹ ਉਮਰ ਕੋਈ ਗੱਲਾਂ ਸੁਣਨ ਦੀ ਏ ?

ਨਾਲੇ ਤੁਸੀਂ ਕਿਹੜੀਆਂ ਇਸ਼ਕ ਦੀਆਂ ਗੱਲਾਂ ਕਰਦੇ ਓ। ਤੇ ਜੇ ਕਰੋ ਵੀ ਤੇ ਮੇਰੇ ਕਿਹੜੇ ਕੰਨ ਸਾਥ ਦਿੰਦੇ ਨੇ। ਨਾਲੇ ਇਹੋ ਜਿਹੀਆਂ ਗੱਲਾਂ ਲਈ ਮੈਂ ਬੋਲੀ ਈ ਚੰਗੀ ਆਂ।

ਸੁਲਟਨ : ਫੇਰ ਤੈਨੂੰ ਕਿਵੇਂ ਪਤਾ ਲਗਾ ਅਸੀਂ ਕੌਣ ਆਂ ?

ਬੁੱਢੀ : ਕਿਉਂਕਿ ਤੁਹਾਡਾ ਮਾਲਕ ਹਮੇਸ਼ਾਂ ਤੁਹਾਡੀਆਂ ਚਾਬੀਆਂ ਇਸੇ ਪੇਟੀ ਵਿਚ ਰੱਖਦਾ ਏ, ਤੇ ਮੈਂ ਆਪ ਈ ਤਾਂ ਪੇਟੀ ਆਂ, ਬੜੀ ਪੁਰਾਣੀ ਤੇ ਸਿਆਣੀ ਪੇਟੀ।

ਜੀਵਨ : ਤੂੰ ਤਾਂ ਬੇਵਕੂਫ ਏਂ, ਜੋ ਆਪਣੇ ਆਪ ਨੂੰ ਸਿਆਣੀ ਸਮਝਦੀ ਏਂ ?

ਬੁੱਢੀ : ਨਹੀਂ, ਮੈਂ ਤਾਂ ਨਹੀਂ ਸਮਝਦੀ, ਪਰ ਤੁਹਾਡਾ ਮਾਲਕ ਘਣਸ਼ਾਮ ਜ਼ਰੂਰ ਸਮਝਦਾ ਏ। ਤਾਂ ਈ ਤੇ ਰੋਜ ਤੁਹਾਡੀਆਂ ਚਾਬੀਆਂ ਮੇਰੇ ਅੰਦਰ ਰੱਖਦਾ ਏ। ਮੇਰੇ ਤੋਂ ਬਗੈਰ ਇਥੇ ਕੋਈ ਕੰਮ ਨਹੀਂ ਚਲਦਾ। ਹਰ ਦੁੱਖ ਸੁੱਖ ਵੇਲੇ ਮੇਰਾ ਮੁੱਲ ਪੈਂਦਾ ਏ।

ਸੁਲਟਨ : ਫਿਰ ਤੇਰਾ ਸਾਡਾ ਕੀ ਮੇਲ ਏ ? ਇਕ ਮਾਲਕਣ ਨਿਕਲੀ ਏ ਤੇ ਤੂੰ ਦੂਜੀ ਬਣਨ ਆ ਗਈ ਏਂ ?

ਬੁੱਢੀ : ਨਹੀਂ ਬੱਚਿਆ, ਤੂੰ ਅਲਮਾਰੀ ਏਂ ਤੇ ਮੈਂ ਪੇਟੀ ਆਂ। ਅਸੀਂ ਸਾਰੇ ਇਕੋ ਜਿਹੇ ਹਾਂ, ਆਪੋ ਆਪਣੀ ਥਾਂ ਤੇ ਫਿਟ, ਸਤਿ ਸ੍ਰੀ ਅਕਾਲ।

ਜੀਵਨ : ਤੂੰ ਸਤਿ ਸ੍ਰੀ ਅਕਾਲ ਦੇ ਮਗਰ ਕਿਉਂ ਪੈ ਗਈ ਏਂ ?

ਬੁੱਢੀ : ਅਕਾਲ... ਸ੍ਰੀ.. ਸਤਿ, ਸਤਿ.. ..ਅਕਾਲ ਸ੍ਰੀ, ਸਤਿ ਸ੍ਰੀ ਅਕਾਲ।

ਸੁਲਟਨ : ਇਹ ਕੀ ਪੁਠ-ਸਿਧ ਕਰਨ ਡਹੀ ਏਂ ?

ਬੁੱਢੀ : ਬਚਿਆ, ਮੈਂ ਕਹਿਨੀਂ ਆਂ ਕਿ ਕੇਵਲ ਸਤਿ ਸ੍ਰੀ ਅਕਾਲ ਈ ਢੁਕਦਾ ਏ। ਸ੍ਰੀ ਅਕਾਲ ਸਤਿ ਜਾਂ ਅਕਾਲ ਸ੍ਰੀ ਸਤਿ ਨਾਲ ਗੱਲ ਨਹੀਂ ਬਣਦੀ, ਹਾਲਾਂ ਕਿ ਅਰਥ ਉਹੀ ਨੇ। ਹਰ ਚੀਜ਼ ਆਪਣੇ ਥਾਂ ਤੇ ਈ ਢੁਕਦੀ ਏ ਏਸੇ ਲਈ ਤਾਂ ਮੈਂ ਇਸ ਘਰ ਵਿਚ ਆਂ।

ਜੀਵਨ : ਪਰ ਤੇਰਾ ਤਾਂ ਇਸ ਘਰ ਵਿਚ ਬੜਾ ਥਾਂ ਏ।

ਬੁੱਢੀ : ਹਾਂ, ਤਿੰਨ ਪੁਸ਼ਤਾਂ ਤੋਂ ਏਥੇ ਆਂ। ਘਣਸ਼ਾਮ ਦੀ ਦਾਦੀ



ਦੇ ਦਾਜ ਵਿਚ ਆਈ ਸਾਂ। ਮੈਂ ਪੇਟੀ ਜੁ ਹੋਈ।

ਸੁਲਟਨ : ਦੇਖਿਆ, ਮੈਂ ਤੈਨੂੰ ਕਿਹਾ ਸੀ,ਤੂੰ ਤਰਫਦਾਰੀ ਕਰ ਰਿਹਾ ਏਂ। ਉਹ ਪੇਟੀ ਦਾ ਕੇਵਲ ਇਕ ਖਾਨਾ ਈ, ਉਸ ਨੂੰ ਹਰ ਗੱਲ ਦਾ ਗਿਆਨ ਏ। ਉਹ ਸਾਡੇ ਵਾਂਗ ਵੰਡੀ ਹੋਈ ਨਹੀਂ। ਉਹ ਕਿੰਨੀ ਖੁਸ਼ ਏ। ਤੇ ਅਸੀਂ ਕਲਪਦੇ ਫਿਰਦੇ ਆਂ।

ਬੁੱਢੀ : ਨਹੀਂ ਇਹ ਵੀ ਤੇਰਾ ਭੁਲੇਖਾ ਏ। ਮੈਂ ਘਣਸ਼ਾਮ ਦੇ ਵੀ ਸਾਰੇ ਭੁਲੇਖੇ ਦੂਰ ਕਰਦੀ ਰਹਿੰਦੀ ਆਂ। ਤੈਨੂੰ ਵੀ ਦੱਸ ਦਿਆਂ ਕਿ ਹਰ ਇਕ ਦਾ ਆਪਣਾ ਥਾਂ ਹੁੰਦਾ ਏ ਤੇ ਆਪਣਾ, ਅਰਥ ਸਤਿ ਸ੍ਰੀ ਅਕਾਲ । ਤੂੰ ਆਖੇਂਗਾ ਮੈਂ ਬਹੁਤ ਸਿਆਣੀਆਂ ਗੱਲਾਂ ਕਰਨ ਡਹੀ ਆਂ, ਮੇਰੇ ਕਿਹੜੇ ਧੁੱਪ ਵਿਚ ਵਾਲ ਚਿੱਟੇ ਹੋਏ ਨੇ ?

ਜੀਵਨ : ਪਰ ਇਹ ਤਾਂ ਇਹੋ ਕਹਿ ਰਿਹਾ ਏ ਕਿ ਤੂੰ ਬਹੁਤ ਖੁਸ਼ ਏਂ।

ਬੁੱਢੀ : ਬਸ ਸੰਤੋਖੀ ਆਂ, ਵਰਨਾ ਛੇ ਮਹੀਨੇ ਬਾਦ ਮੈਨੂੰ ਸਾਹ ਆਉਂਦਾ ਏ ਜਦੋਂ ਮੌਸਮ ਬਦਲਦਾ ਏ। ਗਰਮੀਆਂ ਵਿਚ ਮੇਰੇ ਅੰਦਰ ਰਜਾਈਆਂ ਧਰ ਦੇਂਦੇ ਨੇ ਤੇ ਸਰਦੀਆਂ ਵਿਚ ਮਛਰਦਾਨੀਆਂ। ਮੈਨੂੰ ਤਾਂ ਛੇ ਮਹੀਨੇ ਬਾਦ ਹੁੰਮਸ ਤੋਂ ਛੁਟਕਾਰਾ ਮਿਲਦਾ ਏ।

ਸੁਲਟਨ : ਫਿਰ ਭੀ ਤੂੰ ਜੀਉਂਦੀ ਏਂ

ਬੁੱਢੀ : ਹਾਂ ਜਦੋਂ ਘਣਸ਼ਾਮ ਚਾਬੀਆਂ ਰਖਦਾ ਏ ਨਾ ਤਾਂ ਸਾਹ ਆ ਜਾਂਦਾ ਏ। ਪੁਰਾਣੀ ਪੇਟੀ ਆਂ, ਮੇਰੀ ਤਾਂ ਬਹੁਤੀ ਮੁਰੰਮਤ ਵੀ ਨਹੀਂ ਕਰਾਉਂਦੇ। ਟਿੱਡੀਆਂ ਦੇ ਲਾਂਘੇ ਨੂੰ ਰੋਕਣ ਲਈ ਕਦੇ ਕਦਾਈਂ ਕਿੱਲ ਠੋਕ ਦਿੰਦੇ ਨੇ।

ਜੀਵਨ : ਤੇ ਫੇਰ ਤੂੰ ਇਸ ਘਰ ਵਿਚ ਕਿਉਂ ਟਿਕੀ ਹੋਈ ਏਂ ?

ਬੁੱਢੀ : ਸਤਿ ਸ੍ਰੀ ਅਕਾਲ........ਪੱਕਾ ਟਿਕਾਣਾ ਬਦਲਣਾ ਬਹੁਤ ਔਖਾ ਏ। ਨਾਲੇ ਇਹ ਸਾਡੇ ਹੱਕ ਵਿਚ ਥੋੜਾ ਏ। ਲੈ ਮੈਂ ਤਾਂ ਭੁੱਲ ਹੀ ਗਈ, ਮੈਨੂੰ ਘਣਸ਼ਾਮ ਨੇ ਪਾਣੀ ਲਈ ਆਖਿਆ ਸੀ।

[ਬੁੱਢੀ ਬਾਹਰ ਜਾਂਦੀ ਹੈ ਤੇ ਪਿੱਛੋਂ ਸੁਲਟਨ ਤੇ ਜੀਵਨ ਵੀ ਉਸ ਦੇ ਪਿੱਛੇ ਪਿੱਛੇ ਚਲੇ ਜਾਂਦੇ ਹਨ। ਘਣਸ਼ਾਮ ਪਰਵੇਸ਼ ਕਰਦਾ ਹੈ। ਸਾਰਾ

ਮੰਚ ਰੌਸ਼ਨ ਹੋ ਜਾਂਦਾ ਹੈ।]

ਘਣਸ਼ਾਮ : ਕਿਥੇ ਮਰ ਗਈ ਏਂ......ਰੱਖੀ ਉਹ ਰੱਖੀ । ਸਭ ਇਕੋ ਜੇਹੇ ਇਕੱਠੇ ਕੀਤੇ ਹੋਏ ਨੇ।ਰੱਖੀ.........ਰੱਖੀ.........

ਬੁੱਢੀ : (ਆਉਂਦੀ ਹੋਈ) ਲੈ ਕਾਕਾ ਕਾਹਲਾ ਕਿਉਂ ਪੈ ਗਿਆ ਏਂ ?

[ਪਾਣੀ ਫੜਾਉਂਦੀ ਹੈ ਪਰ ਉਹ ਨਹੀਂ ਫੜਦਾ।]

ਘਣਸ਼ਾਮ : ਤੈਨੂੰ ਕਈ ਵੇਰ ਕਿਹਾ ਏ ਮੇਰਾ ਆਪਣੇ ਆਪ ਤੇ ਕੋਈ ਕਾਬੂ ਨਹੀਂ, ਉਤੋਂ ਬਾਸ ਨੇ ਸਿਆਪਾ ਪਾ ਦਿੱਤਾ ਏ।

ਬੁੱਢੀ : ਕੀ ਹੋ ਗਿਆ ? ਤੂੰ ਰੋਜ਼ ਈ ਬਾਸ ਤੋਂ ਤੰਗ ਆਇਆ ਰਹਿੰਦਾ ਏਂ ?

ਘਣਸ਼ਾਮ : ਤੈਨੂੰ ਨਹੀਂ ਪਤਾ, ਉਹ ਆਪਣੀ ਮਨਮਾਨੀ ਕਰਦਾ ਏ।

ਬੁੱਢੀ : ਬੇਟਾ ਗੁੱਸਾ ਨਾ ਕਰੀਂ, ਮਨਮਾਨੀ ਭਲਾ ਕੌਣ ਨਹੀਂ ਕਰਦਾ ? ਸਾਰੇ ਈ ਵਸ ਲਗਦੀ ਮਨਮਾਨੀ ਕਰਦੇ ਨੇ ਤੂੰ ਨਹੀਂ ਕਰਦਾ ?

ਘਣਸ਼ਾਮ : ਮੈਂ ਕੀ ਕੀਤਾ ਏ ? ਤੈਨੂੰ ਸ਼ਰਮ ਨਹੀਂ ਆਉਂਦੀ ਅਜਿਹੀਆਂ ਗੱਲਾਂ ਕਰਦੀ ਨੂੰ। ਜਿਸ ਥਾਲੀ ਵਿਚ ਖਾਂਦੀ ਏਂ ਉਸੇ ਵਿਚ ਛੇਕ ਕਰਦੀ ਏਂ।

ਬੁੱਢੀ : ਬੇਟਾ ਘਣਸ਼ਾਮ, ਕਿਉਂ ਕੁਫ਼ਰ ਤੋਲਦਾ ਏਂ ? ਮੈਂ ਤੈਨੂੰ ਇਨ੍ਹਾਂ ਹੱਥਾਂ ਨਾਲ ਪਾਲਿਆ ਏ। ਮੈਥੋਂ ਤੇਰਾ ਕੀ ਲੁਕਿਆ ਏ ? ਸੱਚ ਪੁੱਛੇਂ ਤਾਂ ਮਨਮਾਨੀ ਕੋਈ ਕਰ ਈ ਨਹੀਂ ਸਕਦਾ। ਮਨ ਤੇ ਕਿਸੇ ਦਾ ਕਾਬੂ ਹੋਵੇ ਤਾਂ ਮਨਮਾਨੀ ਕਰੇ। ਉਂਜ ਤੇਰੀ ਮਨਮਾਨੀ ਕਰਕੇ ਈ ਤਾਂ ਸ਼ਕੁੰਤਲਾ ਇਸ ਘਰ ਵਿਚ ਟਿਕ ਨਹੀਂ ਸਕੀ।

ਘਣਸ਼ਾਮ : ਤੂੰ ਕੀ ਬੋਲ ਰਹੀਂ ਏਂ ?

ਬੁੱਢੀ : ਮੈਂ ਠੀਕ ਕਹਿ ਰਹੀ ਆਂ। ਸ਼ਕੁੰਤਲਾ ਵਰਗੀ ਵਹੁਟੀ ਤੈਨੂੰ ਸੌ ਜਨਮ ਨਹੀਂ ਨਸੀਬ ਹੋਣੀ ਤੇ ਹੁਣ ਇਕੱਲਾ ਈ ਤੜਫੀਂ ਜ਼ਿੰਦਗੀ ਭਰ।

ਘਣਸ਼ਾਮ : (ਗਰਜ ਕੇ) ਰੱਖੀ।

ਬੁੱਢੀ : ਮੈਂ ਗਲਤ ਨਹੀਂ ਕਿਹਾ, ਪਾਣੀ ਪੀ ਲੈ ਕੁਝ ਠੰਡ ਪਵੇ ਤੇਰੇ ਦਿਮਾਗ ਨੂੰ (ਘਣਸ਼ਾਮ ਪਾਣੀ ਪੀਂਦਾ ਹੈ) ਬੱਸ ਹਮੇਸ਼ਾ ਝੱਲੀਆਂ ਗੱਲਾਂ ਈ ਕਰਦਾ ਰਹਿੰਦੈ। (ਘਣਸ਼ਾਮ ਖਾਲੀ



ਗਿਲਾਸ ਰੱਖੀ ਨੂੰ ਫੜਾਉਂਦਾ ਹੈ) ਚਲ ਦੋ ਘੜੀਆਂ ਆਰਾਮ ਕਰ ਲੈ, ਤੇਰੀ ਜ਼ਿੰਦਗੀ ਵਿਚ ਤਾਂ ਟਿਕਾਵ ਹੈ ਈ ਨਹੀਂ।

[ਦੋਵੇਂ ਮੰਚ ਤੋਂ ਬਾਹਰ ਚਲੇ ਜਾਂਦੇ ਹਨ। ਜੀਵਨ ਡਰਾਈਵਰ ਤੇ ਸੁਲਟਨ ਰਸੋਈਆ ਮੰਚ ਤੇ ਪਰਵੇਸ਼ ਕਰਦੇ ਹਨ। ਰੋਸ਼ਨੀਆਂ ਬੁਝਦੀਆਂ ਹਨ। ਇਕ ਦਾਇਰਾ ਰਹਿ ਜਾਂਦਾ ਹੈ।]

ਸੁਲਟਨ : ਦੇਖਿਆ ਈ ਕਿਵੇ ਬੁੱਢੀ ਦਾ ਗੁਲਾਮ ਏ।

ਜੀਵਨ : ਬੁੱਢੀ ਦਾ ਨਹੀਂ, ਆਪਣੀ ਆਦਮ ਦਾ ਗੁਲਾਮ ਕਹਿ।

ਸੁਲਟਨ : ਫਿਰ ਇਸ ਫਾਫਾਂ ਕੋਲੋਂ ਏਨੀਆਂ ਗੱਲਾਂ ਕਿਉਂ ਸੁਣਦਾ ਏ ?

ਜੀਵਨ : ਉਹ ਸਣਾਂਦੀ ਏ। ਉਹ ਇਸ ਘਰ ਦਾ ਸਭ ਕੁਝ ਜਾਣਦੀ ਏ।

ਸੁਲਟਨ : ਉਸ ਨੂੰ ਕੱਢ ਕਿਉਂ ਨਹੀਂ ਦੇਂਦਾ ?

ਜੀਵਨ : ਇਹੋ ਜਿਹੀ ਵਧੀਆ ਤੇ ਸਸਤੀ ਪੇਟੀ ਦੁਬਾਰਾ ਨਹੀਂ ਮਿਲਦੀ ਉਸ ਨੂੰ। ਉਹ ਮਾਲਕ ਨੂੰ ਪੂਰਾ ਸੁੱਖ ਦੇਂਦੀ ਏ। ਨਾਲੇ ਹੁਣ ਉਸ ਦਾ ਏਥੇ ਹੋਰ ਸਾਥੀ ਵੀ ਕੌਣ ਏ ?

ਸੁਲਟਨ : ਸਾਨੂੰ ਕਿਉਂ ਨਹੀਂ ਬਣਾ ਲੈਂਦਾ ਸਾਥੀ ?

ਜੀਵਨ : ਇਸ ਗੱਲ ਦਾ ਵੀ ਕੋਈ ਜਵਾਬ ਨਹੀਂ।

ਸੁਲਟਨ : ਕਿਉਂਕਿ ਅਸੀਂ ਮਰਦ ਹਾਂ ਤੇ ਉਹ ਔਰਤ ਏ ?

ਜੀਵਨ : ਇਸ ਗੱਲ ਦਾ ਕੋਈ ਜਵਾਬ ਨਹੀਂ।

ਸੁਲਟਨ : ਫਿਰ ਜਵਾਬ ਕਾਹਦਾ ਏ ?

ਜੀਵਨ : ਮੈਂ ਪਹਿਲਾਂ ਵੀ ਦੱਸਿਆ ਏ ਜਵਾਬ ਇਸ ਗੱਲ ਦਾ ਏ ਕਿ ਸਭ ਕੁਝ ਏਦਾਂ ਈ ਹੁੰਦਾ ਏ।

ਸੁਲਟਨ : ਮੈਂ ਤੇਰੀਆਂ ਗੱਲਾਂ ਸੁਣ ਕੇ ਥੱਕ ਜਾਂਦਾ ਆਂ।

ਜੀਵਨ : ਜਾ ਫਿਰ ਕੰਮ ਕਰ ਆਪਣਾ। ਮੈਂ ਵੀ ਆਪਣੀ ਮਹਿਬੂਬਾ ਨੂੰ ਮਿਲਣਾ ਜਾਣਾ ਏ।

ਸੁਲਟਨ : ਤੇਰੀ ਮਹਿਬੂਬਾ ਕੌਣ ਏ ?......ਦੱਸ ਕੌਣ ਏ ?

ਜੀਵਨ : ਤੂੰ ਜਾ ਹੁਣ, ਥੱਕ ਗਿਆ ਏਂ।

ਸੁਲਟਨ : ਪਰ ਮਹਿਬੂਬਾ ਬਾਰੇ ਤਾਂ ਦੱਸ

ਜੀਵਨ : ਨਾ ਮਹਿਬੂਬਾ ਦਾ ਨਾਂ ਸੁਣ ਕੇ ਤੇਰਾ ਥਕੇਵਾਂ ਲੱਥ ਗਿਆ ?

ਸੁਲਟਨ : ਪਰ ਮੈਨੂੰ ਮਹਿਬੂਬਾ ਕਿਉਂ ਨਹੀਂ ਮਿਲਦੀ ?

ਜੀਵਨ : ਕਿਉਂਕਿ ਤੂੰ ਲੱਕੜ ਏਂ।

ਸੁਲਟਨ : ਪਰ ਮੈਂ ਲੱਕੜ ਕਿਉਂ ਹਾਂ ?

ਜੀਵਨ : ਏਸ ਗੱਲ ਦਾ ਕੋਈ ਜੁਆਬ ਨਹੀਂ।

[ਕਹਿੰਦਾ ਹੋਇਆ ਬਾਹਰ ਜਾਂਦਾ ਹੈ।]

ਸੁਲਟਨ : ਹੂੰ ! ਕੋਈ ਜੁਆਬ ਨਹੀਂ। ਜਿਹੜੀ ਗੱਲ ਏਹਦੇ ਮਤਲਬ ਦੀ ਨਹੀਂ ਹੁੰਦੀ ਉਹਦਾ ਜੁਆਬ ਈ ਕੋਈ ਨਹੀਂ। ਭਲਾ ਇਹ ਵੀ ਕੋਈ ਜੁਆਬ ਏ ?

[ਮੰਚ ਦੀਆਂ ਸਾਰੀਆਂ ਬੱਤੀਆਂ ਬੁਝਦੀਆਂ ਹਨ, ਕੇਵਲ ਗਲੋਬ ਉਤੇ ਰੌਸ਼ਨੀ ਰਹਿੰਦੀ ਹੈ ਜਿਥੇ ਸੁਲਟਨ ਵੀ ਦਿਖਾਈ ਦੇਂਦਾ ਹੈ।]

[ਮਾਨਵ ਆਕਾਰ ਦੀਆਂ ਦੋ ਚਾਬੀਆਂ ਨਜ਼ਰ ਆਉਂਦੀਆਂ ਹਨ। ਚਾਬੀਆਂ ਦੇ ਗੋਲਿਆਂ ਵਿਚੋਂ ਦੋ ਮਨੁੱਖੀ ਚਿਹਰੇ ਦਿਖਾਈ ਦੇਂਦੇ ਹਨ। ਚਾਬੀਆਂ ਨੂੰ ਇਕ ਛੱਲਾ ਪਿਆ ਹੋਇਆ ਪਰਤੀਤ ਹੁੰਦਾ ਹੈ। ਜਿਸ ਨੂੰ ਕਿਸੇ ਗੈਬੀ ਹੱਥ ਨੇ ਫੜਿਆ ਹੋਇਆ ਹੈ।]

ਚਾਬੀ : ਸਤਿ ਸ੍ਰੀ ਅਕਾਲ, ਸਤਿ ਸ੍ਰੀ ਅਕਾਲ।

[ਸਾਰੇ ਮੰਚ ਉੱਤੇ ਰੋਸ਼ਨੀ ਫੈਲਦੀ ਹੈ। ਸੁਲਟਨ ਘਬਰਾ ਕੇ ਚਾਬੀਆਂ ਵਲ ਦੇਖਦਾ ਹੈ]

ਸੁਲਟਨ : (ਘਬਰਾਹਟ ਵਿਚ ਹੀ) ਜੀਵਨ.....ਅ......ਅ....ਏਧਰ ਆ .......

[ਜੀਵਨ ਆਉਂਦਾ ਹੈ। ਉਹ ਵੀ ਕੁਝ ਕੁ ਘਬਰਾਹਟ ਵਿਚ ਹੈ।]

ਜੀਵਨ : ਹਾਂ ਦੱਸ ਕੀ ਐ ?

ਸੁਲਟਨ : ਉਹ......ਉਹ ਦੇਖ ਕੌਣ ?

ਜੀਵਨ : ਤੁਸੀਂ ਕੌਣ ਓ ?

ਚਾਬੀ1 : ਤੁਹਾਡੇ ਬਹੁਤ ਨਜੀਦੀਕੀ ਰਿਸ਼ਤੇਦਾਰ।

ਸੁਲਟਨ : ਪਰ ਅਸੀਂ ਤੁਹਾਨੂੰ ਨਹੀਂ ਜਾਣਦੇ।

ਚਾਬੀ 2 : ਤੁਸੀਂ ਭਾਵੇਂ ਨਹੀਂ ਜਾਣਦੇ, ਪਰ ਅਸੀਂ ਤੁਹਾਨੂੰ ਖੂਬ ਜਾਣਦੇ ਹਾਂ।

ਜੀਵਨ : ਕੀ ਜਾਣਦੇ ਓ ?

ਚਾਬੀ 1 : ਏਹ ਕੀ ਤੂੰ ਸਟੀਲ ਦੀ ਅਲਮਾਰੀ ਏਂ।

ਚਾਬੀ 2 : ਤੇ ਤੂੰ ਲੱਕੜ ਦੀ ।

ਜੀਵਨ : ਇਹ ਤਾਂ ਹਰ ਕੋਈ ਜਾਣਦੈ।

ਸੁਲਟਨ : ਕੋਈ ਖ਼ਾਸ ਗੱਲ ਦੱਸੋ ਜਿਹੜੀ ਕਿਸੇ ਨੂੰ ਨਾਂਹ ਪਤਾ



ਹੋਵੇ

ਚਾਬੀ 1 : ਲਓ ਫੇਰ ਤੁਹਾਨੂੰ ਅਸੀਂ ਉਹ ਗੱਲਾਂ ਦਸਾਂਗੇ,

ਚਾਬੀ 2 : ਜਿਨ੍ਹਾਂ ਦਾ ਤੁਹਾਨੂੰ ਵੀ ਨਹੀਂ ਪਤਾ।

ਜੀਵਨ : ਕੀ ?

ਸੁਲਟਨ : ਦੱਸੋ 1

ਚਾਬੀ 1 : ਏਹੋ ਕਿ ਲੱਕੜ ਦੀ ਅਲਮਾਰੀ ਦੇ ਅੰਦਰ ਸਿਉਂਕ ਲਗੀ ਹੋਈ ਏ,

ਚਾਬੀ 2 : 'ਤੇ ਲੋਹੇ ਨੂੰ ਜੰਗ ।

ਜੀਵਨ : ਪਰ ਤੁਸੀਂ ਏਥੇ ਕਰਨ ਕੀ ਆਏ ਓ ?

ਚਾਬੀ 1 : ਤੁਹਾਡਾ ਸਿਰ ਸਾੜਨ।

[ਸੁਲਟਨ ਅਤੇ ਜੀਵਨ ਇਕ ਦੂਜੇ ਵਲ ਦੇਖਦੇ ਹਨ।]

ਜੀਵਨ : ਇਹ ਕੀ ਆਖਦੇ ਹੋ ?

ਚਾਬੀ1 : ਕੋਈ ਚੱਜ ਨਾਲ ਸੁਣੋ ਤਾਂ ਦੱਸੀਏ ਵੀ।

[ਦੋਵੇਂ ਫੇਰ ਇਕ ਦੂਜੇ ਵਲ ਦੇਖਦੇ ਹਨ। ਇਉਂ ਜਾਪਦਾ ਹੈ, ਚਾਬੀਆਂ ਦੀ ਗੱਲ ਸੁਣਨ ਦੀ ਸਲਾਹ ਬਣ ਗਈ ਹੈ।]

ਜੀਵਨ : ਹਾਂ ਦੱਸੋ।

ਚਾਬੀ 1 : ਅਸੀਂ ਤੁਹਾਨੂੰ ਇਕ ਸਲਾਹ ਦੇਣ ਆਏ ਹਾਂ।

ਚਾਬੀ 2 : ਕਿਉਂਕਿ ਤੁਸੀਂ ਅਜ ਕਲ ਬਹੁਤ ਦੁਖੀ ਹੋ

ਸੁਲਟਨ : ਤੁਹਾਨੂੰ ਕਿੱਦਾਂ ਪਤਾ ਲਗਾ ਕਿ ਅਸੀਂ ਦੁਖੀ ਹਾਂ।

ਚਾਬੀ 1 : ਕਿਉਂਕਿ ਅਸੀਂ ਤੁਹਾਡੇ ਰਿਸ਼ਤੇਦਾਰ ਹਾਂ।

ਜੀਵਨ : ਕੀ ਰਿਸ਼ਤੇਦਾਰੀ ਹੈ ਸਾਡੀ ?

ਚਾਬੀ 2 : ਤੁਸੀਂ ਅਲਮਾਰੀਆਂ ਹੋ ਅਤੇ ਅਸੀਂ ਚਾਬੀਆਂ।

ਸੁਲਟਨ : ਕੀਹਦੀਆਂ ?

ਚਾਬੀ 1 : ਤੁਹਾਡੀਆਂ।

ਚਾਬੀ 2 : ਹਾਂ, ਤੇ ਤੁਸੀਂ ਐਵੇਂ ਦੁਖੀ ਨਾ ਹੋਇਆ ਕਰੋ। ਤੁਸੀਂ ਆਪਣੇ ਆਪ ਨੂੰ ਐਵੇਂ ਸਾੜਦੇ ਰਹਿੰਦੇ ਓ। ਦੁਨੀਆਂ ਦਾ ਕੋਈ ਵੀ ਇਨਸਾਨ ਬਹੁਤਾ ਖੁਸ਼ ਨਹੀਂ।

ਚਾਬੀ 1 : ਫੇਰ ਐਵੇਂ ਦੁਖੀ ਹੋਣ ਦਾ ਕੀ ਫਾਇਦਾ ?

ਜੀਵਨ : ਪਰ ਸਾਡਾ ਮਾਲਿਕ ਤਾਂ ਬਹੁਤ ਖੁਸ਼ ਏ।

ਸੁਲਟਨ : ਉਸ ਕੋਲ ਕਾਰ ਏ, ਕੋਠੀ ਏ, ਨੌਕਰ ਨੇ।

ਚਾਬੀ 1 : ਫਿਰ ਵੀ ਉਹ ਦੁਖੀ ਏ।

ਜੀਵਨ : ਗਲਤ।

ਚਾਬੀ 2 : ਬਿਲਕੁਲ ਠੀਕ, ਉਹ ਤੁਹਾਡੇ ਨਾਲੋਂ ਕਿਤੇ ਵਧੇਰੇ ਦੁਖੀ ਏ।

ਸੁਲਟਨ : ਤੁਹਾਨੂੰ ਕਿੱਦਾਂ ਪਤਾ ਏ ?

ਚਾਬੀ 1 : ਕਿਉਂਕਿ ਅਸੀਂ ਚਾਬੀਆਂ ਹਾਂ।

ਜੀਵਨ : ਫੇਰ ਕੀ ਹੋਇਆ ?

ਚਾਬੀ 2 : ਹਮੇਸ਼ਾਂ ਉਸ ਦੀ ਜੇਬ ਵਿਚ ਰਹਿੰਦੀਆਂ ਹਾਂ

ਚਾਬੀ 1 : ਉਸ ਦੀ ਬੀਵੀ ਤੁਹਾਡੇ ਸਾਹਮਣੇ ਨੱਸ ਗਈ

ਚਾਬੀ 2 : ਉਹ ਦਿਨ ਰਾਤ ਖਿਝਦਾ ਰਹਿੰਦਾ ਏ ।

ਚਾਬੀ 1 : ਫੇਰ ਉਹ ਸੁਖੀ ਕਿਵੇਂ ਹੋਇਆ ?

ਸੁਲਟਨ : ਪਰ ਉਹ ਤਾਂ ਆਪਣੀਆਂ ਕੀਤੀਆਂ ਦਾ ਫ਼ਲ ਪਾਉਂਦਾ ਏ।

ਚਾਬੀ 2 : ਤੁਸੀਂ ਵੀ ਆਪਣੀਆਂ ਕੀਤੀਆਂ ਦਾ ਈ ਫ਼ਲ ਪਾ ਰਹੇ ਓ।

ਬੁੱਢੀ : ਅਛਾ ਬੇਟਾ, ਮੈਂ ਚੁਕਾ ਦੇਨੀਂ ਆਂ, ਪਰ ਤੂੰ ਬਾਸ ਕੋਲ ਜਾ

ਘਣਸ਼ਾਮ : ਕਿਉਂ, ਮੈਂ ਪਾਗਲ ਆਂ ? ਆਫਿਸ ਟਾਈਮ ਤੋਂ ਬਾਦ ਬਾਸ ਕੋਲ ਕਿਉਂ ਜਾਵਾਂ ?

ਬੁੱਢੀ : ਉਹਦਾ ਟੈਲੀਫੂਨ ਆਇਆ ਏ, ਉਹਨੇ ਤੈਨੂੰ ਸੱਦਿਆ ਏ।

ਘਣਸ਼ਾਮ : ਬਾਸ ਦਾ ਬੇੜਾ ਗਰਕ, ਮੈਨੂੰ ਖਿਡੌਣਾ ਸਮਝ ਰਖਿਆ ਏ। ਜਦੋਂ ਜੀ ਕੀਤਾ ਚਾਬੀ ਦੇ ਦਿੱਤੀ। ਮੈਂ ਖਿਡੌਣਾ ਨਹੀਂ।

ਬੁੱਢੀ : ਪਰ ਉਸ ਨੇ ਕਿਹਾ ਏ ਕਿ ਹੁਣੇ ਪਹੁੰਚੋ।

ਘਣਸ਼ਾਮ : ਹੁਣੇ ਪਹੁੰਚਾਂ ? ਉਹ ਪਾਗਲ ਏ। ਪਰ ਮੈਨੂੰ ਜਾਣਾ ਪਵੇਗਾ। ਮੈਂ ਖਿਡੌਣਾ ਆਂ, ਉਹ ਪਾਗਲ ਏ। ਪਰ ਮੇਰੇ ਕੋਲ ਜਾਣ ਤੋਂ ਬਗੈਰ ਹੋਰ ਕੋਈ ਰਾਹ ਵੀ ਨਹੀਂ। ਜੀਵਨ, ਓਏ ਜੀਵਨ ਦੇ ਬੱਚੇ।

[ਜੀਵਨ ਆਉਂਦਾ ਹੈ]

ਘਣਸ਼ਾਮ : ਬਾਸ ਦ ਬੇੜਾ ਗਰਕ, ਮੈਂ ਖਿਡੌਣਾ ਆਂ, ਉਹ ਪਾਗਲ ਏ।

ਜੀਵਨ : ਠੀਕ ਕਿਹਾ ਏ ਜੀ, ਬਿਲਕੁਲ ਠੀਕ।



ਘਣਸ਼ਾਮ : ਚਲ ਚਲੀਏ, ਉਹ ਪਾਗਲ ਏ।

ਜੀਵਨ : ਜੇ ਕਹੋ ਤਾਂ ਆਪਣੀ ਮਹਿਬੂਬਾ ਨੂੰ ਪਹਿਲੇ ਮਿਲ ਆਵਾਂ ?

ਘਣਸ਼ਾਮ : ਮੈਂ ਪਾਗਲ ਆਂ ? ਮੈਂ ਕਹਿਨਾ ਹੁਣੇ ਚਲ। ਮੈਂ ਖਿਡੌਣਾ ਆਂ। ਓਹ ਪਾਗਲ ਏ !

ਜੀਵਨ : ਚਲੋ ਜੀ।

ਘਣਸ਼ਾਮ : ਹਾਂ ਮੈਂ ਖਿਡੌਣਾ ਆਂ ਤੂੰ ਵੀ ਖਿਡੌਣਾ ਏਂ।

ਜੀਵਨ : ਹਾਂ ਜੀ, ਤੁਸੀਂ ਠੀਕ ਕਿਹਾ ਏ

ਘਣਸ਼ਾਮ : ਕੁਝ ਸਮਝਿਐਂ ?

ਜੀਵਨ : ਜੀ।

ਘਣਸ਼ਾਮ : ਕੀ ਸਮਝਿਐ ? ਬੋਲ।

ਜੀਵਨ : ਏਹੋ ਕਿ ਮੈਂ ਵੀ ਖਿਡੌਣਾ ਹਾਂ।

ਘਣਸ਼ਾਮ : (ਚੀਖ ਕੇ) ਨਹੀਂ, ਮੈਂ ਵੱਡਾ ਖਿਡੌਣਾ ਹਾਂ, ਉਹ ਪਾਗਲ ਏ।

ਜੀਵਨ : ਠੀਕ ਐ ਜੀ ਤੁਸੀਂ ਵੱਡੇ ਖਿਡੌਣੇ ਹੋ।

ਘਣਸ਼ਾਮ : ਰੱਖੀ, ਇਸ ਨੂੰ ਚੁਕਵਾ ਦਿਓ। ਮੈ ਹੁਣੇ ਆਉਂਦਾ ਹਾਂ। ਉਹ ਪਾਗਲ ਏ, ਖਿਡੌਣਾ ਹਾਂ। ਬਾਸ ਦਾ ਬੇੜਾ ਗਰਕ। ਇਸ ਨੂੰ ਚੁਕਵਾ ਦਿਓ। ਉਹ ਪਾਗਲ ਏ ਮੈਂ ਖਿਡੌਣਾ ਹਾਂ। ਮੈਨੂੰ ਜਾਣਾ ਪਵੇਗਾ। ਜਲਦੀ ਕਰ, ਉਹ ਪਾਗਲ ਏ ਮੈਂ ਖਿਡੌਣਾ ਆ। ਚੁਕਵਾ ਦਿਓ ਇਸਨੂੰ, ਤੁਹਾਡਾ ਸਤਿਆਨਾਸ। ਉਹ ਪਾਗਲ ਏ ਮੈਂ ਖਿਡੌਣਾਂ ਆਂ........

[ਘਣਸ਼ਾਮ ਬਾਹਰ ਜਾਦਾ ਹੈ। ਜੀਵਨ ਵੀ ਉਸ ਦੇ ਪਿੱਛੇ ਹੈ]

[ਪਰਦਾ]

# ਗਰੀਬ ਲੋਕ

**ਗੁਰਸ਼ਰਨ ਸਿੰਘ**

---

## ਪਾਤਰ

ਮਾਸਟਰ ਜੀ : ਪਿੰਡ ਦਾ ਇਕ ਮਾਸਟਰ

ਸ਼ਾਹ : ਪਿੰਡ ਦਾ ਸ਼ਾਹ

ਆਲਾ ਸਿੰਘ : ਪਿੰਡ ਦਾ ਇਕ ਸੁਹਿਰਦ ਬੰਦਾ

ਨੱਥੂ : ਮਹਿਰਾ (ਗਰੀਬ ਲੋਕ)

ਕਰਮੀ : ਨੱਥੂ ਦੀ ਬੀਵੀ

(ਪਰਦਾ ਉਠਣ ਤੇ ਮਾਸਟਰ ਜੀ ਮੰਚ ' ਤੇ ਆਂਦੇ ਹਨ ਤੇ ਨਾਟਕ ਦੀ ਭੂਮਿਕਾ ਬੰਨ੍ਹਦੇ ਹਨ)

ਮਾਸਟਰ ਜੀ : ਮੈਂ ਇਸ ਪਿੰਡ ਵਿਚ ਇਕ ਮਾਸਟਰ ਹਾਂ । ਇਹ ਪਿੰਡ ਦੇਸ਼ ਦੇ ਹੋਰਨਾਂ ਪਿੰਡਾ ਵਾਕੁਨ ਇਕ ਪਿੰਡ ਏ। ਬਹੁਤੇ ਘਰ ਕੱਚੇ ਨੇ। ਦੇਸ਼ ਦੇ ਬਾਕੀ ਪਿੰਡਾ ਵਾਕੁਨ ਇਸ ਪਿੰਡ ਦੀ ਸੜਕ ਵੀ ਬੜੀ ਮਾੜੀ ਏ। ਕੁਝ ਖਾਂਦੇ ਪੀਂਦੇ ਘਰ ਛੱਡਕੇ ਬਾਕੀਆਂ ਦਾ ਦੋ ਡੰਗ ਦੀ ਰੋਟੀ ਦਾ ਗੁਜ਼ਾਰਾ ਵੀ ਮੁਸ਼ਕਿਲ ਏ ।ਰੁਜ਼ਗਾਰ ਦੇ ਵਸੀਲੇ ਬਹੁਤ ਥੋੜੇ ਨੇ। ਇਕ ਰੁਜ਼ਗਾਰ ਦਾ ਵਸੀਲਾ ਪਸ਼ੂ ਲਵੇਰਾ ਪਾਲਣਾ ਤੇ ਦੁੱਧ ਵੇਚਕੇ ਗੁਜ਼ਾਰਾ ਕਰਨਾ ਏ। ਗਰੀਬ ਬੰਦੇ ਲਈ ਕੋਈ ਲਵੇਰਾ ਖਰੀਦਣਾ ਸੌਖਾ ਨਹੀਂ ਹੁੰਦਾ। ਉਹ ਕੋਈ ਕੱਟੀ ਜਾਂ ਵੱਛੀ ਲੈਕੇ ਉਹਦੀ ਸੇਵਾ ਕਰਦੇ ਹਨ ਤੇ ਜਦੋਂ ਉਹ ਦੁੱਧ ਦੇਣ ਦੇ ਯੋਗ ਹੁੰਦੀ ਹੈ ਤਾਂ ਉਹਦਾ ਦੁੱਧ ਵੇਚਕੇ ਉਹਨਾਂ ਦੇ ਟੱਬਰ ਦਾ ਗੁਜ਼ਾਰਾ ਚਲਦਾ ਹੈ। ਬੜੀ ਹੀ ਪਿਛਾਕੜ ਕਿਸਮ ਦਾ ਵਰਤਾਰਾ ਹੈ। ਇਹ ਕਹਿ ਲਵੋ ਕਿ ਅਠਾਰਵੀਂ ਸਦੀ ਦੀ ਆਰਥਕਤਾ ਏ ਪਰ ਇਹ ਅਸਲੀਅਤ ਹੈ ਕਿ ਭਾਵੇਂ 21 ਵੀਂ ਸਦੀ ਆਉਣ ਵਾਲੀ ਹੈ, ਪਰ ਬਹੁਤਾ ਦੇਸ਼ ਹਾਲੇ ਅਠਾਰਵੀਂ ਸਦੀ ਦੀ ਆਰਥਕਤਾ ਵਿਚ ਹੀ ਜੀ ਰਿਹਾ ਹੈ ਤੇ ਇਸੇ ਆਰਥਕਤਾ



ਵਿਚ ਜੀ ਰਹੇ ਵਿਅਕਤੀਆਂ ਵਿਚੋਂ ਇਸ ਪਿੰਡ ਦੇ ਇਕ ਨੱਥੂ ਮਹਿਰੇ ਦੀ ਕਹਾਣੀ ਤੁਹਾਡੇ ਅਗੇ ਪੇਸ਼ ਕਰ ਰਹੇ ਹਾਂ । ਇਹ ਕਹਾਣੀ ਨੱਥੂ ਦੇ ਨਾਲ ਨਾਲ ਉਹਦੀ ਪੰਜ ਕਲਿਆਣੀ ਮਹਿੰ ਦੀ ਵੀ ਹੈ। ਬੜੇ ਸਾਲਾਂ ਦੀ ਗਲ ਏ ਕਿ ਨੱਥੂ ਦੇ ਬਾਪੂ ਅਤੇ ਮਾਂ ਨੇ ਇਕ ਮਹਿ ਕੱਟੀ ਤੋਂ ਪਾਲੀ ਸੀ ਪਰ ਉਹ ਜਦੋਂ ਦੁੱਧ ਦੇਣ ਤੇ ਆਈ ਸੀ ਤਾਂ ਸ਼ਾਹ ਕਰਜ਼ੇ ਦੇ ਬਦਲੇ ਬੂਹੇ ਬੱਧੀ ਦਾ ਸੰਗਲ ਖੋਲ੍ਹ ਕੇ ਲੈ ਗਿਆ ਸੀ। ਨੱਥੂ ਦੀ ਮਾਂ ਇਸ ਸਦਮੇ ਨੂੰ ਸਹਿਨ ਨਹੀਂ ਕਰ ਸਕੀ ਅਤੇ ਕੁਝ ਦਿਨ ਬਿਮਾਰ ਰਹਿਣ ਬਾਅਦ ਚਲ ਵਸੀ ਸੀ । ਇਸੇ ਮਹਿ ਦੀ ਇਕ ਕੱਟੀ ਸ਼ਾਹ ਕੋਲੋਂ ਲੈਕੇ ਹੁਣ ਨਥੂ ਅਤੇ ਉਹਦੀ ਘਰ ਵਾਲੀ ਨੇ ਪਾਲੀ ਹੈ। ਪੁਸ਼ਤਾਂ ਤੋਂ ਚਲ ਰਹੀ ਕਹਾਣੀ ਅੱਜ ਫੇਰ ਦੁਹਰਾਈ ਜਾਣ ਵਾਲੀ ਹੈ। ਜੋ ਕਲ ਨੱਥੂ ਦੀ ਮਾਂ ਉੱਤੇ ਬੀਤੀ ਸੀ, ਉਹ ਹੁਣ ਨੱਥੂ ਦੀ ਘਰ ਵਾਲੀ ਤੇ ਬੀਤਣ ਜਾ ਰਹੀ ਹੈ ਤੇਰੀ ਜੂਨ ਨਾ ਬਦਲੀ, ਮੇਰੇ ਦੇਸ਼ ਦੇ ਗਰੀਬਾ ਵੇ ਟੈਲੀਵੀਯਨ ਭਾਵੇਂ ਲੱਖ ਬਣ ਗਏ ।

(ਮਾਸਟਰ ਮੰਚ ਤੋਂ ਬਾਹਰ ਜਾਂਦਾ ਹੈ ।ਸ਼ਾਹ ਵਹੀ ਚੁੱਕੀ ਆਂਦਾ ਹੈ)

ਸ਼ਾਹ : ਇਹ ਮਾਸਟਰ ਬੜਾ ਖਚਰਾ ਏ। ਜਦੋਂ ਦਾ ਪਿੰਡ ਆਇਆ ਏ, ਇਹਨੇ ਪਿੰਡ ਬੜਾ ਫਤੂਰ ਪਾਇਆ ਏ । ਸਰਕਾਰ ਇਹਨੂੰ ਭੇਜਿਆ ਏ ਕਿ ਮੁੰਡੇ ਕੁੜੀਆਂ ਨੂੰ ਪੜ੍ਹਾਏ ਪਰ ਇਹ ਮੁੰਡੇ ਕੁੜੀਆਂ ਨਾਲੋਂ ਕੰਮੀਆਂ ਕਮੀਣਾਂ ਨੂੰ ਬਹੁਤਾ ਪੜ੍ਹਾਉਂਦਾ ਏ । ਸਾਡੀ ਤਾਂ ਇਹਨੇ ਸਾਰੀ ਪੜਤ ਹੀ ਮਾਰ ਦਿਤੀ ਏ । ਹਰ ਵੇਲੇ ਇਨਕਲਾਬ ਦੀਆਂ ਗਲਾਂ ਹੀ ਕਰਦਾ ਰਹਿੰਦਾ ਏ। ਪਤਾ ਨਹੀਂ ਭਗਤ ਸਿੰਘ ਦੇ ਕੈਲੰਡਰਾਂ ਦੀ ਥੇਹੀ ਕਿਥੋਂ ਚੁੱਕ ਲਿਆਇਆ ਏ । ਪਿੰਡ ਦੇ ਜਿਹੜੇ ਘਰ ਵੜ ਜਾਓ, ਅਗੇ ਭਗਤ ਸਿੰਘ ਦੀ ਤਸਵੀਰ ਲਗੀ ਹੁੰਦੀ ਏ । ਕਿਧਰੇ ਭਗਤ ਸਿੰਘ ਫਾਂਸੀ ਦਾ ਰੱਸਾ ਚੁੰਮ ਰਿਹਾ ਏ ਕਿਧਰੇ ਮੁੱਠੀ ਵੱਟ ਸਾਥੀਆਂ ਨਾਲ ਖਲੋਤਾ ਹੈ। ਅਗੇ ਲੋਕ ਘਰਾਂ ਵਿਚ ਦੇਵੀ ਦੇਵਤਿਆਂ, ਰਿਸ਼ੀਆਂ ਮੁਨੀਆਂ, ਗੁਰੂਆਂ, ਬਾਬਿਆਂ ਦੀਆਂ ਤਸਵੀਰਾਂ ਲਾਉਦੇ ਸਨ । ਭਾਣਾ ਮਿੱਠਾ ਕਰਕੇ

ਜਾਣਦੇ ਸਨ, ਹੁਣ ਤਾਂ ਹਰ ਇਕ ਮੁੱਕੀ ਵੱਟਕੇ ਖਲੋਤਾ ਏ ।

(ਸ਼ਾਹ ਦੇ ਇਹ ਵਰਤਲਾਪ ਬੋਲਦਿਆਂ ਆਲਾ ਸਿੰਘ ਮੰਚ ਤੇ ਆਉਂਦਾ ਹੈ, ਉਹ ਮੁੱਕੀ ਵੱਟੀ ਇਕ ਕਸਰਤ ਕਰਦਾ ਆਉਂਦਾ ਹੈ ਤੇ ਬਾਂਹ ਘੁਮਾਉਂਦਾ ਮੁੱਕੀ ਐਨ ਸ਼ਾਹ ਦੇ ਚਿਹਰੇ ਅਗੇ ਲੈ ਜਾਂਦਾ ਹੈ,

ਸ਼ਾਹ : ਓਏ ਆਲਾ ਸਿੰਘ, ਇਹ ਬਾਂਹ ਕੀ ਜੁਲਾਹੇ ਦੀ ਖੱਡੀ ਵਾਂਗ ਉਤਾਂਹ ਨਾ ਕਰ ਰਿਹਾ ਏ–ਪੱਗ ਹੀ ਲਾਹ ਦੇਣ ਲਗਾ ਸੀ।

ਆਲਾ ਸਿੰਘ : ਸ਼ਾਹ ਇਹ ਨਵੀਂ ਕਸਰਤ ਏ, ਜਿਹੜੇ ਆਪਣੇ ਮਾਸਟਰ ਨੇ ਸਿਖਾਈ ਏ (ਕਸਰਤ ਦੁਹਰਾਂਦਾ ਹੈ) ਇਕ, ਦੋ, ਤਿੰਨ, ਚਾਰ (ਚਾਰ ਤੇ ਫੇਰ ਮੁੱਕਾ ਉਤੇ ਚੁੱਕ ਲੈਂਦਾ ਹੈ) ਮਾਸਟਰ ਨੇ ਕਿਹਾ ਏ, ਹੁਣ ਹੱਥ ਜੋੜਨ ਵਾਲੀ ਕਸਰਤ ਪੁਰਾਣੀ ਹੋ ਗਈ ਏ (ਹੱਥ ਜੋੜਨ ਵਾਲੀ ਕਸਰਤ ਇਕ, ਦੋ ਤਿੰਨ, ਚਾਰ ਕਰਕੇ ਦੁਹਰਾਂਦਾ ਹੈ) ਮਾਸਟਰ ਕਹਿੰਦਾ ਏ, ਜੋ ਗਰੀਬ ਬੰਦੇ ਨੇ ਆਪਣੀ ਮੁਕਤੀ ਕਰਨੀ ਏ ਤਾਂ ਇਹ ਹੱਥ ਜੋੜਨ ਵਾਲੀ ਕਸਰਤ ਬੰਦ ਕਰਕੇ ਮੁੱਕਾ ਵਟਨ ਵਾਲੀ ਕਸਰਤ ਕਰੋ (ਕਸਰਤ ਫੇਰ ਦੁਹਰਾਂਦਾ ਹੈ)

ਸ਼ਾਹ : ਓਏ ਇਹ ਕਿਉਂ ?

ਆਲਾ ਸਿੰਘ : ਮਾਸਟਰ ਕਹਿੰਦਾ ਹੈ ਪਹਿਲੀ ਕਸਰਤ ਏ 'ਜੀ ਹਜ਼ੂਰੀਆਂ ਵਾਲੀ ਅਤੇ ਦੂਜੀ ਕਸਰਤ ਏ ਬਗ਼ਾਵਤ ਵਾਲੀ । ਗਰੀਬ ਬੰਦੇ ਨੇ ਜੇ ਮੁਕਤੀ ਲੈਣੀ ਏ ਨਾ ਤਾਂ ਬਗਾਵਤ ਵਾਲੇ ਰਾਹ ਉਹਨੂੰ ਤੁਰਨਾ ਪਵੇਗਾ ਇਕ, ਦੋ, ਤਿੰਨ (ਕਸਰਤ ਫੇਰ ਦੁਹਰਾਂਦਾ ਹੈ ਅਤੇ ਦੁਹਰਾਂਦਾ ਦੁਹਰਾਂਦਾ ਚਲਿਆ ਜਾਂਦਾ ਹੈ)

ਸ਼ਾਹ : ਵੇਖ ਲਓ, ਹੁਣ ਰੀਤਾਂ ਵੀ ਨਵੀਆਂ ਚਲ ਪਈਆਂ ਨੇ (ਕਸਰਤ ਦੀ ਨਕਲ ਕਰਦਾ ਹੈ ਤਾਂ ਉਹਦੀ ਵਹੀ ਡਿਗ ਪੈਂਦੀ ਹੈ) ਮੁੱਕੀ ਉਤੇ ਚੁੱਕੀ ਨਹੀਂ, ਵਹੀ ਥੱਲੇ ਡਿੱਗੀ ਨਹੀਂ। (ਵਹੀ ਚੁੱਕਦਾ ਹੈ ਰਾਮ ਰਾਮ ਕਰਦਾ ਬਾਹਰ ਜਾਂਦਾ ਹੈ।)

ਪਿੱਛੋਂ ਆਵਾਜ਼ : ਤੇ ਇਸ ਨਾਟਕ ਦੇ ਦੋ ਹੋਰ ਪਾਤਰ ਹਨ, ਨੱਥੂ ਮਹਿਰਾ ਅਤੇ ਉਹਦੀ ਘਰ ਵਾਲੀ ਕਰਮੀ ।



(ਨੱਥੂ ਮੰਚ ਤੇ ਆਂਦਾ ਹੈ ਅਤੇ ਪਿਛੇ ਕਰਮੀ ਵੀ ਚਾਹ ਦੀ ਗੜਵੀ ਚੁੱਕੀ ਆਉਂਦੀ ਹੈ।)

ਕਰਮੀ : ਲੈ ਚਾਹ ਪੀ ਲੈ

ਨੱਥੂ : ਤੂੰ ਆਪ ਪੀ ਲਈ ਏ ?

ਕਰਮੀ : ਮੇਰਾ ਚਿਤ ਰਾਜ਼ੀ ਨਹੀਂ ।

ਨੱਥੂ : ਹੁਣ ਤਾਂ ਦੁੱਧ ਦੀ ਛਿੱਟ ਵੀ ਬਜ਼ਾਰੋਂ ਲਿਆਉਣੀ ਪਏਗੀ।

ਕਰਮੀ : (ਉਦਾਸੀ ਵਿਚ) ਕੀ ਸੱਚ ਮੁੱਚ ਹੁਣ ਸਾਡੀ ਪੰਜ ਕਲਿਆਣੀ ਸਾਡੇ ਕੋਲ ਨਹੀਂ ਰਹੇਗੀ ?

ਨੱਥੂ : ਹੁਣ ਸੂਰਜੀ ਦਾ ਕਰਜਾ ਵੀ ਲਾਹੁਣਾ ਹੋਇਆ ।

ਕਰਮੀ : ਬੁੱਕਾਂ ਦੀਆਂ ਬੁੱਕਾ ਪੈਸਾ ਸੂਰਜੀ ਦੀ ਝੋਲੀ ਵਿਚ ਪਾਂਦੇ ਰਹੇ ਹਾਂ, ਪਰ ਸੂਰਜੀ ਦਾ ਹਿਸਾਬ ਨਹੀਂ ਮੁੱਕਿਆ।

ਨੱਥੂ : ਬੁੱਕਾ ਦੇ ਬੁੱਕ ਤਾਂ ਵਿਆਜ ਹੀ ਸੀ, ਮੂਲ ਤਾਂ ਉਥੇ ਦਾ ਉਥੇ ਹੀ ਖਲੋਤਾ ਏ।

ਕਰਮੀ : ਉਹਨੂੰ ਕਹਿਦੈ ਜਿਥੇ ਅਗੇ ਉਡੀਕ ਕੀਤੀ ਏ, ਹੋਰ ਥੋੜੀ ਉਡੀਕ ਕਰ ਲਵੇ।

ਨੱਥੂ : ਨਹੀਂ ਉਹ ਨਹੀਂ ਉਡੀਕਦਾ ।

ਕਰਮੀ : ਉਡੀਕੇਗਾ ਕਿਉਂ ? ਉਹਨੂੰ ਪੰਜ ਕਲਿਆਣੀ ਜੋ ਬੂਹੇ ਤੇ ਖਲੋਤੀ ਦਿਸਦੀ ਏ। ਪਹਿਲੀ ਪੰਜ ਕਲਿਆਣੀ ਮਾਂ ਨੂੰ ਖਾ ਗਈ, ਇਹ ਪੰਜ ਕਲਿਆਣੀ ਮੈਨੂੰ ਖਾ ਜਾਏਗੀ ।ਇਹਨਾਂ ਪੰਜ ਕਲਿਆਣੀਆਂ ਦੀ ਤਕਦੀਰ ਵੀ ਸਾਡੀ ਤਕਦੀਰ ਨਾਲ ਜੁੜੀ ਹੋਈ ਏ ।

ਨੱਥੂ : ਬਾਪੂ ਨੂੰ ਪਤਾ ਹੁੰਦਾ ਕਿ ਇਹ ਕਰਜ਼ਾ ਉਹਦੇ ਪੁੱਤਰ ਦੀ ਜਵਾਨੀ ਦੀ ਸਾਰੀ, ਮੇਹਨਤ ਖਾ ਜਾਏਗਾ ਤਾਂ ਉਹ ਕਦੀ ਇਸਤਰ੍ਹਾਂ ਨਾ ਕਰਦਾ। ਅੰਬੋ ਦੇ ਵਿਆਹ ਤੇ ਚੁੱਕਿਆ ਕਰਜਾ ਪਹਿਲੇ ਮਾਂ ਦਾ ਜਾਨ ਲੇਵਾ ਹੋਇਆ ਜਦੋਂ ਪਹਿਲੀ ਪੰਜ ਕਲਿਆਣੀ ਸ਼ਾਹ ਬੂਹੇ ਤੋਂ ਸੰਗਲ ਖੋਲ੍ਹ ਕੇ ਲੈ ਗਿਆ। ਬਾਪੂ ਦੀ ਬੀਮਾਰੀ ਵੇਲੇ ਚੁੱਕਿਆ ਕਰਜਾ ਹੁਣ ਏਸ ਪੰਜ ਕਲਿਆਣੀ ਲਈ ਸਰਾਪ ਹੋ ਗਿਆ ਹੈ ।ਬਾਪੂ ਦੇ ਰੋਗ ਦਾ ਮਰਦੇ ਦਮ ਤਕ ਪਤਾ ਨਹੀਂ ਲਗਾ।

ਕਰਮੀ : ਗਰੀਬ ਬੰਦੇ ਨੂੰ ਰੋਗ ਅਵੱਲੇ ਹੀ ਲਗਦੇ ਨੇ

ਨੱਥੂ : ਬੰਦੇ ਦੀ ਸਿਹਤ ਵੀ ਤਾਂ ਖੁਰਾਕ ਤੇ ਹੀ ਹੁੰਦੀ ਏ । ਬਾਪ ਸਾਰੀ ਉਮਰ ਇਹੀ ਸੋਚਦਾ ਰਿਹਾ ਕਿ ਆਪਣੇ ਬੁੱਢੇ ਵਾਰੇ ਲਈ ਕੁਝ ਬਚਾ ਲਏ ਤਾਂ ਜੋ ਲੋੜ ਪੈਣ ਤੇ ਖਰਚ ਸਕੇ ਪਰ ਮੇਰੇ ਸਾਹਮਣੇ ਅਡੀਆਂ ਰਗੜ ਕੇ ਉਹਨੇ ਜਾਨ ਦੇ ਦਿਤੀ।

ਕਰਮੀ : ਕਹਿੰਦੇ ਨੇ ਦੂਜੇ ਮੁਲਕਾਂ ਵਿਚ ਬੁੱਢਿਆਂ ਦੀਆਂ ਗੁਜਾਰਾ ਪੈਨਸ਼ਨਾਂ ਲਗ ਜਾਂਦੀਆਂ ਹਨ, ਆਪਣੀਆਂ ਸਰਕਾਰਾਂ ਨੂੰ ਵੀ ਬੁੱਢਿਆਂ ਲਈ ਕੁਝ ਕਰਨਾ ਚਾਹੀਦਾ ਹੈ ।

ਆਲਾ ਸਿੰਘ : (ਆਂਦਾ ਹੋਇਆ) ਸਰਕਾਰ ਇਥੇ ਜਵਾਨਾ ਲਈ ਕੁਝ ਕਰ ਨਹੀਂ ਸਕਦੀ ਬੱਚਿਆਂ ਨੂੰ ਫਾਹੇ ਲਗਾਏ । ਇਹਦੇ ਲਈ ਤਾਂ ਇਹਦੀ ਲੋੜ ਹੈ (ਬੰਦ ਮੁੱਕੀ ਵਾਲੀ ਕਸਰਤ ਦੁਹਰਾਂਦਾ ਹੈ)

ਕਰਮੀ : ਸਮਝ ਲਈ ਗਲ, ਹੁਣ ਬਹਿ ਜਾ ਤੇ ਚਾਹ ਪੀ ਲੈ ।

ਆਲਾ ਸਿੰਘ : ਆਹੋ ਭਾਬੀ ਚਾਹ ਪਿਆਦੇ, ਤੇਰੇ ਗੁਣ ਗਾਵਾਂਗੇ ।

ਨੱਥੂ : ਪੀ ਲੈ ਭਰਾਵਾ, ਅਜ ਸਾਡੀ 'ਪੰਜ ਕਲਿਆਣੀ ਦੇ ਦੁੱਧ ਦੀ ਇਸ ਘਰ ਵਿਚ ਆਖਰੀ ਚਾਹ ਪੀਣੀ ਏ-

ਆਲਾ ਸਿੰਘ : ਕਿਉਂ ਕੀ ਹੋਇਆ ? (ਨੱਥੂ ਚੁੱਪ ਏ) ਕੀ ਗਲ ਹੋਈ ਏ ਭਾਬੀ ।

ਕਰਮੀ : ਸ਼ਾਹ ਆਇਆ ਸੀ, ਕਹਿਦਾ ਸੀ ਜਾਂ ਉਹਦਾ ਪੈਸਾ ਦਿਉ, ਨਹੀਂ ਤਾਂ ਉਹ ਪੰਜ ਕਲਿਆਣੀ ਖੋਲ੍ਹ ਲਿਜਾਵੇਗਾ । ਤੂੰ ਹੀ ਦਸ ਭਰਾਵਾ 'ਜੇ ਪੰਜ ਕਲਿਆਣੀ ਨਾ ਰਹੀ ਤਾਂ ਸਾਡਾ ਗੁਜ਼ਾਰਾ ਕਿਸ ਤਰ੍ਹਾਂ ਚਲੇਗਾ ?

ਆਲਾ ਸਿੰਘ : ਕਿਨੇ ਪੈਸੇ ਲਏ ਸੀ ਨਥੂ ਸ਼ਾਹ ਕੋਲੋਂ ।

ਨੱਥੂ : ਬਾਪੂ ਦੀ ਬਿਮਾਰੀ ਵੇਲੇ ਹੀ ਥੋੜੇ ਥੋੜੇ ਕਰਕੇ ਫੜੇ ਸੀ, ਪੰਜ ਸੌ ਤੋਂ ਵੱਧ ਕੀ ਹੋਣੇ ਨੇ, ਹੁਣ ਸ਼ਾਹ ਦੋ ਹਜ਼ਾਰ ਬਣਾਈ ਫਿਰਦਾ ਏ ਪਤਾ ਨਹੀਂ ਸਾਬ੍ਹ ਕਿਵੇਂ ਬਣਾਇਆ ?

ਆਲਾ ਸਿੰਘ : ਸਾਬ੍ਹ ਉਹਦੀ ਮਾਂ ਦਾ, ਮੇਰੇ ਮੂਹੋਂ ਗਾਲ ਨਿਕਲਣ ਲਗੀ ਸੀ, ਤੂੰ ਆਪਣੇ ਮਾਸਟਰ ਕੋਲੋਂ ਹਿਸਾਬ ਲਗਵਾ, ਉਹ ਬੜੇ ਹਿਸਾਬ ਜਾਣਦਾ ਏ (ਕਸਰਤ ਦੁਹਰਾਂਦਾ ਹੈ) ਉਹ ਇਹ ਵੀ ਹਿਸਾਬ ਜਾਣਦਾ ਏ।



ਕਰਮੀ : ਤਾਹੀਓਂ ਤਾਂ ਹੁਣ ਉਹਦੇ ਕੋਲ ਬੈਠਾ ਰਹਿਣਾ ਏ ।

ਆਲਾ ਸਿੰਘ : ਭਾਬੀ ਉਹਦਾ ਤਾਂ ਮੈਨੂੰ, ਰੱਬ ਵਰਗਾ ਆਸਰਾ ਏ। ਕਈ ਗਲਾਂ ਜਿਹੜੀਆਂ ਕਦੇ ਵੀ ਸਮਝ ਨਹੀਂ ਸਨ ਪੈਂਦੀਆਂ, ਉਹ ਮਿੰਟਾਂ ਵਿਚ ਸਮਝਾ ਦੇਂਦਾ ਏ।

ਨੱਥੂ : ਕਿਹੜੀਆਂ ਗੱਲਾਂ ?

ਆਲਾ ਸਿੰਘ : ਇਹੋ ਗੱਲਾਂਕਿ ਕਿ ਬਧੀਆਂ ਪੰਜ ਕਲਿਆਣੀਆਂ ਸ਼ਾਹ ਕਿਵੇਂ ਖੋਲ੍ਹ ਕੇ ਲੈ ਜਾਂਦੇ ਨੇ ਤੇ ਕਿਵੇਂ ਇਹ ਸਭ ਰੋਕਿਆ ਜਾ ਸਕਦਾ ਏ ਤੂੰ ਮੇਰੀ ਗਲ ਸੁਣ, ਸ਼ਾਹ ਆਵੇ ਨਾ, ਉਹਨੂੰ ਵਹੀਆਂ ਸਮੇਤ ਮਾਸਟਰ ਕੋਲ ਲੈ ਆਂਵੀ ਤੇ ਫੇਰ ਜਿਵੇਂ, ਮਾਸਟਰ ਆਖੇਗਾ ਉਵੇਂ ਹੀ ਕਰਾਂਗੇ। (ਭਾਬੀ ਨੂੰ) ਭਾਬੀ ਚਾਹ ਤਾਂ ਹੋਰ ਵੀ ਬਥੇਰੀ ਪੀਵੀਦੀ ਏ, ਤੇਰੇ ਘਰ ਦੀ ਖਾਸ ਸੁਆਦ ਏ।

ਕਰਮੀ : ਇਹ ਸਭ ਪੰਜ ਕਲਿਆਣੀ ਦੀਆਂ ਬਰਕਤਾਂ ਨੇ।

ਆਲਾ ਸਿੰਘ : ਅਸੀਂ ਤਾਂ ਤੇਰੀਆਂ ਹੀ ਆਖਾਂਗੇ (ਉਠਦਾ ਹੈ)

(ਸ਼ਾਹ ਬਾਹਰੋਂ ਆਂਦਾ ਹੈ ਐਨਕ ਵਿਚੋਂ ਦੇਖਦਾ ਹੈ)

ਆਲਾ ਸਿੰਘ : ਰਾਮ ਰਾਮ ਸ਼ਾਹ

ਸ਼ਾਹ : ਰਾਮ ਰਾਮ, ਮੈਂ ਆਖਿਆ ਬੜੀਆ ਚਾਹਾਂ ਦੀਆਂ ਸਿਫਤਾਂ ਹੋ ਰਹੀਆਂ ਨੇ

ਆਲਾ ਸਿੰਘ : ਭਾਬੀ ਤੇ ਦਿਉਰ ਦੀਆਂ ਮਸ਼ਕਰੀਆਂ ਨੇ। ਤੇਰੇ ਢਿਡ ਪੀੜ ਕਿਉਂ ਪੈਂਦੀ ਏ (ਕਸਰਤ ਦੁਹਰਾਂਦਾ ਹੈ ਤੇ ਬਾਹਰ ਨਿਕਲ ਜਾਂਦਾ ਹੈ)

ਸ਼ਾਹ : (ਸੰਭਲਦੇ ਹੋਏ) ਹੱਦ ਹੋ ਗਈ ਏ ਬਈ ਖਰਮਸਤੀਆਂ ਵਾਲੀ। (ਨੱਥੂ ਵਲ) ਤੇ ਫੇਰ ਕੀ ਸੋਚਿਆ ਨੱਥਿਆ ? ਪੈਸੇ ਦੇਣੇ ਨੇ ਕਿ ਮਹਿ ??

ਨੱਥੂ : ਸ਼ਾਹ ਇਹਦਾ ਫੈਸਲਾ ਤਾਂਹੀ ਕਰਾਂਗੇ, ਪਹਿਲੇ ਸਾਬ੍ਹ ਕਿਤਾਬ ਸਿੱਧਾ ਕਰ ਲਈਏ ।

ਸ਼ਾਹ : ਹਿਸਾਬ ਕਿਤਾਬ ਤੈਨੂੰ ਸਵੇਰੇ ਸਮਝਾ ਦਿਤਾ ਸੀ, ਹੁਣ ਕਿਹੜੀ ਬਿੱਲੀ ਨਿੱਛ ਗਈ ਏ ।

ਨੱਥੂ : ਬਿੱਲੀ ਤਾਂ ਨਹੀਂ-ਪਰ ਸਮਝ ਨਹੀਂ ਪਈ ਲਗਦੀ ਕਿ ਰਕਮ ਏਨੀ ਕਿਉਂ ਖੜ੍ਹੀ ਏ ।

ਸ਼ਾਹ : ਰਕਮ ਤਾਂ ਖੜੀ ਹੀ ਏ, ਇਹ ਕਿਉਂ ਖੜੀ ਏ-ਇਹ

ਵਹੀ ਪਈ ਬੋਲਦੀ ਏ।

ਨੱਥੂ : ਕੁਝ ਚਿਰ ਹੋਰ ਰੁੱਕ ਲਵੋ, ਸੂਦ ਵਲੋਂ ਤਾਂ ਮੈਂ ਕਦੇ ਢਿੱਲ ਵੀ ਨਹੀਂ ਕੀਤੀ

ਸ਼ਾਹ : ਸੂਦ ਤਾਂ ਮਿਲਦਾ ਏ, ਪਰ ਮੂਲ ਲਈ ਜ਼ਾਮਨੀ ਤਾਂ ਕੋਈ ਨਹੀਂ।ਅੱਜ ਤੇਰੇ ਕਿਲੇ ਮਹੀਂ ਖੜੀ ਏ ਮੁੱਲ ਭਾਂਵੇਂ ਇਹਦਾ 1500 ਤੋਂ ਵੱਧ ਨਹੀਂ ਪਰ ਮੈਂ ਇਹਦੇ ਬਦਲੇ 2000 ਦਾ ਖਾਤਾ ਖਤਮ ਕਰਨਾ ਹਾਂ।1500 ਦੀ ਚੀਜ 2000 ਤੇ ਪਿਆ ਲੈਂਦਾ ਹਾਂ, ਮੈਨੂੰ ਭਲਾ ਸਿਆਣਾ ਕੌਣ ਆਖੇਗਾ ?

ਕਰਮੀ : ਪਰ ਮਹਿ ਸਾਡੀ ਰੋਟੀ ਦਾ ਆਸਰਾ ਏ, ਅਸੀਂ ਦੁੱਧ ਵੇਚਕੇ ਤੁਹਾਡਾ ਹੌਲੀ ਹੌਲੀ ਚੁੱਕਾ ਦੇਵਾਂਗੇ ।

ਸ਼ਾਹ : ਦੁੱਧ ਵੇਚਕੇ ਚੁਕਾਂਦੇ ਰਹੇ ਤਾਂ ਵਿਆਜ ਹੀ ਪੂਰਾ ਨਹੀਂ ਹੋਣਾ।

ਕਰਮੀ : ਸ਼ਾਹ ਜੀ, ਮੈਂ ਵੀ ਪੰਜ ਘਰਾਂ ਵਿਚ ਭਾਂਡਿਆਂ ਦਾ ਕੰਮ ਕਰਨੀ ਹਾਂ ਇਹ ਵੀ ਤਾਂ ਕੰਮ ਕਰਦਾ ਏ । ਤਿਹਾਰਾਂ ਵੇਲੇ ਵਾਧੂ ਵੀ ਮਿਲ ਜਾਂਦਾ ਏ ਤੇ ਫੇਰ ਮਹਿ ਦਾ ਦੁੱਧ।

ਸ਼ਾਹ : ਇਹ ਗਲ ਤੂੰ ਪਿਛਲੇ ਸਾਲ ਵੀ ਕਹਿੰਦੀ ਸੀ, ਪਰ ਗਲ ਤਾਂ ਉਥੇ ਹੀ ਖਲੋਤੀ ਹੈ।

ਕਰਮੀ : ਪਰ ਇਹ ਮਹਿ ਸਾਡਾ ਰਿਜ਼ਕ ਏ, ਨਿੱਕੀ ਕੱਟੀ ਤੋਂ ਇਹਨੂੰ ਪਾਲਿਆ ਏਂ । ਤੇ ਹੁਣ ਇਹਦੀ ਦੁੱਧ ਦੇਣ ਦੀ ਵਾਰੀ ਆਈ ਏ ।

ਸ਼ਾਹ : ਦੁੱਧ ਵਾਲੀ ਹੋਈ ਏ ਤਾਂ ਹੀ 2000 ਪਿਆ ਦੇਂਦਾਂ ਹਾਂ । ਬਾਕੀ ਜੇ ਤੁਹਾਡਾ ਮਹੀਂ ਨਾਲ ਏਨਾਂ ਹੀ ਪਿਆਰ ਏ ਤਾਂ ਮੇਰਾ 2000 ਮੈਨੂੰ ਦੇ ਦੇਵੋ ਤੇ ਮਹੀਂ ਆਪਣੇ ਕਿਲੇ ਬੰਨੀ ਰਖੋ ।

ਨੱਥੂ : 2000 ਕਿਥੋਂ ਦੇ ਦੇਈਏ । ਹਿਸਾਬ ਕਰੋ ਫੇਰ ਦੇਖ ਲੈਣੇ ਹਾਂ ।

ਸ਼ਾਹ : ਹਿਸਾਬ ਕੋਈ ਲੁਕਿਆ ਹੋਇਆ ਏ ? ਇੰਝ ਕਰਦੇ ਹਾਂ, ਸਰਪੰਚ ਦੇ ਘਰੇ ਚਲੋ ਚਲਣੇ ਹਾਂ ਤੇ ਉਹਦੇ ਸਾਹਮਣੇ ਸਭ ਕੁਝ ਕਰ ਲੈਂਦੇ ਹਾਂ ।

ਸ਼ਾਹ : ਸਰਪੰਚ ਦੇ ਨਹੀਂ, ਮਾਸਟਰ ਕੋਲ ਚਲੇ ਚਲਦੇ ਹਾਂ, ਉਹ



ਸਾਰੀ ਗਲ ਸਮਝਾ ਦੇਵੇਗਾ।

ਸ਼ਾਹ : ਮਾਸਟਰ ਪੜ੍ਹਿਆ ਏ ਕਿਤਾਬਾਂ ਦੀ ਪੜ੍ਹਾਈ, ਇਹ ਵਹੀਆਂ ਦਾ ਹਿਸਾਬ ਉਹਨੂੰ ਆਪ ਨਹੀਂ ਸਮਝ ਲਗਨਾ ਤੁਹਾਨੂੰ ਕੀ ਸਮਝਾਏਗਾ ਭਲਾ ?

ਨੱਥੂ : ਤੁਸੀਂ ਚਲੋ ਤਾਂ ਸਹੀ ਏਨੀ ਰਕਮ ਏ ਮੇਰੀ ਵੀ ਤਾਂ ਤਸੱਲੀ ਹੋਣੀ ਚਾਹੀਦੀ

ਸ਼ਾਹ : ਚਲ ਫੇਰ ਮੈਨੂੰ ਕੀ ਇਤਰਾਜ਼ ਏ—ਵਹੀ ਵਿਚ ਤਾਂ ਸਾਬ੍ਹ ਦਾ ਅੱਖਰ ਅੱਖਰ ਲਿਖਿਆ ਏ। (ਜਾਂਦੇ ਹਨ)

ਪਿਛੋਂ ਆਵਾਜ਼ : ਹਰ ਅੱਖਰ ਲਹੂ ਦਾ ਤੁੱਪਕਾ<br>ਸ਼ਾਹਾਂ ਦੀ ਵਹੀ ਸਾਡੀ ਜਾਨ ਲੈ ਗਈ<br>ਅਸੀਂ ਰਹਿ ਗਏ ਹਉਕੇ ਭਰਦੇ<br>ਅਖਰਾਂ ਅਗੇ ਵਾਹ ਨਾਂ ਚਲੀ<br>ਤੇਰੀ ਜੂਨ ਨਾ ਬਦਲੀ ਮੇਰੇ ਦੇਸ਼ ਦੇ ਗਰੀਬਾ ਵੇ<br>ਮਨੁੱਖ ਭਾਵੇਂ ਚੰਨ ਪੁੱਜਿਆ...

(ਮਾਸਟਰ ਅਤੇ ਆਲਾ ਸਿੰਘ ਗਲਾਂ ਕਰ ਰਹੇ ਹਨ)

ਆਲਾ ਸਿੰਘ : ਮਾਸਟਰ ਜੀ, ਮੈਨੂੰ ਇਕ ਗਲ ਸਮਝਾਦੇ ਬਈ ਰੱਬ ਦੇ ਮਾਂਹ ਕਿੰਝ ਮਾਰੀਦੇ ਨੇ ?

ਮਾਸਟਰ : ਕੀ ਮਤਲਬ ਏ ਤੇਰਾ ?

ਆਲਾ ਸਿੰਘ : ਇਥੇ ਵਿਹਲੜ ਐਸ਼ ਕਰਦੇ ਨੇ, ਮੇਹਨਤੀ ਭੁੱਖੇ ਮਰਦੇ ਨੇ, ਇਹ ਬੜਾ ਸਵਾਲ ਹੈ ਭਲਾ ਗਰੀਬ ਬੰਦੇ ਨੇ ਉਹਦੇ ਮਾਂਹ ਕਦੋਂ ਮਾਰੇ ਸਨ । ਬਸ ਇਹ ਇਕ ਵਾਰੀ ਮੈਨੂੰ ਸਮਝਾਦੇ, ਫੇਰ ਮੈਂ ਤੇਰਾ ਪਾਣੀ ਭਰੂੰਗਾ।

ਮਾਸਟਰ : ਕਿਸੇ ਗਰੀਬ ਨੇ ਰੱਬ ਦੇ ਮਾਂਹ ਨਹੀਂ ਮਾਰੇ ਇਕ ਵਾਰੀ ਉਹ ਸਾਰੇ ਕੱਠੇ ਹੋ ਜਾਣ ਤਾਂ ਰੱਬ ਵਾਲੀ ਗੱਲ ਵੀ ਟਿਕਾਨੇ ਆ ਜਾਏ ।

ਆਲਾ ਸਿੰਘ : ਉਹ ਇਕੱਠੇ ਕਿਸਤਰ੍ਹਾਂ ਹੋਣ ?

ਮਾਸਟਰ : ਕਲ ਜਿਹੜੀ ਗਲ ਤੈਨੂੰ ਸਮਝਾਈ ਸੀ ਅਤੇ ਨਾਲ ਹੀ ਉਹ ਕਸਰਤ ਦਸੀ ਸੀ।

ਆਲਾ ਸਿੰਘ : ਆਹੋ (ਕਸਰਤ ਦੁਹਰਾਂਦਾ ਹੈ) ਪਰ ਮਾਸਟਰ ਜੀ ਜਦੋਂ ਗਰੀਬ ਕੱਠੇ ਹੋਣੇ ਨੇ, ਫੇਰ ਤਾਂ ਪੁਲਸ ਵਾਲੇ ਆ ਜਾਂਦੇ ਨੇ ਹੁਣ ਪਿਛਲੇ ਸਾਲ ਹੀ ਵੇਖੋ ਮੰਡੀ ਸੇਠਾਂ ਨੇ ਦਾਜ ਦੇ ਬਦਲੇ

ਆਪਣੀ ਨੂੰਹ ਸਾੜ ਦਿਤੀ । ਚੁੱਪ ਕਰਕੇ ਉਹਨੂੰ ਫੂਕ ਦੇਣ ਲਗੇ ਸੀ। ਲੋਕ ਇਕੱਠੇ ਹੋ ਗਏ । ਸੇਠਾਂ ਨੂੰ ਹਥਕੜੀ ਵੀ ਲਗ ਗਈ ਪਰ ਸਾਲੇ ਮੇਰੇ ਫੇਰ ਛੁਟ ਗਏ । ਕਹਿੰਦੇ ਉਹਨਾਂ ਨੇ ਪੁਲਸ ਨੂੰ ਅੰਨ੍ਹਾ ਪੈਸਾ ਚੜ੍ਹਾ ਦਿਤਾ ।

ਮਾਸਟਰ : ਪਰ ਇਕ ਵਾਰੀ ਤਾਂ ਉਹਨਾਂ ਨੇ ਹੱਥਕੜੀ ਲਵਾ ਦਿਤੀ

ਆਲਾ ਸਿੰਘ : ਪਰ ਗਲ ਤਾਂ ਫੇਰ ਉਥੇ ਹੀ ਆ ਗਈ । ਹੁਣ ਤੁਸੀਂ ਦੇਖਣਾ ਉਹੀ ਸੇਠ ਮੁੰਡੇ ਦਾ ਦੂਜਾ ਵਿਆਹ ਕਰ ਦੇਣਗੇ। ਦੂਜੀ ਥਾਂ ਤੋਂ ਦਾਜ ਆਏਗਾ। ਜਿਹੜਾ ਉਹਨਾਂ ਨੇ ਪੁਲਸ ਨੂੰ ਚੜ੍ਹਾਇਆ ਏ, ਉਹ ਦੂਜੇ ਦਾਜ ਵਿਚੋਂ ਕਢ ਲੈਣਗੇ।

ਮਾਸਟਰ : ਪਰ ਜੇਕਰ ਲੋਕਾਂ ਵਿਚ ਸ਼ਕਤੀ ਹੋਈ ਤਾਂ ਉਹ ਉਹਦਾ ਦੂਜਾ ਵਿਆਹ ਨਹੀਂ ਹੋਣ ਦੇਣਗੇ ।

ਆਲਾ ਸਿੰਘ : ਲੋਕਾਂ ਨੂੰ ਭਲਾ ਇਹੋ ਕੰਮ ਥੋੜਾ ਏ ਕਿ ਉਹ ਹਰ ਵੇਲੇ ਸੇਠਾਂ ਦਾ ਘੇਰਾਓ ਰਖਣ ਤਾਂ ਪੁਲਸ ਵਾਲਿਆਂ ਕੋਲੋਂ ਲਾਠੀਆਂ ਖਾਦੇ ਰਹਿਣ।

ਮਾਸਟਰ : ਫੇਰ ਤਾਂ ਗਲ ਉਥੇ ਹੀ ਰਹਿਣੀ ਏ।

ਆਲਾ ਸਿੰਘ : ਗਲ ਰਹਿਣੀ ਹੀ ਉਥੇ ਹੈ।

ਮਾਸਟਰ : ਤੇਰਾ ਮਤਲਬ ਏ ਕਿ ਕਿਸੇ ਵੀ ਸੰਘਰਸ਼ ਜਦੋ ਜਹਿਦ ਦਾ ਕੋਈ ਫਾਇਦਾ ਨਹੀਂ, ਇਸ ਤਰ੍ਹਾਂ ਤਾਂ ਆਜ਼ਾਦੀ ਦੀ ਲੜਾਈ ਜੋ ਲੜੀ ਗਈ ਉਹਦਾ ਵੀ ਕੋਈ ਫਾਇਦਾ ਨਹੀਂ।

ਆਲਾ ਸਿੰਘ : ਸਾਨੂੰ ਤਾਂ ਕੋਈ ਫਾਇਦਾ ਨਹੀਂ ਦਿਸਿਆ, ਬਾਂਦਰ ਮੂੰਹੀ ਚਲੇ ਗਏ ਕਾਲੇ ਮੂੰਹੀ ਆ ਗਏ ।

ਮਾਸਟਰ : ਭਗਤ ਸਿੰਘ ਫਾਂਸੀ ਚੜ੍ਹਿਆ, ਉਹਦਾ ਵੀ ਕੋਈ ਫਾਇਦਾ ਨਹੀਂ

ਆਲਾ ਸਿੰਘ : ਭਗਤ ਸਿੰਘ ਦੀਆਂ ਕਿਆ ਬਾਤਾਂ। ਸੂਰਮਾਂ ਲਾੜੀ ਮੌਤ ਨੂੰ ਵਿਆਹ ਗਿਆ । ਇਕ ਵਾਰੀ ਬੱਲੇ ਬੱਲੇ ਹੋ ਗਈ।

ਮਾਸਟਰ : ਆਲਾ ਸਿਆਂ, ਉਹਦੀ ਬੱਲੇ ਬੱਲੇ ਸਿਰਫ ਇਸ ਲਈ ਨਹੀਂ ਹੋਈ ਕਿ ਉਹ ਲਾੜੀ ਮੌਤ ਨੂੰ ਵਿਆਹ ਗਿਆ, ਸਗੋਂ ਇਸ ਲਈ ਕਿ ਉਹਨੇ ਲੋਕਾਂ ਨੂੰ ਇਨਕਲਾਬ ਦਾ ਰਾਹ ਦਿਖਾਇਆ, ਪਰ ਦੁੱਖ ਵਾਲੀ ਗਲ ਇਹਵੇ ਕਿ



ਉਹਦੀ ਇਨਕਲਾਬ ਵਾਲੀ ਗਲ ਭੁਲਾ ਦਿਤੀ, ਸਿਰਫ ਲਾੜੀ ਮੌਤ ਨੂੰ ਵਿਆਹੁਣ ਵਾਲੀ ਗਲ ਯਾਦ ਰਖੀ ।

ਆਲਾ ਸਿੰਘ : ਅਸੀਂ ਤਾਂ ਮਾਸਟਰ ਜੀ, ਆਪਣੀ ਸਾਰੀ ਉਮਰ ਭੰਗ ਦੇ ਭਾੜੇ ਗੁਜਾਰ ਦਿਤੀ ਨਾ ਅਸੀਂ ਲਾੜੀ ਮੌਤ ਨੂੰ ਵਿਆਹਿਆ ਤੇ ਨਾਂ ਹੀ ਕਿਸੇ ਹੋਰ ਲਾੜੀ ਨੂੰ

(ਸ਼ਾਹ ਆਂਦਾ ਹੈ)

ਸ਼ਾਹ : ਇਹ ਆਲਾ ਸਿੰਘ ਕਿਹੜੀ ਲਾੜੀ ਦੀ ਗਲ ਕਰਦੈ।

ਮਾਸਟਰ : ਆਲਾ ਸਿੰਘ ਆਪਣਾ, ਭਗਤ ਸਿੰਘ ਸ਼ਹੀਦ ਦੀ ਗਲ ਕਰਦਾ ਸੀ

ਸ਼ਾਹ : ਭਗਤ ਸਿੰਘ ਸ਼ਹੀਦ ਵਰਗੇ ਤਾਂ ਮਾਵਾਂ ਕਦੀ ਕਦੀ ਜੰਮਦੀਆਂ ਨੇ

ਆਲਾ ਸਿੰਘ : ਸ਼ਾਹ ਵਰਗੇ ਰੋਜ਼ ਜੰਮਦੀਆਂ ਨੇ, ਜਿਨ੍ਹਾਂ ਨੇ ਧਰਤੀ ਲੁੱਟ ਖਾਧੀ ਏ।

ਸ਼ਾਹ : ਭਗਤ ਸਿੰਘ ਨੇ ਦੇਸ਼ ਆਜ਼ਾਦ ਕਰਵਾਉਣ ਵਿਚ ਵੱਡਾ ਹਿੱਸਾ ਪਾਇਆ ਆਜ਼ਾਦੀ ਬੜੀ ਚੀਜ਼ ਏ, ਜਦੋਂ ਦੀ ਆਜਾਦੀ ਆਈ ਏ ਦੇਸ਼ ਦਿਨ ਦੁਗਨੀ ਰਾਤ ਚੁਗਨੀ ਤਰੱਕੀ ਕਰ ਰਿਹਾ ਏ ।

ਆਲਾ ਸਿੰਘ : ਤੇ ਸ਼ਾਹ ਦੀ ਵਹੀ ਵਿਚ ਨੱਥੇ ਦਾ ਕਰਜ਼ਾ ਵੀ ਦਿਨੇ ਦੁਗਨਾ ਤੇ ਰਾਤੀ ਚੁਗਨਾ ਤਰੱਕੀ ਕਰਦਾ ਏ।

ਸ਼ਾਹ : ਇਹ ਆਲਾ ਸਿਆਂ ਆਜ਼ਾਦੀ ਦੀ ਬਰਕਤ ਏ ਕਿ ਥਾਂ ਥਾਂ ਬਿਜਲੀ ਜਗਦੀ ਪਈ ਏ

ਆਲਾ ਸਿੰਘ : ਇਹ ਕੀਹਦੀ ਬਰਕਤ ਏ ਕਿ ਸਾਡੀ ਝੁੱਗੀ ਵਿਚ ਉਸੇ ਤਰ੍ਹਾਂ ਹਨੇਰਾ ਏ।

ਸ਼ਾਹ : ਪਹਿਲੋਂ ਅਸੀਂ ਬਾਹਰੋਂ ਅਨਾਜ ਮੰਗਵਾਂਦੇ ਸਾਂ, ਹੁਣ ਅੰਨ ਦੇ ਭੰਡਾਰ ਭਰੇ ਹੋਏ ਨੇ।

ਆਲਾ ਸਿੰਘ : ਪਰ ਗਰੀਬ ਪਹਿਲੇ ਵੀ ਭੁੱਖੇ ਮਰਦੇ ਸਨ ਤੇ ਹੁਣ ਵੀ ਭੁੱਖੇ ਮਰਦੇ ਨੇ .

ਸ਼ਾਹ : ਚੰਡੀਗੜ੍ਹ ਨਵਾਂ ਸ਼ਹਿਰ ਬਣ ਗਿਆ ਏ ਕਿਆ ਬਾਤ ਹੈ ਉਹਦੀ ?

ਆਲਾ ਸਿੰਘ : ਗਰੀਬ ਪਹਿਲੇ ਵੀ ਕੱਚਿਆਂ ਵਿਚ ਸੌਂਦੇ ਸਨ, ਹੁਣ ਵੀ ਕੱਚਿਆਂ ਵਿਚ ਸੌਂਦੇ ਹਨ, ਉਹਨਾਂ ਨੂੰ ਚੰਡੀਗੜ੍ਹ ਨਾਲ

ਕੀ ?

ਸ਼ਾਹ : ਆਲਾ ਸਿਆਂ ਤੇਰੀ ਤਾਂ ਮੱਤ ਹੀ ਪੁੱਠੀ ਹੋ ਗਈ ਏ । ਮਾਸਟਰ ਜੀ ਇਹਨੂੰ ਕੁਝ ਸਮਝਾਓ।

ਆਲਾ ਸਿੰਘ : ਮਾਸਟਰ ਜੀ ਤਾਂ ਬੜਾ ਕੁਝ ਸਮਝਾਂਦੇ ਨੇਂ। ਇਕ ਗਲ ਤਾਂ ਉਹਨਾਂ ਇਹ ਸਮਝਾ ਦਿਤੀ.ਏ (ਕਸਰਤ ਕਰਦਾ ਏ, ਸ਼ਾਹ ਝੇਪਦਾ ਏ)

ਨੱਥੂ : (ਗਲ ਸ਼ੁਰੂ ਕਰਦੇ ਹੋਏ) ਮਾਸਟਰ ਜੀ, ਤੁਹਾਨੂੰ ਇਕ ਤਕਲੀਫ ਦੇਣੀ ਏ,

ਮਾਸਟਰ : ਦਸ ਨੱਥਿਆ ਤਕਲੀਫ ਕਾਹਦੀ ?

ਆਲਾ ਸਿੰਘ : ਨੱਥੂ ਸ਼ਾਹ ਹੋਰਾਂ ਨਾਲ ਹਿਸਾਬ ਕਰਕੇ ਗਵਾਹੀ ਪਾਉਣੀ ਏ।

ਮਾਸਟਰ : ਗਵਾਹੀ ?

ਆਲਾ ਸਿੰਘ : ਆਹ ਮਾਸਟਰ ਜੀ, ਤੁਸੀਂ ਵੀ ਸਹੀ ਪਾਉਣੀ ਏ ਕਿ ਸਾਡੇ ਨੱਥੇ ਦੀ ਸ਼ਾਹ ਨੇ ਕਿਨੀਂ ਛਿੱਲ ਲਾਹੀ ਏਂ।

ਸ਼ਾਹ : ਓਏ ਆਲਾ ਸਿਆਂ, ਕੀ ਅਸੀਂ ਲੋਕਾਂ ਦੀ ਛਿਲ ਲਾਹੁੰਦੇਂ ਹਾਂ ?

ਆਲਾ ਸਿੰਘ : ਨਹੀਂ ਤੁਸੀਂ ਤਾਂ ਲੱਥੀ ਛਿੱਲ ਤੇ ਮਲ੍ਹਮ ਲਗਾਉਂਦੇ ਹੋ।

ਸ਼ਾਹ : ਹਲਾ, ਵਿਚ ਨਾਂ ਬੋਲ, ਗਲ ਕਰਨ ਦੇ ।

ਮਾਸਟਰ : ਨੱਥਿਆ ਬਈ ਗਲ ਕਰ

ਨੱਥੂ : ਗਲ ਇੰਝ ਏ ਮਾਸਟਰ ਜੀ, ਬਾਪੂ ਦੀ ਬੀਮਾਰੀ ਵੇਲੇ ਮੈਂ ਸ਼ਾਹ ਕੋਲੋਂ ਕੁਝ ਰਕਮ ਪਕੜੀ ਸੀ, ਕੋਈ 5-6 ਸਾਲ ਹੋ ਗਏ ਨੇਂ ।

ਮਾਸਟਰ : ਕਿਨੀਂ ਰਕਮ ਸੀ।

ਨੱਥੂ : ਰਕਮ ਤਾਂ 500 ਦੇ ਕਰੀਬ ਸੀ, ਸ਼ਾਹ ਕਹਿੰਦਾ ਏ ਉਹ ਹੁਣ 2000 ਬਣ ਗਈ ਏ ।

ਸ਼ਾਹ : ਮੈਂ ਥੋੜਾ ਕਹਿੰਦਾ ਹਾਂ, ਖਾਤਾ ਕਹਿੰਦਾ ਏ।

ਆਲਾ ਸਿੰਘ : ਖਾਤਾ ਵੀ ਤਾਂ ਤੂੰ ਹੀ ਲਿਖਿਆ ਏ

ਨੱਥੂ : ਮੈਂ ਕਹਿਣਾ ਹਾਂ, ਜਦੋਂ ਮੈਂ ਵਿਆਜ਼ ਪੂਰਾ ਦੇਂਦਾ ਰਿਹਾ, ਫੇਰ ਰਕਮ ਕਿਵੇਂ ਵੱਧ ਗਈ ?

ਆਲਾ ਸਿੰਘ : ਉਹ ਇੰਝ ਵੱਧ ਗਈ ਕਿ ਜਿਹੜਾ ਤੂੰ ਵਿਆਜ ਦਿਤਾ, ਉਹ ਸ਼ਾਹ ਨੇ ਆਪਣੇ ਖਾਤੇ ਵਿਚ ਲਿਖ ਲਿਆ ਕਿ



ਉਹਦੀ ਕੁੜੀ ਨੂੰ ਤੂੰ ਸ਼ਗਨ ਦਿਤਾ ਤੇ ਤੇਰਾ ਖਾਤਾ 500 ਤੋਂ 2000 ਬਣ ਗਿਆ ।

ਸ਼ਾਹ : ਮਾਸਟਰ ਜੀ ਇਹਨੂੰ ਚੁੱਪ ਕਰਵਾਉ, ਹਰ ਵੇਲੇ ਅਵਾ ਤਵਾ ਬੋਲਦਾ ਏ।

ਮਾਸਟਰ : ਅਛਾ ਆਲਾ ਸਿਆਂ ਗਲ ਕਰ ਲੈਣ ਦੇ

ਸ਼ਾਹ : ਮਾਸਟਰ ਜੀ, ਮੈਂ ਨਹੀਂ ਕਹਿੰਦਾ ਕਿ ਨੱਥਾ ਵਿਆਜ ਨਹੀਂ ਦੇਂਦਾ ਰਿਹਾ ਪਰ ਵੇਲੇ ਕੁਵੇਲੇ ਹੋਰ ਵੀ ਰਕਮ ਫੜਦਾ ਰਿਹਾ ਏ ।

ਨੱਥੂ : ਸ਼ਾਹ ਹੋਰ ਰਕਮ ਜਿਹੜੀ ਵੀ ਫੜੀ, ਉਹ ਤਾਂ ਮੈਂ ਨਾਲ ਨਾਲ ਪਰਤਾਂਦਾ ਰਿਹਾ ਹਾਂ ।

ਸ਼ਾਹ : ਉਹ ਤਾਂ ਵਿਆਜ਼ ਪਰਤਾਂਦਾ ਰਿਹਾ, ਮੂਲ ਤਾਂ ਵਧਦਾ ਹੀ ਗਿਆ।

ਨੱਥੂ : ਹੱਦ ਹੋ ਗਈ ਏ ਸ਼ਾਹ ਬੇਈਮਾਨੀ ਵਾਲੀ ।

ਸ਼ਾਹ : ਨਾਂ ਹੁਣ ਸਾਨੂੰ ਬੇਈਮਾਨ ਕਹਿਣ ਲਗ ਪਿਆ ਏਂ, ਲੋੜ ਵੇਲੇ ਤਰਲੇ ਕਢਦਾ ਸੀ, ਮੈਨੂੰ ਤਾਂ ਪਹਿਲੇ ਹੀ ਤੁਹਾਡੇ ਲੋਕਾਂ ਦਾ ਪਤਾ ਸੀ, ਇਸੇ ਲਈ ਗੂਠੇ ਤੇ ਗੂਠਾ ਲਗਵਾਇਆ ਹੋਇਆ ਏ ।

ਆਲਾ ਸਿੰਘ : ਦਿਖਾ ਖਾਂ ਸ਼ਾਹ ਕਿਹੜਾ ਗੂਠਾ ਏ।

ਸ਼ਾਹ : ਇਹ ਵੇਖ ਇਹ ਗੂਠਾ ।

ਮਾਸਟਰ : ਕਿਉਂ ਨੱਥਿਆ ਗੂਠਾ ਤੇਰਾ ਏ ?

ਨੱਥੂ : ਗੂਠਾ ਤਾਂ ਮੇਰਾ ਹੀ ਏ ।

ਆਲਾ ਸਿੰਘ : ਪਰ ਮਾਸਟਰ ਜੀ ਇਹ ਜੋ ਉਪਰ ਲੰਡਿਆਂ ਵਿਚ ਲਿਖਿਆ ਏ, ਉਹ ਤਾਂ ਸ਼ਾਹ ਨੇ ਲਿਖਿਆ ਹੋਇਆ ਏ ।

ਸ਼ਾਹ : ਓਏ ਇਹ ਤਾਂ ਮੈਂ ਹੀ ਲਿਖਣਾ ਸੀ ।

ਆਲਾ ਸਿੰਘ : ਤੇ ਇਹ ਜ਼ਰੂਰੀ ਨਹੀਂ ਕਿ ਜੋ ਕੁਝ ਤੂੰ ਲਿਖਿਆ ਏ ਉਹ ਨੱਥਾ ਮੰਨ ਲਵੇ। ਓਏ ਨੱਥਿਆ ਤੂੰ ਮੱਕਰ ਜਾ।

ਸ਼ਾਹ : ਉਏ ਤੂੰ ਆਪ ਵੀ ਬੇਈਮਾਨ ਏਂ, ਦੂਜਿਆਂ ਨੂੰ ਵੀ ਬੇਈਮਾਨ ਬਣਾਉਂਦਾ ਏਂ।

ਆਲਾ ਸਿੰਘ : ਓਏ ਮੈਂ ਤੇਰੇ ਨਾਲ ਕਿਹੜੀ ਬੇਈਮਾਨੀ ਕੀਤੀ ਏ, ਨੱਥਿਆਂ ਤੂੰ ਅੱੜ ਜਾ।

ਸ਼ਾਹ : ਅੱੜ ਕਿਵੇਂ ਜਾਏ, ਮੈਂ ਤਾਂ ਬੂਹੇ ਬੱਧੀ ਮਹੀਂ ਖੋਲ੍ਹ ਕੇ

ਲਿਜਾਣੀ ਏ, ਮੇਰੀ ਰਕਮ ਵਾਪਸ ਹੋਵੇਗੀ ਤੇ ਮਹੀਂ ਵਾਪਸ ਆਵੇਗੀ ।

ਆਲਾ ਸਿੰਘ : ਉਏ ਤੂੰ 500 ਦੇ ਬਦਲੇ 2000 ਵਾਲੀ ਨਹੀਂ ਖੋਲ੍ਹਣ ਵਾਲਾ ਕੌਣ ਹੁੰਦਾ ਏ? ਨੱਥੂ ਭੋਲਾ ਬੰਦਾ ਏ, ਇਹਦਾ ਇਹ ਮਤਲਬ ਨਹੀਂ ਕਿ ਤੂੰ ਆਵਦੀ ਮਰਜ਼ੀ ਕਰ ਲਵੇਂ

ਸ਼ਾਹ : ਮੇਰਾ 500 ਹੁਣੇ ਰੱਖ ਦੇਵੋ ।

ਆਲਾ ਸਿੰਘ : ਵੇਖਿਆ ਆ ਗਿਆ ਏ ਨਾਂ 2000 ਤੋਂ 500 ਤੇ। ਦੇ ਦੇਵਾਂਗੇ ਚਾਰ ਪੰਜ ਦਿਨ ਵਿਚ ।

ਸ਼ਾਹ : ਤੂੰ ਵਡਾ ਸ਼ਾਹ ਲਗਿਆ ਹੋਇਆ ਏਂ, ਮੈਥੋਂ ਭੁਲਿਆ ਨਹੀਂ, ਮੈਂ ਤਾਂ ਜਾਂ ਹੁਣੇ ਹੀ ਰਕਮ ਲਵੂੰ ਜਾਂ ਬੂਹੇ ਬਧੀ ਮਹਿ ਖੋਲ੍ਹਕੇ ਲਿਜਾਊਂ।

ਆਲਾ ਸਿੰਘ : ਤੂੰ ਕੀ ਕਰੇਂਗਾ ? (ਕਸਰਤ ਕਰਦਾ ਹੈ)

ਸ਼ਾਹ : ਮਹਿ ਖੋਲ੍ਹਕੇ ਲਿਜਾਵਾਂਗਾ (ਨਾਲੇ ਪਿਛੇ ਹੱਟਦਾ ਹੈ)

ਆਲਾ ਸਿੰਘ : ਫੇਰ ਇਕ ਵਾਰ ਕਹਿ ਮਹਿ ਖੋਲ੍ਹ ਕੇ ਲਿਜਾਵਾਂਗਾ (ਕਸਰਤ ਕਰਦਾ ਹੈ)

ਮਾਸਟਰ : ਓਏ ਜਾਣਦੇ ਆਲਾ ਸਿੰਘ

ਸ਼ਾਹ : (ਜਾਂਦਾ ਹੋਇਆ) ਮੈਂ ਤਾਂ ਥਾਣਾ ਸੱਦਕੇ ਲਿਆਵਾਂਗਾ । (ਫੇਰ ਵਾਪਸ ਆਂਦਾ ਹੈ, ਪਰ ਆਲਾ ਸਿੰਘ ਕਸਰਤ ਕਰਦਾ ਹੈ ਤੇ ਇਕ, ਦੋ ਤਿਨ, ਚਾਰ ਆਖਕੇ ਨੱਥੇ ਕੋਲੋਂ ਵੀ ਕਰਵਾਂਦਾ ਹੈ)

ਮਾਸਟਰ : ਲੋਕ ਇਕੱਠੇ ਹੋਣ ਤਾਂ ਇਸਤਰ੍ਹਾਂ ਜ਼ਿਆਦਤੀ ਦਾ ਮੁਕਾਬਲਾ ਕਰਦੇ ਨੇ। ਜਿਸ ਤਰ੍ਹਾਂ ਇਹ ਸ਼ਾਹ ਲੋਕਾਂ ਦੀ ਛਿਲ ਲਾਹੁੰਦਾ ਏ, ਇਸੇ ਤਰ੍ਹਾਂ ਦੇਸ਼ ਵਿਚ ਕੁਝ ਸ਼ਾਹ ਵਰਗੇ ਸਰਮਾਏਦਾਰ ਸਾਰੇ ਗਰੀਬਾਂ ਦੀ ਛਿਲ ਲਾਹਦੇ ਨੇ ਜੇ ਲੋਕ ਇਕੱਠੇ ਹੋ ਜਾਣ ਤਾਂ ਉਹਨਾਂ ਦੀ ਮੇਹਨਤ ਦੀ ਲੁੱਟ ਰੁੱਕ ਸਕਦੀ ਏ-
(ਕਰਮੀ ਲੱਸੀ ਦਾ ਛੰਨਾ ਲੈ ਕੇ ਆਂਦੀ ਹੈ)

ਆਲਾ ਸਿੰਘ : ਲਓ ਭਾਬੀ ਸਾਡੀ ਲੱਸੀ ਲੈਕੇ ਆ ਗਈ ਹੈ ।

ਕਰਮੀ : ਮੈਂ ਕਿਹਾ ਪੰਜ ਕਲਿਆਣੀ ਦੇ ਦੁੱਧ ਦੀ ਲੱਸੀ ਸਾਰਿਆਂ ਨੂੰ ਪਿਆਂ ਆਵਾਂ ਫੇਰ ਪਤਾ ਨਹੀਂ ਕਦੀ ਪਿਲਾਉਣ ਹੋਵੇ ਕਿ ਨਾਂ ।

ਨੱਥੂ : ਕਮਲੀਏ, ਪੰਜ ਕਲਿਆਣੀ ਨੂੰ ਕੋਈ ਨਹੀਂ ਬੂਹੇ ਤੋਂ



ਖੋਲ੍ਹੇਗਾ !

ਕਰਮੀ : ਕੀ ਮਤਲਬ ?

ਆਲਾ ਸਿੰਘ : ਉਹ ਜਾਂਦਾ ਪਿਆ ਏ ਸ਼ਾਹ—ਇਕ, ਦੋ-ਤਿੰਨ (ਨੱਥੇ ਅਤੇ ਕਰਮੀ ਕੋਲੋਂ ਵੀ ਉਹ ਬੰਦ ਮੁੱਠੀ ਵਾਲੀ ਕਸਰਤ ਕਰਵਾਉਂਦਾ ਹੈ ਇਕ, ਦੋ, ਤਿੰਨ ਅਤੇ ਚਾਰ। ਮਾਸਟਰ ਉਹਨਾਂ ਦੀ ਮੁੱਦਰਾ ਹੋਰ ਠੀਕ ਕਰਦਾ ਹੈ ਤੇ ਆਪ ਵੀ ਬੰਦ ਮੁੱਠੀ ਕਰਕੇ ਬਾਂਹ ਚੁਕਦਾ ਹੈ ਤੇ ਇਥੋਂ ਹੀ ਨਾਟਕ ਹੇਠ ਲਿਖੇ ਬੋਲਾਂ ਨਾਲ ਸਮਾਪਤ ਹੁੰਦਾ ਹੈ )

ਇਕੱਠੇ : ਜੂਨ ਤੁਹਾਡੀ ਉਦੋਂ ਬਦਲਣੀ
ਜਦੋਂ ਕੱਠੇ ਹੋ ਕੇ ਬਾਂਹ ਚੁਕਣੀ
ਦੁਖਾਂ ਦੀ ਜਿੰਦਗੀ ਉਦੋਂ ਮੁਕਣੀ।

# ਚੋਰ

## ਸਤਵਿੰਦਰ ਬੇਗੋਵਾਲੀਆ

---

### ਪਾਤਰ

| | | |
|---|---|---|
| ਧੁੰਨਾ | : | ਇੱਕ ਕਿਸਾਨ, ਉਮਰ 55 ਸਾਲ |
| ਮਿੰਦਰੋ | : | ਧੁੰਨੇ ਦੀ ਪਤਨੀ, ਉਮਰ 50 ਸਾਲ |
| ਜਿੰਦਰ | : | ਪੜ੍ਹਿਆ ਲਿਖਿਆ ਬੇਰੁਜ਼ਗਾਰ, ਉਮਰ 25 ਸਾਲ |
| ਕਿਸ਼ਨਾ | : | ਇੱਕ ਦੁਕਾਨਦਾਰ, ਉਮਰ 45 ਸਾਲ |
| ਖਜਾਨ ਸਿੰਘ | : | ਧੁੰਨੇ ਦਾ ਸਾਲਾ, ਉਮਰ 48 ਸਾਲ |
| ਕੰਤੀ | : | ਆਮ ਆਦਮੀ, ਉਮਰ 35 ਸਾਲ |
| 1, 2 | : | ਦੋ ਯਮ |
| ਗਿਆਨ ਸਿੰਘ | : | ਆੜ੍ਹਤੀਆ, ਉਮਰ 60 ਸਾਲ |
| ਬੰਤੂ | : | ਝੀਊਰ, ਉਮਰ 50 ਸਾਲ |
| ਚੰਨਾ | : | ਧੰਨੇ ਦਾ ਪੁੱਤਰ, 26 ਸਾਲ |
| ਚੋਰ | : | |

(ਧੁੰਨਾ ਆਪਣੇ ਘਰ ਦੇ ਛੋਟੇ ਜਿਹੇ ਵਰਾਂਡੇ ਵਿੱਚ ਮੰਜੇ 'ਤੇ ਸੌਂ ਰਿਹਾ ਹੈ, ਸੁਫ਼ਨੇ ਵਿੱਚ ਉਸ ਦੇ ਬੋਲਣ ਦੀ ਆਵਾਜ਼ ਸੁਣਾਈ ਦਿੰਦੀ ਹੈ)

ਧੁੰਨਾ : (ਸੁਫ਼ਨੇ ਵਿੱਚ) ਲੋਕੋ ! ਦੌੜੋ, ਆਹ ਚੋਰਾਂ ਮੇਰੀਆਂ ਸਾਰੀਆਂ ਟਾਹਲੀਆਂ ਵੱਢ ਲਈਆਂ, ਵੇਖੋ ਔਹ ਵੇਖੋ....... ਤੁਸੀਂ ਵੇਖਦੇ ਨਹੀਂ ? ਤੁਸੀਂ ਅੰਨ੍ਹੇ ਹੋ ? ਦਿਨ ਦੀਵੀਂ ਚੋਰ ਕੀ ਕਰਦੇ ਪਏ ਨੇ . ਮੇਰੀ ਹਿੱਕ 'ਤੇ ਆਰੀ ਫਿਰਦੀ ਪਈ ਏ, ਟੋਟੇ ਕਰ ਕਰ ਟਰਾਲੀ ਵਿੱਚ ਸੁੱਟੀ ਜਾਂਦੇ ਨੇ ਹਰਾਮਜਾਦੇ, ਹਾਏ ਉਏ ਮੇਰੀਆਂ ਅਸਮਾਨ ਨੂੰ ਛੂਹਣ ਵਾਲੀਆਂ ਟਾਹਲੀਆਂ ! ਮੈਂ ਲੁੱਟਿਆ ਗਿਆ, ਕੋਈ ਨਹੀਂ ਮੇਰੀ ਮਦਦ ਕਰਨ ਵਾਲਾ। ਮੇਰੀਆਂ ਤੀਹ ਹਜ਼ਾਰ ਦੀਆਂ ਟਾਹਲੀਆਂ ਨੇ, ਟਾਹਲੀਆਂ ਮੇਰੀ ਜਾਨ ਨੇ, ਮੈਂ ਜਾਨ ਦੇ ਦਊਂ। ਚਲਾਉ ਟਰੈਕਟਰ, ਖੜ੍ਹਾ ਵਾਂ ਰਾਹ ਵਿੱਚ..... ਲੰਘਾ ਦਿਉ ਮੇਰੇ ਉਪਰੋਂ ...... ਹਾਏ ਹਾਏ.........

(ਮੰਜੇ ਤੋਂ ਹੇਠਾਂ ਡਿੱਗ ਪੈਂਦਾ ਹੈ, ਧੁੰਨੇ ਨੂੰ ਜਾਗ ਆ ਜਾਂਦੀ ਹੈ)



ਸ਼ੁਕਰ ਏ, ਟਾਹਲੀਆਂ ਸਹੀ ਸਲਾਮਤ ਨੇ। ਕਿੰਨੇ ਖ਼ੌਫ਼ ਵਾਲਾ ਸੁਫ਼ਨਾ ਸੀ। ਅੱਧੀ ਰਾਤ ਤਾਂ ਖੰਘਦੇ-ਖੰਘਦੇ ਪੈ ਗਈ, ਜਦ ਜਰਾ ਅੱਖ ਲੱਗੀ ਤਾਂ ਸਾਲਾ ਸੁਫ਼ਨਾ ਪਤਾ ਨੀਂ ਕਿਧਰੋਂ ਆ ਗਿਐ।

(ਧੁੰਨਾ ਸਿੰਘ ਦੀ ਖੰਘ ਛਿੜ ਪੈਂਦੀ ਹੈ, ਜਿਸ ਦੀ ਆਵਾਜ਼ ਸੁਣ ਕੇ ਮਿੰਦਰੋ ਆ ਜਾਂਦੀ ਹੈ।)

ਮਿੰਦਰੋ : (ਖਿੱਝਦੀ ਹੋਈ) ਖੰਘ ਫਿਰ ਛਿੜ ਪਈ ਏ ?

ਧੁੰਨਾ : (ਖੰਘਦਾ ਹੋਇਆ) ਆਹ ਸਾਲੀ ਖੰਘ ਪਤਾ ਨਹੀਂ ਕਦ ਖਹਿੜਾ ਛੱਡੇਗੀ। ਮਹੀਨਾ ਹੋ ਗਿਆ ਡਾਕਟਰ ਦੀ ਦਵਾਈ ਖਾਂਦੇ ਨੂੰ। ਛੇ ਸੱਤ ਸੌ ਰੁਪਿਆ ਵੀ ਫੂਕ ਛੱਡਿਐ, ਉਧਰ ਡਾਕਟਰ ਮੇਰੇ ਸਾਲੇ ਪਤਾ ਨਹੀਂ ਕਿਹੜੀ ਦਵਾਈ ਦੇ ਦਿੰਦੇ ਨੇ, ਇੱਕ ਪੈਸੇ ਦਾ ਫ਼ਰਕ ਨਹੀਂ ਪਿਆ।

ਮਿੰਦਰੋ : ਨਹੀਂ ਪਿਆ ਫ਼ਰਕ ਤਾਂ ਦਿਨੇ ਜਾ ਕੇ ਉਹ ਸ਼ੀਸ਼ੀ ਮਾਰੀਂ ਡਾਕਟਰ ਦੀ ਟਿੰਡ ਵਿੱਚ।

ਧੁੰਨਾ : ਡਾਕਟਰ ਨਾਲ ਤਾਂ ਫਿਰ ਵੇਖਾਂਗੇ (ਖੰਘਦਾ ਹੋਇਆ) ਤੂੰ ਏਦਾਂ ਕਰ, ਥੋੜ੍ਹੀ ਚਿਹੀ ਚਾਹ ਲਿਆ ਬਣਾ ਕੇ।

ਮਿੰਦਰੋ : ਕਿਥੋਂ ਲਿਆਵਾਂ ਚਾਹ ? ਪੱਤੀ ਤਾਂ ਕੱਲ੍ਹ ਸ਼ਾਮਾਂ ਦੀ ਖ਼ਤਮ ਹੋ ਗਈ ਸੀ।

ਧੁੰਨਾ : ਫੜ ਲਿਆਉਣੀ ਸੀ ਦੋ ਛਟਾਂਕਾਂ ਕਿਸ਼ਨੇ ਦੀ ਦੁਕਾਨੋਂ।

ਮਿੰਦਰੋ : ਬਿਨਾਂ ਪੈਸਿਆਂ ਉਹ ਚੜ੍ਹਣ ਦੇਂਦੈ ਅਪਣੀ ਹੱਟੀ 'ਤੇ, ਉਹਦੇ ਪਹਿਲਾਂ ਵੀ ਪੈਸੇ ਦੇਣੇ ਨੇ। ਜਦੋਂ ਵੀ ਉਹਦੀ ਹੱਟੀ 'ਤੇ ਜਾਨੇ ਆਂ ਤਾਂ ਭੈੜੀ ਜਿਹੀ ਬੂਥੀ ਬਣਾ ਕੇ ਤੇ ਗੈਂਡੇ ਵਰਗੀਆਂ ਅੱਖਾਂ ਬਣਾ ਕੇ ਕਹਿੰਦੈ—ਪਿਛਲਾ ਉਧਾਰ ਤਾਂ ਸਾਫ਼ ਕਰ ਦਿਉ। ਗਾਹਕਾਂ ਸਾਹਮਣੇ ਤਾਂ ਉਹਦੀ ਜ਼ੁਬਾਨ ਕੁੱਝ ਜ਼ਿਆਦਾ ਈ ਚਲਦੀ ਏ ਕੁਤਰ ਕੁਤਰ, ਦਿਲ ਕਰਦੈ ਕਿ ਪੈਸੇ ਹੋਣ ਤਾਂ ਠਾਹ ਮਾਰਾਂ ਉਹਦੀ ਨੱਕ 'ਤੇ।

ਧੁੰਨਾ : ਕਿਸ਼ਨੇ ਦੇ ਦਿਨ ਫਿਰ ਗਏ ਨੇ। ਜਦੋਂ ਸਾਡੇ ਮੁਹੱਲੇ ਆਇਆ ਸੀ, ਸਾਲੇ ਦੀ ਭੂਤਨੀ ਭੁੱਲੀ ਪਈ ਸੀ, ਪਰ ਅੱਜ ਉਹਦੀਆਂ ਨਜ਼ਰਾਂ ਈ ਬਦਲ ਗਈਆਂ ਨੇ। (ਗੱਲ ਪਲਟਦਾ ਹੋਇਆ) ਅਜੇ ਰਾਤ ਕਿੰਨੀ ਕੁ ਹੋਵੇਗੀ ?

ਮਿੰਦਰੋ : ਲੋਅ ਲੱਗਣ ਈ ਵਾਲੀ ਏ। ਮੈਂ ਜਾਵਾਂ ਅੰਦਰ ? ਘੜੀ ਸੌਂ ਲਵਾਂ, ਮੇਰੇ ਮੌਰ੍ਹ ਦੁੱਖਦੇ ਪਏ ਨੇ।

ਧੁੰਨਾ : ਚੰਗਾ ਸੌਂ ਲੈ, ਦਿਨ ਚੜ੍ਹਦੇ ਪੈਲੀ ਵਿੱਚੋਂ ਚੰਨਾ ਆਇਆ ਤਾਂ ਉਹਨੂੰ ਤੋਰੀਂ ਸੌਦਾ ਪੱਤਾ ਲੈਣ।

ਮਿੰਦਰੋ : ਤੋਰ ਦਿਆਂਗੀ, ਹੁਣ ਚੁੱਪ ਵੀ ਕਰੇਂਗਾ ਕਿ ਨਹੀਂ ?

(ਮਿੰਦਰੋ ਅੰਦਰ ਚਲੀ ਜਾਂਦੀ ਹੈ)

ਧੁੰਨਾ : ਸਾਲੀ ਕਿੱਡੀ ਉਖੜੀ ਕੁਹਾੜੀ ਵਾਂਗੂੰ ਪੈਂਦੀ ਏ। (ਡੂੰਘੀ ਉਦਾਸੀ ਵਿੱਚ) ਕਾਹਦੀ ਜ਼ਿੰਦਗੀ ਏ ? ਅਸੀਂ ਤਾਂ ਜੂਨ ਈ ਪੂਰੀ ਕਰਨ ਆਏ ਆਂ ਜੱਗ 'ਤੇ। ਅਨਾਜ ਪੈਦਾ ਕਰਦਿਆਂ ਸਾਰੀ ਜ਼ਿੰਦਗੀ ਨੁਕਰੇ ਲਾ ਤੀ ਪਰ ਸਾਡੀ ਰੋਟੀ ਨਾ ਕਦੇ ਹੋਈ ਪੂਰੀ। (ਸੌਂ ਜਾਂਦਾ ਹੈ)

(ਚੋਰ ਆਉਂਦਾ ਹੈ ਜਿਸ ਦੇ ਹੱਥ ਵਿੱਚ ਪਿਸਟਲ ਹੈ, ਉਸ ਨੇ ਮੂੰਹ ਦਾ ਕੁੱਝ ਹਿੱਸਾ ਕੱਪੜੇ ਨਾਲ ਢੱਕਿਆ ਹੋਇਆ ਹੈ ਅਤੇ ਅੱਖਾਂ ਨੰਗੀਆਂ ਹਨ, ਧੁੰਨਾ ਸੁਫ਼ਨੇ ਵਿੱਚ ਬੋਲੀ ਜਾਂਦਾ ਹੈ)

ਧੁੰਨਾ : (ਸੁਫ਼ਨੇ ਵਿੱਚ) ਠੀਕ ਏ ਟਾਹਲੀਆਂ ਤਾਂ ਮੈਂ ਵੇਚਣੀਆਂ ਨੇ ਹੀ। ਟਾਹਲੀਆਂ ਵੇਖ ਈ ਲਈਆਂ ਤੂੰ, ਪੂਰੇ ਇਲਾਕੇ 'ਚ ਇਵੇਂ ਦੀਆਂ ਟਾਹਲੀਆਂ ਨਹੀਂ ਲੱਭਣੀਆਂ ਕਾਲੀ ਲੱਕੜ ਵਾਲੀਆਂ। ਪੈਸੇ ? ਪੂਰੇ ਤੀਹ ਹਜ਼ਾਰ ਲਵਾਂਗਾ ਗਿਣ ਕੇ, ਦਮੜੀ ਘੱਟ ਨਹੀਂ ਲੈਣੀ। ਗੱਲ ਸਾਫ਼ ਏ। ਨਾ ਕੋਈ ਵਿੰਗ ਨਾ ਤੜਿੰਗ। ਦਿਲ ਮੰਨਦੈ ਤਾਂ ਤੀਹ ਹਜ਼ਾਰ ਸੁੱਟ, ਨਹੀਂ ਤਾਂ ਔਹ ਜਾਂਦੈ ਤੇਰਾ ਰਾਹ ..... ਹਾਂ ਹਾਂ, ਤੀਹ ਹਜ਼ਾਰ ਈ ਲੈਣੇ ਨੇ।

ਚੋਰ : ਤੈਨੂੰ ਦਿਆਂ ਤੀਹ ਹਜ਼ਾਰ ਗਿਣ ਕੇ ..

(ਧੁੰਨੇ ਨੂੰ ਜਾਗ ਆ ਜਾਂਦੀ ਹੈ)

ਧੁੰਨਾ : (ਡਰਦੇ ਹੋਏ) ਕੌਣ ?

ਚੋਰ : ਖ਼ਬਰਦਾਰ ! ਜੇ ਚੂੰ ਵੀ ਕੀਤੀ ਤਾਂ ਗੋਲੀ ਆਰ ਪਾਰ....

ਧੁੰਨਾ : ਅੱਗੇ ਕਿਹੜਾ ਮੈਂ ਬੜਕਾਂ ਮਾਰਦਾਂ ਪਿਆ ! ਨਹੀਂ ਕਰਦਾ ਭਰਾਵਾ ਚੂੰ, ਲੰਘ ਜਾ ਅੰਦਰ ਲੈ ਜਾ ਪੰਡਾਂ ਬੰਨ੍ਹ ਕੇ।

ਚੋਰ : ਚੁੱਪ ! ਜ਼ਬਾਨ ਬੰਦ ਰੱਖ।

ਧੁੰਨਾ : ਠੀਕ ਏ ਭਰਾਵਾ, ਤੂੰ ਅਪਣਾ ਕੰਮ ਕਰ ਲੈ (ਚੋਰ ਅੰਦਰ ਜਾਂਦਾ ਹੈ) ਵਾਹ ਬਈ ਧੁੰਨਿਆ, ਤੇਰੇ ਘਰ ਕਿਹੜਾ



ਕੋਹੇਨੂਰ ਹੀਰਾ ਆ ਗਿਐ, ਜਿਹਨੂੰ ਲੁੱਟਣ ਵਾਸਤੇ ਚੋਰ ਹੱਥ ਵਿੱਚ ਪਿਸਟਲ ਫੜ੍ਹੀ ਆ ਗਿਐ। ਸਾਨੂੰ ਤਾਂ ਇਥੇ ਦਿਨੇ ਨਹੀਂ ਕੁੱਝ ਲੱਭਦਾ, ਤੈਨੂੰ ਰਾਤ ਨੂੰ ਕਿਹੜਾ ਖ਼ਜ਼ਾਨਾ ਲੱਭ ਪਵੇਗਾ। ਚੋਰਾ ! ਤੂੰ ਵੀ ਯਾਦ ਕਰੇਂਗਾ ਕਿਸੇ ਘਰ ਚੋਰੀ ਕਰਨ ਗਿਆ ਸੀ।

(ਚੋਰ ਵਾਪਸ ਧੁੰਨੇ ਕੋਲ ਆਉਂਦਾ ਹੈ)

ਕਿਉਂ ਭਰਾਵਾ, ਜਲਦੀ ਆ ਗਿਐਂ ? ਕੋਈ ਮਾਲ ਸ਼ਾਲ ਹੱਥ ਨਹੀਂ ਲੱਗਾ ?

ਚੋਰ : ਹੂੰ ! ਨੰਗਾਂ ਦਾ ਘਰ ! ਇਥੋਂ ਕੀ ਮਿਲਣੈਂ ? ਇਸ ਘਰ 'ਚ ਤਾਂ ਸੁਆਹ ਵੀ ਨਹੀਂ।

ਧੁੰਨਾ : ਚੁੱਲਾ ਬਲੇਗਾ ਤਾਂ ਹੀ ਸੁਆਹ ਹੋਵੇਗੀ, ਜਿਹੜੀ ਮੁੱਠ ਹੁੰਦੀ ਏ ਉਹ ਭਾਂਡੇ ਮਾਂਜਣ ਤੇ ਲੱਗ ਜਾਂਦੀ ਏ। ਚਾਰ ਭਾਂਡੇ ਈ ਚੁੱਕ ਕੇ ਲੈ ਜਾ, ਤੇਰੇ ਫੇਰੇ ਦਾ ਕੁੱਝ ਮੁੱਲ ਪੈ ਜਾਏ।

ਚੋਰ : ਭਾਂਡੇ ? ਕਿਹੜਾ ਸਿਰ ਫਿਰਾ ਅੱਜਕਲ੍ਹ ਭਾਂਡਿਆਂ ਦੀ ਚੋਰੀ ਕਰਦੈ ? ਭਾਂਡੇ ਸਿਰ 'ਚ ਮਾਰਨੇ ਨੇ। ਗੱਲ ਨੋਟਾਂ ਦੀ ਏ ਸਾਰੀ।

ਧੁੰਨਾ : ਐਥੋਂ ਤਾਂ ਤੈਨੂੰ ਪੰਜ-ਪੰਜ ਸੌ ਵਾਲੇ ਹੀ ਨੋਟ ਮਿਲਣਗੇ।

ਚੋਰ : ਜਿਸ ਘਰ ਭੰਗ ਭੁੱਜਦੀ ਹੋਵੇ ਉੱਥੇ ਨੋਟ ਕਿੱਥੋਂ ?

ਧੁੰਨਾ : ਚੰਗਾ ਭੰਗ ਈ ਲੈ ਜਾ।

ਚੋਰ : ਮੈਂ ਭੰਗੀ ਨਹੀਂ ਬੁੱਢਿਆ।

ਧੁੰਨਾ : ਚੱਲ ਕੰਗਾਲੀ ਹੀ ਲੈ ਜਾ, ਇਹ ਘੱਟ ਜਾਏ ਤਾਂ ਅਸੀਂ ਵੀ ਕੋਈ ਚੰਗਾ ਦਿਨ ਵੇਖ ਲਈਏ।

ਚੋਰ : ਮੈਂ ਖ਼ੁਦ ਕੰਗਾਲ ਆਂ।

ਧੁੰਨਾ : ਭੁੱਖ ਈ ਲੈ ਜਾ।

ਚੋਰ : ਮੈਂ ਖ਼ੁਦ ਭੁੱਖਾਂ ਦਾ ਮਾਰਿਆ ਫਿਰਦਾਂ।

ਧੁੰਨਾ : ਤੂੰ ਤਾਂ ਅਮੀਰ ਜਾਪਦੈਂ ਭਰਾਵਾ।

ਚੋਰ : ਕਿਹੜਾ ਖੋਤੇ ਦਾ ਖੁਰ ਮੈਨੂੰ ਅਮੀਰ ਕਹਿੰਦੈ ?

ਧੁੰਨਾ : ਤੇਰਾ ਪਿਸਟਲ ਵੇਖ ਕੇ ਇੰਜ ਈ ਜਾਪਦੈ। ਕਿੰਨੇ ਕੁ ਦਾ ਹੋਏਗਾ ਤੇਰਾ ਆਹ ਪਿਸਟਲ ?

ਚੋਰ : ਪਿਸਟਲ ? (ਹੱਸਦਾ ਹੈ) ਵੀਹ ਰੁਪਏ ਦਾ, ਖਿਡੌਣਾ ਹੈ

ਖਿਡੌਣਾ। ਪਰ ਇਸ ਖਿਡੌਣੇ ਨਾਲ ਅਸਲੀ ਪਿਸਟਲ ਜ਼ਰੂਰ ਲੁੱਟਾਂਗਾ। (ਧੂੰਨਾ ਖੰਘਦਾ ਹੈ) ਬਿਮਾਰ ਏਂ ?

ਧੂੰਨਾ : ਆਹੋ ਭਰਾਵਾ, ਜਾਂਦਾ-ਜਾਂਦਾ ਬਿਮਾਰੀ ਈ ਇਸ ਘਰੋਂ ਲੈ ਜਾ।

ਚੋਰ : ਤੇਰੀ ਅਕਲ ਦੇ ਗੇੜੇ ਪੁੱਠੇ ਪਏ ਚਲਦੇ ਨੇ। ਮੇਰੀ ਮਾਂ ਬਿਮਾਰ ਏ, ਹਾਲਤ ਬਹੁਤੀ ਖਰਾਬ ਏ, ਉਹਨੂੰ ਸ਼ਹਿਰ ਦੇ ਡਾਕਟਰ ਕੋਲ ਲੈ ਕੇ ਜਾਣਾ ਪੈਣੈ। ਮਾਂ ਦਾ ਓਪਰੇਸ਼ਨ ਕਰੌਣਾ ਪਵੇਗਾ, ਮੈਨੂੰ ਪੰਜਾਹ ਹਜ਼ਾਰ ਦੀ ਡਾਹਢੀ ਲੋੜ ਏ।

ਧੂੰਨਾ : ਤੂੰ ਕੋਈ ਕੰਮ ਧੰਦਾ ਨਹੀਂ ਕਰਦਾ ?

ਚੋਰ : ਬਥੇਰੇ ਪਾਪੜ ਵੇਲ ਵੇਲ ਵੇਖ ਲਏ ਪਰ ਸਾਡੇ ’ਤੇ ਕਰਜ਼ੇ ਦੀ ਤਲਵਾਰ ਲਟਕਦੀ ਰਹੀ। ਸਾਡਾ ਪਿਓ ਚੰਗੇ ਦਿਨਾਂ ਦੇ ਸੁਫ਼ਨੇ ਲੈਂਦਾ-ਲੈਂਦਾ ਫੱਟੇ ’ਤੇ ਜਾ ਪਿਐ। ਮਾਂ ਦੀ ਬਿਮਾਰੀ ਪਿੰਡ ਦੇ ਡਾਕਟਰਾਂ ਤੋਂ ਕਾਬੂ ਨਹੀਂ ਆਈ। ਹੁਣ ਦੱਸ ਮੈਂ ਚੋਰੀ ਨਾ ਕਰਾਂ ਤਾਂ ਹੋਰ ਕੀ ਕਰਾਂ ?

ਧੂੰਨਾ : ਮੈਂ ਵੀ ਚੰਗੇ ਦਿਨਾਂ ਦੇ ਸੁਫ਼ਨੇ ਲੈਂਦਾ-ਲੈਂਦਾ ਇਹਨਾਂ ਦਿਨਾਂ ’ਤੇ ਆ ਗਿਆਂ। ਸੋਚਿਆ ਸੀ ਸਾਡੇ ਦਿਨ ਵੀ ਫਿਰਨਗੇ।

ਚੋਰ : (ਮਖੌਲ ਕਰਦਾ ਹੋਇਆ) ਆਹੋ ਤੇਰੇ ਦਿਨ ਜ਼ਰੂਰ ਫਿਰਨਗੇ ਨਾਲ ਲੱਗਦੇ ਰਾਤਾਂ ਵੀ ਫਿਰਨਗੀਆਂ ਮੰਜੇ ’ਤੇ ਪਏ ਪਏ ਦੀਆਂ! ਮੈਂ ਚੱਲਿਆਂ, ਕਿੰਨਾ ਕੀਮਤੀ ਵਕਤ ਬਰਬਾਦ ਕਰ ਲਿਐ, ਭੁਲੇਖੇ ਨਾਲ ਇਸ ਘਰ ’ਚ ਆ ਗਿਆਂ।

ਧੂੰਨਾ : ਭਰਾਵਾ, ਜਾਂਦਾ ਜਾਂਦਾ ਇਹ ਜ਼ਰੂਰ ਦੱਸ ਜਾ ਬੰਦੇ ਦੇ ਦਿਨ ਕਿਵੇਂ ਫਿਰ ਸਕਦੇ ਨੇ ?

ਚੋਰ : (ਪਿਸਟਲ ਵਿਖਾਉਂਦਾ ਹੋਇਆ) ਇਹਦੇ ਨਾਲ।

(ਮਿੰਦਰੋ ਆਉਂਦੀ ਹੈ ਅਤੇ ਚੋਰ ਨੂੰ ਵੇਖ ਕੇ ਡਰ ਜਾਂਦੀ ਹੈ। ਚੋਰ ਬਾਹਰ ਚਲੇ ਜਾਂਦਾ ਹੈ)

ਮਿੰਦਰੋ : (ਡਰੀ ਆਵਾਜ਼ ਵਿੱਚ) ਉਹ ਬੰਦਾ ਚੋਰ ਸੀ ?

ਧੂੰਨਾ : ਆਹੋ ਚੋਰ ਸੀ।

ਮਿੰਦਰੋ : ਉਹਨੇ ਮੈਨੂੰ ਵੇਖਿਆ ਈ ਸੀ ਤੇ ਉਹ ਡਰ ਕੇ ਦੌੜ



ਗਿਆ।

ਧੂੰਨਾ : (ਮਖੌਲ ਨਾਲ) ਆਹੋ ਤੇਰੇ ਕੋਲੋਂ ਡਰ ਕੇ ਦੌੜ ਗਿਐ! ਚੋਰ ਨੂੰ ਪਤਾ ਲੱਗ ਗਿਆ ਸੀ ਝਾਂਸੀ ਦੀ ਰਾਣੀ ਸ਼ਾਸਤਰਾਂ ਨਾਲ ਲੈਸ ਹੋ ਕੇ ਮੈਦਾਨੇ ਜੰਗ ਆਈ ਏ !

ਮਿੰਦਰੋ : ਗੱਲ ਨੂੰ ਮਖ਼ੌਲ ਵਿੱਚ ਨਾ ਪਾ, ਸਾਡੀ ਕੋਈ ਚੀਜ਼ ਤਾਂ ਨਹੀਂ ਚੁੱਕ ਕੇ ਲੈ ਗਿਆ ?

ਧੂੰਨਾ : ਤੇਰੇ ਗਲੇ ਦਾ ਨੌਂ ਲੱਖਾ ਹਾਰ ਲਾਹ ਕੇ ਲੈ ਗਿਐ। ਆਪਣੇ ਆਪ ਨੂੰ ਕਿੱਡੀ ਰਾਣੀ ਸੁੰਦਰਾਂ ਸਮਝਦੀ ਏ!

ਮਿੰਦਰੋ : ਰਾਣੀ ਤਾਂ ਉਸੇ ਦਿਨ ਬਣ ਗਈ ਸੀ ਜਿਸ ਦਿਨ ਰਾਜੇ ਨਾਲ ਵਿਆਹੀ ਗਈ ਸੀ।

ਧੂੰਨਾ : ਮੈਂ ਵੀ ਰਾਜਾ ਬਣ ਸਕਨਾਂ, ਬਸ ਨਵਾਂ ਰੂਪ ਧਾਰਨ ਦੀ ਲੋੜ ਏ।

ਮਿੰਦਰੋ : ਜਦ ਖਊਂ-ਖਊਂ ਕਰਦੈਂ ਤਾਂ ਮੂੰਹ ਤੇ ਨਵਾਂ ਈ ਰੂਪ ਚੜ੍ਹ ਚੜ੍ਹ ਆਉਂਦੈ ਰਾਜਿਆਂ ਵਾਂਗ।

ਧੂੰਨਾ : ਉਹ ਚੋਰ ਜਾਂਦਾ ਜਾਂਦਾ ਤਰੀਕਾ ਦੱਸ ਗਿਐ ਕਿ ਬੰਦਾ ਅਮੀਰ ਕਿਵੇਂ ਹੋ ਸਕਦੈ ?

ਮਿੰਦਰੋ : (ਹੈਰਾਨੀ ਵਿੱਚ) ਕਿਵੇਂ ?

ਚੋਰ : ਚੋਰ ਬਣ ਕੇ।

ਮਿੰਦਰੋ : ਐਹੋ ਇੱਕ ਕੰਮ ਰਹਿ ਗਿਆ ਸੀ ਕਰਨ ਵਾਲਾ ! ਇਹ ਵੀ ਕਰ ਲੈ, ਚੰਗੀ ਇੱਜ਼ਤ ਬਣੇਗੀ ਤੇਰੀ!

ਧੂੰਨਾ : ਅੱਗੇ ਤਾਂ ਮੇਰੇ ਸੱਤਵੇਂ ਅਸਮਾਨ ਵਿੱਚ ਝੰਡੇ ਝੂਲਦੇ ਪਏ ਨੇ ਜਿਹੜਾ ਇੱਜ਼ਤ ਵਿੱਚ ਫ਼ਰਕ ਪੈ ਚੱਲਿਐ।

ਮਿੰਦਰੋ : ਚੋਰ ਦੀ ਜ਼ਿੰਦਗੀ, ਲੱਖ ਲਾਹਣਤ ਏ ਇਵੇਂ ਦੀ ਜ਼ਿੰਦਗੀ।

ਧੂੰਨਾ : ਤੇ ਲੱਖ ਸ਼ਾਬਾਸ਼ ਏ ਤੇਰੇ ਮੇਰੇ ਵਰਗਿਆਂ ਦੀ ਜ਼ਿੰਦਗੀ ਦਾ। ਸਾਰੀ ਜ਼ਿੰਦਗੀ ਨਿਕਲ ਚੱਲੀ ਏ, ਚਾਰ ਇੱਟਾਂ ਨਹੀਂ ਲਾ ਸਕਿਆ ਇਸ ਘਰ ’ਚ ਕਿਤੇ। ਇਹ ਕੋਠੜੀ ਸਾਡੇ ਬਾਬੇ ਦੀ ਬਣਾਈ ਹੋਈ ਏ ਜਦ ਜ਼ਮਾਨੇ ਭਲੇ ਸੀ, ਹੁਣ ਤਾਂ ਜਿਹੜੀ ਇੱਟ ਘਰ ਦੀ ਉਤਰਦੀ ਏ, ਉਹ ਮੁੜ ਕੇ ਸਾਡੇ ਤੋਂ ਨਹੀਂ ਲੱਗਦੀ।

ਮਿੰਦਰੋ : ਆਹ ਸਭ ਕਰਮਾਂ ਦੀ ਖੇਡ ਏ, ਕਿਸੇ ਜਨਮ ’ਚ ਮਾੜੇ ਕਰਮ ਕਰ ਬੈਠੇ ਆਂ ਜਿਹਦਾ ਫਲ ਭੁਗਤਦੇ ਪਏ ਆਂ।

ਸਾਰਾ ਦਿਨ ਕੋਹਲੂ ਦੇ ਬੈਲ ਵਾਲੀ ਹਾਲਤ ਏ ਸਾਡੀ। ਇਸ ਘਰੇ ਆ ਕੇ ਦੇਹ ਰੋਲ ਲਈ ਪਰ ਨਾ ਹਾੜ ਹਰੇ ਨਾ ਸਾਉਣ ਸੁੱਕੇ। ਕਰਮ ਜੁ ਖੋਟੇ ਸੀ

ਧੁੰਨਾ : ਤੂੰ ਕਰਮ ਸੰਵਾਰਨ ਗਈ ਤਾਂ ਸੀ ਜੋਤਸ਼ੀ ਕੋਲ। ਬਾਰਾਂ ਸੌ ਰੁਪਿਆ ਸੁੱਟ ਤਾ ਉਪਾਅ ਕਰੌਣ ਤੇ। ਜੋਤਸ਼ੀ ਐਡਾ ਖਚਰਾ ਏ ਕਿ ਅੱਖਾਂ ਨਾਲ ਗੱਲਾਂ ਕਰੀ ਜਾਂਦੈ। ਤੈਨੂੰ ਮੈਂ ਬਥੇਰਾ ਸਮਝਾਇਆ ਕਿ ਕੋਈ ਫੈਦਾ ਨਹੀਂ ਹੋਣਾ ਜੋਤਸ਼ੀ ਕੋਲ ਜਾਇਆਂ ਪਰ ਤੂੰ......ਮੱਛੀ ਪੱਥਰ ਚੱਟ ਕੇ ਹੀ ਵਾਪਸ ਮੁੜਦੀ ਏ।

ਮਿੰਦਰੋ : ਬੰਦਾ ਹੱਥ ਪੈਰ ਤਾਂ ਮਾਰਦਾ ਈ ਏ ਕਿਤੇ ਸਾਡੀ ਕਿਸਮਤ ਨੂੰ ਮੋੜਾ ਪੈ ਜਾਏ।

ਧੁੰਨਾ : ਨਾਲੇ ਕਹਿਣੀ ਏ ਜੋ ਲਿਖਿਆ ਗਿਆ ਉਹਨੂੰ ਕੋਈ ਮੇਟ ਨਹੀਂ ਸਕਦਾ ਤੇ ਜੋਤਸ਼ੀ ਕਿਵੇਂ ਮੇਟ ਲਏਗਾ ਹੱਥਾਂ ਦੀਆਂ ਲਕੀਰਾਂ ਨੂੰ ? ਸਾਡੀ ਕਿਸਮਤ ਵਿੱਚ ਧੱਕੇ ਲਿਖੇ ਨੇ, ਉਹ ਖਾਣੇ ਈ ਪੈਣੇ ਨੇ। ਉਹ ਜੋਤਸ਼ੀ ਐਵੇਂ ਰਾਮ ਰਾਮ ਪਿਆ ਕਰਦੈ, ਅਸਲ ਵਿੱਚ ਉਹ ਚੋਰ ਏ ਚੋਰ।

ਮਿੰਦਰੋ : ਤੈਨੂੰ ਤਾਂ ਸਾਰੇ ਚੋਰ ਈ ਨਜ਼ਰ ਆਉਂਦੇ ਨੇ, ਇੱਕ ਤੂੰ ਹੀ ਕੱਲਾ ਸਾਧ ਰਹਿ ਗਿਐ।

ਧੁੰਨਾ : ਮੈਨੂੰ ਸਾਧ ਨਾ ਬਣਾ, ਆਮ ਬੰਦਾ ਈ ਰਹਿਣ ਦੇ।

ਮਿੰਦਰੋ : ਤੂੰ ਬੰਦਾ ਬਣ ਕੇ ਤਾਂ ਵਿਖਾ। ਜਿਹੜਾ ਬੰਦਾ ਚੌਵੀ ਘੰਟੇ ਕਦੇ ਜੋਤਸ਼ੀਆਂ ਨੂੰ ਤੇ ਕਦੇ ਸ਼ਾਹਾਂ ਨੂੰ ਗਾਹਲਾਂ ਕੱਢੀ ਜਾਂਦੈ, ਤਾਹਿਓਂ ਉਹ ਭੁੱਖਾ ਮਰਦੈ।

ਧੁੰਨਾ : ਅਪਣੇ ਵੱਲ ਕਦੇ ਝਾਤੀ ਮਾਰੀ ਏ, ਸਿੱਖਿਆ ਮੈਨੂੰ ਦੇਂਦੀ ਏਂ। ਤੂੰ ਰੋਜ਼ ਆਟਾ ਲੈ ਕੇ ਗੁਰਦੁਆਰੇ ਮੱਥਾ ਟੇਕਣ ਜਾਂਦੀ ਏ, ਉਥੇ ਅੱਖਾਂ ਮੀਟ ਕੇ ਬਹਿ ਜਾਂਦੀ ਏ ਤੇ ਦੋ ਲਾਈਨਾਂ ਨਹੀਂ ਤੈਨੂੰ ਆਉਂਦੀਆਂ ਸੁਖਮਨੀ ਸਾਹਿਬ ਦੀਆਂ। ਮੋਟੀ ਗੋਗੜ ਵਾਲਾ ਭਾਈ ਜਦੋਂ ਤੁਰਦੈ, ਉਹਦੇ ਸਰੀਰ ਨੂੰ ਝੋਲ ਪੈਂਦੀ ਏ, ਪਾਠ ਕਰਦਾ ਕਰਦਾ ਈ ਸੌਂ ਜਾਂਦੇ ਗੁਰੂ ਗਰੰਥ ਸਾਹਿਬ ਤੇ, ਦੋ ਵਾਰੀ ਫੜਿਆ ਗਿਐ, ਮਾਫੀ ਮੰਗ ਕੇ ਖਲਾਸੀ ਕਰਾਈ ਉਹਨੇ। ਤੇਰੇ ਜਿਹੀਆਂ ਔਰਤਾਂ ਉਹਨੂੰ ਵੀ ਬਾਬਾ ਜੀ, ਬਾਬਾ ਜੀ ਕਹਿ ਕੇ ਹੱਥ



ਜੋੜ ਕੇ ਸਾਸਰੀ ਕਾਲ ਬੋਲਦੀਆਂ ਨੇ। ਇਵੇਂ ਦੇ ਬਾਬਿਆਂ ਤੇ ਜੋਤਸ਼ੀਆਂ ਨਾਲੋਂ ਤਾਂ ਉਹ ਚੋਰ ਹੀ ਚੰਗਾ ਸੀ।

ਮਿੰਦਰੋ : ਉਹ ਮਰ ਜਾਣਾ ਕਿਵੇਂ ਚੰਗਾ ਸੀ ਜਿਹੜਾ ਰਾਤ ਨੂੰ ਲੋਕਾਂ ਨੂੰ ਡਰਾਉਂਦਾ ਫਿਰਦੈ। ਆਪ ਤਾਂ ਉਹ ਭਟਕਦਾ ਫਿਰਦੈ, ਸਗੋਂ ਲੋਕਾਂ ਦੀ ਨੀਂਦ ਵੀ ਹਰਾਮ ਕਰੀ ਫਿਰਦੈ।

ਧੁੰਨਾ : ਉਹ ਮਜ਼ਬੂਰੀ ਦਾ ਮਾਰਿਆ ਚੋਰੀ ਕਰਦਾ ਪਿਐ, ਕੋਈ ਮਹਿਲ ਚੁਬਾਰੇ ਖੜ੍ਹੇ ਕਰਨ ਲਈ ਨਹੀਂ ਚੋਰ ਬਣਿਐ। ਉਹਦੀ ਮਾਂ ਬਿਮਾਰ ਏ, ਜਿਹਦਾ ਅਪਰੇਸ਼ਨ ਸ਼ਹਿਰ ਹੋਣਾ ਏ। ਤੂੰ ਆਹ ਦੱਸ ਜੇ ਉਹ ਚੋਰੀ ਨਾ ਕਰੇ ਤਾਂ ਹੋਰ ਮਾਂ ਨੂੰ ਮਰਨ ਦੇਵੇ ਰੱਬ ਆਸਰੇ ਛੱਡ ਕੇ। ਇਸ ਕਰਕੇ ਮੈਂ ਕਹਿਣਾਂ ਉਸ ਰਾਤ ਦੇ ਚੋਰ ਨਾਲੋਂ ਦਿਨ ਦੇ ਚੋਰ ਵੱਧ ਖ਼ਤਰਨਾਕ ਹੁੰਦੇ ਨੇ। (ਜਿੰਦਰ ਪਾਹੜੂ ਆਉਂਦਾ ਹੈ)

ਮਿੰਦਰੋ : (ਧੁੰਨਾ ਸਿੰਘ ਦੀ ਗੱਲ ਤੋਂ ਹੈਰਾਨ ਹੋ ਕੇ) ਦਿਨ ਦੇ ਚੋਰ, ਰਾਤ ਦੇ ਚੋਰ ? ਇਹ ਕੀ ਯਬਲੀਆਂ ਮਾਰੀ ਜਾਂਦੈ।

ਧੁੰਨਾ : ਜਿੰਦਰ ਪਾਹੜੂ ਆ ਗਿਐ ਬਈ ਸਵੇਰੇ ਸਵੇਰੇ, (ਜਿੰਦਰ ਨੂੰ) ਅਪਣੀ ਤਾਈ ਨੂੰ ਦੱਸ ਕੀ ਫਰਕ ਹੁੰਦੈ ਦਿਨ ਦੇ ਚੋਰਾਂ ਤੇ ਰਾਤ ਦੇ ਚੋਰਾਂ ਵਿੱਚ।

ਜਿੰਦਰ : ਤਾਈ, ਗੱਲ ਤਾਏ ਦੀ ਵਿਚਾਰਨ ਵਾਲੀ ਏ। ਬੜੇ ਲੋਕ ਨੇ ਜੋ ਬਾਹਰੋਂ ਬਗਲਿਆਂ ਵਾਂਗ ਚਿੱਟ ਕੱਪੜੀਏ ਨੇ ਵਿੱਚੋਂ ਕਾਲੇ ਕਾਂ। ਆਮ ਬੰਦੇ ਦੇ ਗਲ ਵਿੱਚ ਐਸੀ ਫਾਹੀ ਪਾਉਂਦੇ ਨੇ ਕਿ ਬੰਦਾ ਇਹਨਾਂ ਦੇ ਚੱਕਰਵਿਊ 'ਚੋਂ ਨਿਕਲ ਹੀ ਨਹੀਂ ਸਕਦਾ।

ਧੁੰਨਾ : (ਗ਼ੁੱਸੇ ਵਿੱਚ) ਆਹ ਦਿਨ ਦੇ ਚੋਰ ਤਾਂ ਸਾਰੀ ਉਮਰ ਗ਼ਰੀਬਾਂ ਦਾ ਖ਼ੂਨ ਪੀਂਦੇ ਨੇ ਫਿਰ ਵੀ ਇਹਨਾਂ ਦੀ ਪਿਆਸ ਨਹੀਂ ਬੁੱਝਦੀ। ਜਦ ਉਹ ਹੱਸ ਕੇ ਬੋਲਦੇ ਨੇ ਤਾਂ ਮੈਨੂੰ ਇੰਜ ਜਾਪਦੈ ਜਿਵੇਂ ਇਹਨਾਂ ਦੇ ਹਾਸਿਆਂ ਵਿੱਚੋਂ ਸਾਡੀਆਂ ਚੀਕਾਂ ਪੈਦਾ ਹੋਣਗੀਆਂ। ਮੇਰਾ ਤਾਂ ਦਿਲ ਕਰਦੈ ਇਹਨਾਂ ਦਿਨ ਦੇ ਚੋਰਾਂ ਨੂੰ ਗੋਲੀ ਵਿੱਚੋਂ ਲੰਘਾ ਦਿਆਂ।

ਮਿੰਦਰੋ : (ਖਿੱਝਕੇ) ਤੇਰਾ ਦਿਮਾਗ਼ ਵੀ ਉਲਟੀਆਂ ਪਲਟੀਆਂ ਮਾਰਨ ਲੱਗ ਪਿਆ ਜਾਪਦੈ। ਤੂੰ ਇਵੇਂ ਬੋਲਦਾ ਰਿਹਾ ਤਾਂ ਪੱਕਾ ਪਾਗ਼ਲ ਹੋ ਜਾਵੇਂਗਾ।

ਧੂੰਨਾ : ਨਹੀਂ, ਪਾਗਲਖਾਨੇ ਭੇਜਣ ਦੀ ਤੈਨੂੰ ਲੋੜ ਪਵੇਗੀ।

ਮਿੰਦਰੋ : (ਕੜਕ ਕੇ) ਮੈਨੂੰ ? ਜਿੰਦਰ, ਆਹ ਸੁਣ ਲੈ ਗੱਲਾਂ। ਮੈਨੂੰ ਦੱਸ ਕੌਣ ਹੁੰਦੇ ਨੇ ਦਿਨ ਦੇ ਚੋਰ ?

ਧੂੰਨਾ : ਦਸਦਾਂ ਦਸਦਾਂ (ਖੰਘ ਛਿੜ ਪੈਂਦੀ ਹੈ)

ਮਿੰਦਰੋ : ਹਰ ਕਿਸੇ ਦੇ ਉਲਟ ਬੋਲ ਕੇ ਉਹਨਾਂ ਦੇ ਪਾਪ ਧੋਣਾ ਵੇਂ, ਤਾਂ ਹੀ ਤਾਂ ਤੈਨੂੰ ਖੰਘ ਨਹੀਂ ਛੱਡਦੀ।

ਧੂੰਨਾ : (ਗਲਾ ਸਾਫ਼ ਕਰਦਾ ਹੋਇਆ) ਆਹ ਸੁਣ ਲਉ, ਕਿੱਡੀ ਅਕਲ ਦੀ ਗੱਲ ਸੁਣਾਈ ਏ !

ਜਿੰਦਰ : ਤਾਈ, ਮੈਂ ਦਸਣਾਂ ਦਿਨ ਦੇ ਚੋਰ। ਇਹ ਤਾਂ ਸਾਡੇ ਆਸੇ ਪਾਸ ਹਰਲ ਹਰਲ ਕਰਦੇ ਫਿਰਦੇ ਨੇ। ਇਹਨਾਂ ਨੂੰ ਪਛਾਨਣ ਵਾਸਤੇ ਅਕਲ ਵਾਲੀ ਅੱਖ ਦੀ ਲੋੜ ਏ। ਆਪਣੇ ਮੁਹੱਲੇ ਦਾ ਤਿਲਕਾ ਤਕੜਾ ਚੋਰ ਏ।

ਮਿੰਦਰੋ : ਤਿਲਕਾ ? ਉਹ ਚੋਰ ਵੇ ?

ਧੂੰਨਾ : ਹੋਰ ਤੂੰ ਉਹਨੂੰ ਸਾਧ ਸਮਝੀ ਬੈਠੀ ਏਂ। ਮਿੱਟੀ ਦੇ ਤੇਲ ਦੇ ਡੀਪੂ ਤੋਂ ਕਿਵੇਂ ਐਨੀ ਵੱਡੀ ਕੋਠੀ ਬਣ ਗਈ ਉਹਦੀ ?

ਮਿੰਦਰੋ : ਤੇਲ ਵੇਚ ਕੇ ਹੋਰ ਕਿਵੇਂ।

ਜਿੰਦਰ : ਨਹੀਂ ਤਾਈ, ਤੇਲ ਵੇਚਦਾ ਤਾਂ ਮਾੜੀ ਮੋਟੀ ਰੋਟੀ ਉਹਦੀ ਪੂਰੀ ਹੁੰਦੀ। ਰੋਜ਼ ਸ਼ਰਾਬਾਂ ਨਾ ਪੀਂਦਾ ਮਹਿਫਲਾਂ ਵਿੱਚ ਤੇ ਨਾ ਹੀ ਬੱਕਰੇ ਬੁਲਾਂਦਾ।

ਧੂੰਨਾ : ਸਾਲਾ ਮੇਰਾ ਸਾਰੀ ਦੁਨੀਆਂ ਲੁੱਟ ਕੇ ਦਾਨੀ ਬਣਿਆ ਫਿਰਦੈ। ਪਰਸੋਂ ਕਿਸੇ ਕਲੱਬ ਨੇ ਗਰੀਬਾਂ ਨੂੰ ਮਾੜੇ ਮੋਟੇ ਕੱਪੜੇ ਵੰਡੇ, ਉਹਨਾਂ ਤਿਲਕੇ ਨੂੰ ਸੱਦ ਕੇ ਇਹਦੇ ਗਲ 'ਚ ਹਾਰ ਪਾਇਆ ਤੇ ਨਾਲੇ ਫੀਤਾ ਕਟਾਇਆ। ਉਹਦੇ ਗਲ ਵਿੱਚ ਟੁੱਟੇ ਛਿੱਤਰਾਂ ਦਾ ਹਾਰ ਚਾਹੀਦਾ ਸੀ।

ਮਿੰਦਰੋ : ਕੋਈ ਚੰਗਾ ਕੰਮ ਕਰਦਾ ਏ ਤਾਂ ਹੀ ਤਾਂ ਹਾਰ ਪਾਉਂਦੈ ਕੋਈ ਗਲ 'ਚ, ਤੇਰੇ ਕਿਉਂ ਨਹੀਂ ਪੈ ਜਾਂਦੇ ਹਾਰ ?

ਜਿੰਦਰ : ਤਿਲਕਾ ਅਪਣੇ ਕੋਟੇ ਦੇ ਤੇਲ ਵਿੱਚੋਂ ਅੱਧਾ ਤੇਲ ਦੂਣੇ ਰੇਟ 'ਤੇ ਬਲੈਕ ਕਰਦੈ ਪੈਟਰੋਲ ਪੰਪ ਵਾਲਿਆਂ ਨੂੰ। ਪੈਟਰੋਲ ਪੰਪ ਵਾਲੇ ਮਿੱਟੀ ਦਾ ਤੇਲ ਸੁੱਟ ਕੇ ਪੈਟਰੋਲ ਵਿੱਚ ਦਸ ਗੁਣਾ ਵੱਧ ਮੁਨਾਫ਼ਾ ਕਮਾਉਂਦੇ ਨੇ। ਚੌਥੇ ਦਿਨ ਨਵੀਂ ਕਾਰ ਲਿਆ ਕੇ ਸੜਕਾਂ 'ਤੇ ਮਿੱਟੀ ਘੱਟਾ



ਉਡਾ ਕੇ ਸਾਡੇ ਸਿਰ ਵਿੱਚ ਪਾਈ ਜਾਂਦੇ ਨੇ।

ਧੂੰਨਾ : ਇਹਨੂੰ ਕਹਿੰਦੇ ਨੇ ਧਰਮ ਕਰਮ ਦਾ ਧੰਦਾ !

(ਕਿਸ਼ਨਾ ਦੁਕਾਨਦਾਰ ਆਉਂਦਾ ਹੈ, ਜਿਸ ਨੂੰ ਵੇਖ ਕੇ ਧੂੰਨਾ ਅਤੇ ਮਿੰਦਰੋ ਚਿੰਤਤ ਹੋ ਜਾਂਦੇ ਹਨ )

(ਹੌਲੀ ਆਵਾਜ਼ ਵਿੱਚ) ਆ ਗਿਐ ਇੱਕ ਹੋਰ ਦਿਨ ਦਾ ਚੋਰ।

ਮਿੰਦਰੋ : ਕਿਸ਼ਨੇ ਭਾ ਜੀ ਅੱਜ ਸੁੱਖ ਨਾਲ ਸਵੇਰੇ ਸਵੇਰੇ ਕਿਵੇਂ ਦਰਸ਼ਨ ਦਿੱਤੇ ਨੇ ?

ਕਿਸ਼ਨਾ : ਤੁਹਾਨੂੰ ਵੀ ਪਤੈ ਮੈਂ ਕਿਉਂ ਆਇਆਂ ? ਪਿਛਲਾ ਹਿਸਾਬ ਨਿਬੇੜ ਦਿਉ ਭਾਈਵੰਦੀ ਨਾਲ, ਸਵੇਰੇ ਸਵੇਰੇ ਰੱਬ ਦਾ ਨਾਂ ਲੈਣਾ ਹੁੰਦਾ ਏ। ਮੈਨੂੰ ਮਜਬੂਰ ਨਾ ਕਰਿਓ ਗਲਤ ਬੋਲਣ ਵਾਸਤੇ।

ਮਿੰਦਰੋ : ਕਿਸ਼ਨੇ ਭਾ ਜੀ, ਸਾਨੂੰ ਪਤੈ ਤੇਰੇ ਪੈਸੇ ਦੇਣੇ ਨੇ। ਤੇਰੀ ਪਾਈ ਪਾਈ ਦੇਵਾਂਗੇ ਐਤਕਾਂ ਕਣਕ ਦੀ ਫ਼ਸਲ ਆ ਲੈਣ ਦੇ।

ਕਿਸ਼ਨਾ : ਗੱਲੀਂ ਬਾਤੀਂ ਹਰ ਵਾਰ ਸਾਰਾ ਈ ਹਿਸਾਬ ਸਾਫ਼ ਕਰ ਦੇਂਦੇ ਹੋ, ਮੇਰੇ ਪੈਰ ਘਸ ਜਾਂਦੇ ਨੇ ਤੁਹਾਡੇ ਢੀਠਾਂ ਦੇ ਘਰ ਦੇ ਚੱਕਰ ਮਾਰ ਮਾਰ ਕੇ ।

ਧੂੰਨਾ : ਫਾਲਤੂ ਬੋਲਣ ਦੀ ਲੋੜ ਨਹੀਂ ਕਿਸ਼ਨੇ। ਉਹ ਦਿਨ ਯਾਦ ਕਰ ਜਦ ਤੂੰ ਨਵੀਂ ਨਵੀਂ ਹੱਟੀ ਪਾਈ ਸੀ, ਹੱਥ ਜੋੜਦਾ ਕਹਿੰਦਾ ਸੀ ਮੇਰਾ ਖ਼ਿਆਲ ਰੱਖਿਉ, ਆਹ ਹੱਟੀ ਤੁਹਾਡੀ ਏ। ਅੱਜ ਕਿਵੇਂ ਨਾਸਾਂ ਫੁਲਾ ਫੁਲਾ ਗੱਲਾਂ ਕਰਦੈਂ।

ਕਿਸ਼ਨਾ : ਰਕਮ ਛੱਡ ਦਿਆਂ ਤੁਹਾਨੂੰ ?

ਧੂੰਨਾ : ਕੌਣ ਕਹਿੰਦੈ ਛੱਡ, ਸਾਡੇ ਕਹਿਣ 'ਤੇ ਤੂੰ ਰਕਮ ਛੱਡ ਦੇਵੇਂਗਾ ? ਤੂੰ ਤਾਂ ਚੁੰਗ ਨੂੰ ਮਾਰ ਕੇ ਠੁੰਗ ਬਣ ਗਿਐਂ ਸ਼ਾਹ।

ਕਿਸ਼ਨਾ : ਹਿਸਾਬ ਮਾਵਾਂ ਧੀਆਂ ਦਾ (ਜੇਬ ਵਿੱਚੋਂ ਕਾਗ਼ਜ਼ ਬਾਹਰ ਕੱਢਦਾ ਹੈ) ਸੱਤ ਹਜ਼ਾਰ ਤੋਂ ਉੱਪਰ ਰਕਮ ਬਣੀ ਪਈ ਏ, ਤੁਹਾਨੂੰ ਰਕਮ ਛੱਡ ਕੇ ਮੈਂ ਆਪਣੇ ਨਿਆਣੇ ਗੁਰਦੁਆਰੇ ਤਾਂ ਨਹੀਂ ਬਿਠਾ ਦੇਣੇ।

ਮਿੰਦਰੋ : (ਹੈਰਾਨੀ ਵਿੱਚ) ਸੱਤ ਹਜ਼ਾਰ ਤੋਂ ਉੱਪਰ ਹੋ ਗਿਐ ਉਧਾਰ ?

ਕਿਸ਼ਨਾ : ਕਾਗਜ਼ 'ਤੇ ਕੱਲੇ ਕੱਲੇ ਸੌਦੇ ਬਾਰੇ ਲਿਖਿਐ, ਪੜ੍ਹ ਲਉ ਭਾਵੇਂ ਪੜ੍ਹਾ ਲਉ।

ਧੁੰਨਾ : ਫੜਾ ਕਾਗਜ਼ ਜਰਾ ਜਿੰਦਰ ਨੂੰ। (ਜਿੰਦਰ ਨੂੰ) ਜਵਾਨ, ਫੇਰ ਜਰਾ ਨਜ਼ਰ ਇਹਦੇ ਕਾਗਜ਼ 'ਤੇ।

ਜਿੰਦਰ : (ਕਾਗਜ਼ ਵੇਖਦਾ ਹੋਇਆ) ਲਿਖਾਈ ਦੀ ਪੂਰੀ ਸਮਝ ਨਹੀਂ ਆਉਂਦੀ, ਦੂਜਾ ਜਿੰਨਾ ਕੁ ਪਤਾ ਚਲਦੈ, ਉਹਦੇ ਵਿੱਚ ਕੀ ਲੱਭਾਂਗੇ। ਰੇਟ ਤਾਂ ਇਹਨੇ ਅਪਣਾ ਈ ਲਾਉਣਾ ਹੋਇਐ।

ਕਿਸ਼ਨਾ : ਰੇਟ ਬਿਲਕੁਲ ਮਾਰਕੀਟ ਦਾ ਲਾਇਐ। ਮਾਰਕੀਟ ਦੇ ਰੇਟ ਰੋਜ਼-ਰੋਜ਼ ਬਦਲਦੇ ਨੇ, ਤੂੰ ਵੀ ਪੜ੍ਹਿਆ ਲਿਖਿਆ ਏਂ, ਅਖ਼ਬਾਰਾਂ ਵਿੱਚ ਨਿੱਤ ਰੇਟਾਂ ਦੀ ਲਿਸਟ ਆਉਂਦੀ ਏ।

ਜਿੰਦਰ : (ਕਾਗਜ਼ ਉੱਪਰ ਨਿਗਾਹ ਕੇਂਦਰਤ ਕਰਦਾ ਹੋਇਆ।) ਆਹ ਟੋਟਲ ਗਲਤ ਏ, ਇੱਕ ਹਜ਼ਾਰ ਸਿੱਧਾ ਈ ਵੱਧ ਬਣਾ ਦਿੱਤੈ।

ਮਿੰਦਰੋ : ਇੱਕ ਹਜ਼ਾਰ ? ਹੈਂ ?

ਧੁੰਨਾ : ਅਜੇ ਵੇਖਿਆ ਕੀ ਏ ਤੂੰ, ਤੇਰੀ 'ਹੈਂ' ਪਹਿਲਾਂ ਈ ਨਿਕਲ ਗਈ ਏ। ਭੋਲੇ ਭਾਲੇ ਅਨਪੜ੍ਹ ਲੋਕਾਂ ਦਾ ਖ਼ੂਨ ਪੀ ਪੀ ਕਿਸ਼ਨਾ ਪਹਿਲਵਾਨ ਬਣ ਗਿਐ।

ਕਿਸ਼ਨਾ : ਟੋਟਲ ਦਾ ਭੁਲੇਖਾ ਤਾਂ ਕਿਸੇ ਨੂੰ ਵੀ ਲੱਗ ਸਕਦੈ......

ਧੁੰਨਾ : ਭੁਲੇਖੇ ਨਾਲ ਜੋੜ ਸਿੱਧਾ ਈ ਹਜ਼ਾਰ ਵੱਧ ਬਣ ਗਿਐ, ਤੂੰ ਆਹ ਦੱਸ ਜੋੜ ਹਜ਼ਾਰ ਘੱਟ ਕਿਉਂ ਨਹੀਂ ਬਣਿਆ ?

ਮਿੰਦਰੋ : ਇਹ ਤਾਂ ਚੰਗੀ ਕਿਸਮਤ ਨੂੰ ਜਿੰਦਰ ਨੇ ਜੋੜ ਕਰ ਲਿਆ, ਨਹੀਂ ਤਾਂ ਸਾਡਾ ਹਜ਼ਾਰ ਤਾਂ ਗਿਆ ਸੀ ਖੂਹ ਖਾਤੇ। ਕਿਸ਼ਨੇ ਭਾ ਜੀ, ਤੇਰੇ ਅੱਗੇ ਜੋੜੇ ਹੱਥ ਅਗਾਂਹ ਤੋਂ ਬਜ਼ਾਰੋਂ ਸੌਦਾ ਲਿਆਇਆ ਕਰਾਂਗੇ।

ਧੁੰਨਾ : ਸਾਰੇ ਇੱਕੋ ਥਾਲੀ ਦੇ ਚੱਟੇ ਵੱਟੇ ਨੇ, ਉਹ ਕਿਹੜੇ ਦੋ ਜਮਾਂ ਦੋ ਚਾਰ ਕਰਦੇ ਨੇ। ਭਲੇਮਾਣਸ ਨਾ ਸਮਝ ਬੈਠੀ ਉਹਨਾਂ ਨੂੰ। ਕੱਪੜਿਆਂ ਵੱਲੋਂ ਇਹ ਲੋਕ ਭੇਡ ਵਾਂਗ ਜਾਪਦੇ ਨੇ ਪਰ ਅੰਦਰੋਂ ਇਹ ਬਘਿਆੜ ਨੇ। ਹੁਣ ਸਮਝ



ਪਈ ਏ ਦਿਨ ਦੇ ਚੋਰਾਂ ਦੀ (ਕਿਸ਼ਨੇ ਵੱਲ ਇਸ਼ਾਰਾ ਕਰਕੇ) ਕਰ ਲੈ ਦਰਸ਼ਨ ਦਿਨ ਦੇ ਚੋਰ ਦੇ।

ਕਿਸ਼ਨਾ : (ਘਬਰਾਹਟ ਵਿੱਚ) ਮੈਂ.......ਮੈਂ........

ਧੁੰਨਾ : ਕੀ ਬੱਕਰੀ ਵਾਂਗੂੰ ਮੈਂ ਮੈਂ ਲਾਈ ਏ। ਆਹ ਕਾਗਜ਼ ਇਥੇ ਛੱਡ ਜਾ, ਅਸੀਂ ਸਾਰਾ ਕਾਗਜ਼ ਪੜ੍ਹਾਵਾਂਗੇ, ਕਿਤੇ ਸੌਦਾ ਈ ਨਾ ਵੱਧ ਲਿਖ ਦਿੱਤਾ ਹੋਵੇ।

ਕਿਸ਼ਨਾ : ਮੈਂ ਕਿਹਾ ਜੀ, ਜੇ ਭੁਲੇਖੇ ਨਾਲ ਕੋਈ ਸੌਦਾ ਵੱਧ ਲਿਖਿਆ ਵੀ ਹੋਇਆ ਤਾਂ ਆਪੇ ਕੱਟਿਆ ਵੀ ਜਾਵੇਗਾ।

ਧੁੰਨਾ : ਤੇਰੇ ਕਾਗਜ਼ ਵਿੱਚ ਇਵੇਂ ਦੀ ਹੇਰਾ ਫੇਰੀ ਲੱਭ ਜਾਏ ਸਹੀ, ਤੈਨੂੰ ਗੁਰਦੁਆਰੇ ਨਾ ਚੜ੍ਹਾਇਆ ਤਾਂ ਮੈਨੂੰ ਵੀ ਧੁੰਨਾ ਸਿੰਘ ਨਾ ਆਖੀਂ।

ਕਿਸ਼ਨਾ : ਮੈਂ ਕੋਈ ਭੱਜਾ ਵਾਂ ਤੁਹਾਡੇ ਤੋਂ.......

ਧੁੰਨਾ : ਤੇਰਾ ਮੈਂ ਉਹ ਜਲੂਸ ਕੱਢਾਂਗਾ ਸਾਰੀ ਉਮਰ ਯਾਦ ਕਰੇਂਗਾ। ਤੇਰੀ ਹੱਟੀ 'ਤੇ ਗਾਹਕ ਨਹੀਂ ਵੜਦਾ ਕੋਈ, ਸੈਂਪਲ ਭਰਨ ਵਾਲੇ ਭਾਵੇਂ ਵੜ ਜਾਣ।

ਕਿਸ਼ਨਾ : ਸੈਂਪਲ ਭਰਨ ਵਾਲੇ ਕਈ ਵਾਰ ਆਏ ਤੇ ਕਈ ਵਾਰ ਗਏ। ਮੈਂ ਕੋਈ ਗਲਤ ਕੰਮ ਨਹੀਂ ਕਰਦਾ। ਸਾਫ਼ ਸੁਥਰਾ ਸੌਦਾ ਵੇਚਦਾਂ।

ਧੁੰਨਾ : ਤਾਹਿਓਂ ਦਾਲਾਂ ਵਿੱਚੋਂ ਪੱਥਰ ਨਿਕਲਦੇ ਨੇ, ਵੇਸਣ ਵਿੱਚ ਕਿਰਕ ਕਿੱਥੋਂ ਆ ਜਾਂਦੀ ਏ ? ਦੋ ਨੰਬਰ ਦਾ ਸੌਦਾ ਏ ਤੇਰਾ। ਤੇਰੀ ਮਸ਼ਹੂਰੀ ਤਾਂ ਮੈਂ ਚੰਗੀ ਤਰ੍ਹਾਂ ਕਰਾਂਗਾ।

ਕਿਸ਼ਨਾ : ਸਿੱਧੀ ਤਰ੍ਹਾਂ ਕਹਿ ਮੈਂ ਪੈਸੇ ਨਹੀਂ ਦੇਣੇ, ਨਾ ਦੇ।

ਧੁੰਨਾ : ਪੈਸੇ ਹੁਣ ਕਿਸੇ ਗੱਲ ਨਾਲ ਹੀ ਮਿਲਣਗੇ। ਦੁੱਧ ਦਾ ਦੁੱਧ ਤੇ ਪਾਣੀ ਦਾ ਪਾਣੀ ਵੱਖ ਹੋਵੇਗਾ।

(ਕਿਸ਼ਨਾ ਬੇਵਸੀ ਦੀ ਹਾਲਤ ਵਿੱਚ ਤੇਜ਼ ਤੇਜ਼ ਕਦਮੀਂ ਚਲਾ ਜਾਂਦਾ ਹੈ।)

ਮਿੰਦਰੋ : ਦਿਨ ਦਿਹਾੜੇ ਡਾਕਾ ?

ਧੁੰਨਾ : ਇਵੇਂ ਵੱਜਦੈ।

ਜਿੰਦਰ : ਸਾਡੇ ਦੇਸ਼ ਵਿੱਚ ਜੋ ਦਿਨ ਦੇ ਚੋਰ ਨਾ ਹੁੰਦੇ ਤਾਂ ਕੀ ਲੋੜ ਪਈ ਸੀ ਲੋਕਾਂ ਨੂੰ ਰੈਲੀਆਂ ਕਰਨ ਦੀ, ਲੋਕ ਧੜਾ ਧੜ ਪਾਸਪਰਟ ਨਾ ਬਣਾਉਂਦੇ ਤੇ ਨਾ ਹੀ ਵਿਦੇਸ਼ਾਂ ਵੱਲ ਮੂੰਹ

ਕਰਦੇ।

ਧੁੰਨਾ : (ਮਿੰਦਰੋ ਨੂੰ) ਸਮਝ ਪਈ ਏ ਜਿੰਦਰ ਦੀ ਗੱਲ

(ਮਿੰਦਰੋ ਦਾ ਭਰਾ ਖਜਾਨ ਸਿੰਘ ਆਉਂਦਾ ਹੈ, ਉਸ ਦੇ ਆਉਣ ਤੇ ਜਿੰਦਰ ਜਾਣ ਵਾਸਤੇ ਮੰਜੇ ਤੋਂ ਉੱਠ ਪੈਂਦਾ ਹੈ)

ਜਿੰਦਰ ਚੱਲਿਐਂ ?

ਜਿੰਦਰ : ਹਾਂ ਤਾਇਆ, ਅੱਜ ਤੇਰੇ ਵੱਲ ਪਾਰਟੀ ਬਣ ਗਈ।

ਧੁੰਨਾ : ਪੱਕਾ, ਮੈਂ ਕਿਹਾ ਧੂਮ ਧਾਮ ਨਾਲ ਕਰਾਂਗੇ ਪਾਰਟੀ, ਜਰਾ ਕਣਕ ਘਰ ਆ ਲੈਣ ਦੇ। (ਜਿੰਦਰ ਚਲਾ ਜਾਂਦਾ ਹੈ, ਖਜਾਨ ਸਿੰਘ ਮੰਜੇ 'ਤੇ ਬੈਠ ਜਾਂਦਾ ਹੈ)

ਆ ਬਈ, ਖਜਾਨ ਸਿੰਹਾਂ ਸੁੱਖ ਨਾਲ ਆਇਐਂ ?

ਖਜਾਨ ਸਿੰਘ : ਆਹੋ ਸੁੱਖ ਈ ਏ, ਤੁਹਾਡੀ ਗਵਾਹੀ ਪਵਾਉਣੀ 'ਸੀ ਇੱਕ ਪ੍ਰਨੋਟ 'ਤੇ।

ਧੁੰਨਾ : ਮੇਰੀ ਗਵਾਹੀ ?

ਖਜਾਨ ਸਿੰਘ : ਤੁਹਾਡੇ ਪਿੰਡ ਦਾ ਕੰਤੀ ਮੇਰੇ ਮਗਰ ਪਿਆ ਸੀ ਕਈ ਦਿਨਾਂ ਦਾ, ਕਹਿੰਦੈ ਦਸ ਹਜ਼ਾਰ ਦਾ ਜੁਗਾੜ ਕਰ ਦੇ। ਮੈਂ ਬਥੇਰਾ ਟਾਲਿਆ ਬਈ ਮੇਰੇ ਪਾਸ ਗੁੰਜਾਇਸ਼ ਨਹੀਂ ਹੈਗੀ, ਫਿਰ ਕਿਸੇ ਕੋਲੋਂ ਵਿਆਜ 'ਤੇ ਫੜ ਕੇ ਰਕਮ ਦਾ ਪ੍ਰਬੰਧ ਕੀਤੈ। ਮੈਂ ਸੋਚਿਆ ਇਹਨੂੰ ਪੈਸੇ ਵੀ ਦੇਣੇ ਨੇ ਤੇ ਗਵਾਹੀ ਤਾਂ ਹੋਣੀ ਚਾਹੀਦੀ ਏ ਨਾ ? ਕਲ੍ਹ ਨੂੰ ਜੇ ਕੰਤੀ ਮਰ ਗਿਆ ਜਾਂ ਕਿਤੇ ਦੌੜ ਜਾਵੇ ਤਾਂ ਕੀਹਦੀ ਮਾਂ ਨੂੰ ਮਾਸੀ ਆਖਾਂਗੇ।

ਮਿੰਦਰੋ : ਕੋਈ ਗੱਲ ਨਹੀਂ, ਵੀਰ ਜੀ ਚੰਗਾ ਕੀਤੈ ਤੁਸੀਂ। ਪਾ ਦੇਣਗੇ ਗਵਾਹੀ। ਕੰਤੀ ਕਿਥੇ ਵੇ ?

ਖਜਾਨ ਸਿੰਘ : ਬਾਹਰ ਖੜ੍ਹਾ ਏ, ਵਾਜ ਦੇਨਾਂ। ਕੰਤੀ ! ਲੰਘ ਆ ਅੰਦਰ।

(ਕੰਤੀ ਆ ਜਾਂਦਾ ਹੈ)

ਧੁੰਨਾ : ਕੰਤੀ ਪਾ ਦੇਈਏ ਤੇਰੀ ਗਵਾਹੀ ?

ਕੰਤੀ : ਪਾਓ ਪਾਓ, ਆਪਾਂ ਜਾਣਾਂ ਕਿਹੜੀ ਮਾਂ ਕੋਲ ਏ। (ਹੱਸਦਾ ਹੈ)

ਖਜਾਨ ਸਿੰਘ : ਆਹ ਗਿਣ ਲੈ ਪੂਰੇ ਦਸ ਹਜ਼ਾਰ, ਹਰ ਮਹੀਨੇ ਵਿਆਜ ਦੇਣਾ ਪੈਣੈਂ ਦਸ ਰੁਪਏ ਸੈਂਕੜਾ। ਛੇ ਮਹੀਨੇ ਤੱਕ ਪੂਰੀ ਰਕਮ ਵੀ ਦੇਣੀ ਪਵੇਗੀ, ਲਿਖਤ ਪੜ੍ਹ ਲੈ ਜਾਂ ਪੜ੍ਹਾ



ਲੈ ਕਿਸੇ ਤੋਂ।

ਕੰਤੀ : ਤੁਹਾਡੇ 'ਤੇ ਬੇਇਤਬਾਰੀ ਏ, ਖਜਾਨ ਸਿੰਹਾਂ ਵਿਆਜ ਵੀ ਮਿਲੂ ਤੇ ਛੇ ਮਹੀਨੇ ਤੱਕ ਰਕਮ ਵੀ।

ਖਜਾਨ ਸਿੰਘ : ਤੂੰ ਚੱਲ ਹੁਣ, ਮੈਂ ਘੜੀ ਭੈਣ ਭਾਈਏ ਦਾ ਹਾਲ ਚਾਲ ਪੁੱਛ ਲਵਾਂ।

(ਕੰਤੀ ਚਲਾ ਜਾਂਦਾ ਹੈ)

ਧੁੰਨਾ : ਖਜਾਨ ਸਿੰਹਾਂ, ਬਈ ਵਿਆਜ ਦਸ ਰੁਪਏ ਸੈਂਕੜਾ ਠੋਕਤੈ ?

ਖਜਾਨ ਸਿੰਘ : ਹੋਰ ਕੀ, ਅਗਲੇ ਦੀ ਗਰਜ਼ ਪੂਰੀ ਕਰ ਦਿੱਤੀ ਏ, ਜੇ ਤੇਰੇ ਪਾਸ ਹੈ ਰਕਮ ਤਾਂ ਤੈਨੂੰ ਵੀ ਦੁਆਵਾਂਗਾ ਵਿਆਜ।

ਧੁੰਨਾ : (ਚਸਕਾ ਲੈਂਦੇ ਹੋਏ) ਤੇ ਮੈਨੂੰ ਕਿੰਨੇ ਰੁਪਏ ਸੈਂਕੜਾ ਦੇਵੇਂਗਾ ?

ਖਜਾਨ ਸਿੰਘ : ਤੈਨੂੰ ਦਿਆਂਗਾ ਪੂਰੇ ਤਿੰਨ ਰੁਪਏ ਸੈਂਕੜਾ, ਮੈਨੂੰ ਅੱਗਿਓਂ ਮਿਲਣ ਭਾਵੇਂ ਨਾ, ਤੂੰ ਪਹਿਲੀ ਤਰੀਕ ਨੂੰ ਵਿਆਜ ਖਰਾ ਸਮਝੀਂ।

ਧੁੰਨਾ : ਵਪਾਰ ਚੰਗੈ, ਇੱਕ ਪਾਸੇ ਦਿਓ ਤਿੰਨ ਰੁਪਏ ਸੈਂਕੜਾ ਤੇ ਦੂਜੇ ਪਾਸੇ ਦਸ ਰੁਪਏ ਦਾ ਟੀਕਾ ਲਾ ਕੇ ਅਗਲੇ ਦੀ ਭੂਤਨੀ ਭੁਲਾ ਦਿਓ।

ਖਜਾਨ ਸਿੰਘ : ਇਹਨੂੰ ਕਹਿੰਦੇ ਨੇ ਵਪਾਰ।

ਧੁੰਨਾ : ਆਹ ਤਾਂ ਅਗਲੇ ਬੰਦੇ ਦਾ ਖ਼ੂਨ ਪੀਣ ਵਾਲੀ ਗੱਲ ਏ। ਮੈਂ ਵੀ ਕਹਾਂ ਖਜਾਨ ਸਿੰਘ ਲਿਸ਼ ਲਿਸ਼ ਕਰਦੇ ਸੂਟ ਪਾਉਂਦੈ, ਕਦੇ ਸਕੂਟਰ ਮੁੱਲ ਲੈ ਲੈਂਦੈ ਕਦੇ ਮੋਟਰ ਸਾਇਕਲ। ਟੌਹਰ ਨਾਲ ਰਾਤ ਨੂੰ ਪਾਈਆ ਪੀ ਕੇ ਸੌਂਦੈ।

ਮਿੰਦਰੋ : (ਗੁੱਸੇ ਨਾਲ) ਹੋਰ ਤੇਰੇ ਵਾਂਗ ਸਾਰੀ ਰਾਤ ਖਊਂ ਖਊਂ ਕਰਦਾ ਰਹੇ ! ਲੋੜ ਵੇਲੇ ਮੇਰਾ ਭਰਾ ਕਿਸੇ ਦੇ ਕੰਮ ਆ ਕੇ ਪੁੰਨ ਕਰਦੈ।

ਧੁੰਨਾ : (ਮਖੌਲੀਆ ਅੰਦਾਜ਼ ਵਿੱਚ) ਨਾਲ ਪੁੰਨ ਨਾਲੇ ਫਲੀਆਂ। ਹੁਣ ਪਈ ਖਾਨੇ ਵਿੱਚ ਗੱਲ ਕਿ ਖਜਾਨ ਸਿੰਘ ਤਿੰਨ ਪਲਾਟ ਕਿਵੇਂ ਲੈ ਗਿਐ।

ਮਿੰਦਰੋ : ਤੇ ਤੇਰੇ ਢਿੱਡ 'ਚ ਪੀੜ ਹੁੰਦੀ ਹੋਣੀ ਏ ਇਹਦੇ ਪਲਾਟ ਵੇਖਿਆਂ। ਤੂੰ ਵੀ ਕਰ ਲੈ ਇਹਦੇ ਵਾਲਾ ਕੰਮ, ਮੰਜੇ 'ਤੇ ਬੈਠਾ ਬੈਠਾ ਖੰਘੀ ਜਾਨੈਂ।

ਧੁੰਨਾ : ਨਾ ਨਾ ਰੱਬ ਇਹੋ ਜਿਹਾ ਕੰਮ ਨਾ ਕਰਾਏ, ਇਹੋ ਜਿਹਾ ਕੰਮ ਤਾਂ ਖਜਾਨ ਸਿੰਘ ਵਰਗੇ ਧਰਮੀ ਬੰਦੇ ਈ ਕਰ ਸਕਦੇ ਨੇ!

ਖਜਾਨ ਸਿੰਘ : ਭਾਈਆ, ਕਰ ਲੈ ਟਿੱਚਰਾਂ। ਪਰ ਹਾਂ ਮੈਂ ਧਰਮੀ ਬੰਦਾ ਈ। ਰੋਜ਼ ਸਵੇਰੇ ਤਿੰਨ ਵਜੇ ਉਠਦਾ ਵਾਂ, ਨਹਾ ਧੋ ਕੇ ਘੰਟਾ ਪਾਠ ਕਰੀਦੈ, ਫਿਰ ਗੁਰਦੁਆਰੇ ਜਾ ਕੇ ਮੱਥਾ ਰਗੜੀਦਾ ਏ ਕਿ ਹੇ ਸੱਚੇ ਪਾਤਸ਼ਾਹ! ਭੁੱਲ ਚੁੱਕ ਮਾਫ਼ ਕਰੀਂ। ਫੇਰ ਜਾ ਕੇ ਦਿਨ ਦਾ ਕੰਮ ਸ਼ੁਰੂ ਕਰੀਦੈ। ਚੰਗਾ ਭੈਣ, ਮੈਂ ਚੱਲਦਾਂ।

ਮਿੰਦਰੋ : ਪਰਸ਼ਾਦਾ ਛਕ ਕੇ ਜਾਇਉ, ਪਕਾਉਣ ਈ ਲੱਗੀ ਆਂ।

ਖਜਾਨ ਸਿੰਘ : ਨਹੀਂ ਨਹੀਂ, ਮੈਂ ਇੱਕ ਹੋਰ ਲੋੜਵੰਦ ਦੀ ਲੋੜ ਪੂਰੀ ਕਰਨੀ ਏ। ਚੰਗਾ ਭਾਈਆ, ਤੂੰ ਵੀ ਪੈ ਜਾ ਕਿਸੇ ਨਾ ਕਿਸੇ ਕਾਰੋਬਾਰ 'ਚ।

(ਖਜਾਨ ਸਿੰਘ ਚਲਾ ਜਾਂਦਾ ਹੈ।)

ਧੁੰਨਾ : ਬਗਲ 'ਚ ਛੁਰੀ ਤੇ ਮੂੰਹ ਵਿੱਚ ਰਾਮ ਰਾਮ।

ਮਿੰਦਰੋ : ਅਪਣਾ ਕੰਮ ਤਾਂ ਸਿਆਣਪ ਨਾਲ ਚਲਾਈ ਜਾਂਦੈ। ਉਹਦੇ ਨਿਆਣੇ ਸ਼ੁਰੂ ਤੋਂ ਹੀ ਚੰਗਾ ਖਾਂਦੇ ਰਹੇ, ਸੋਹਣਾ ਪਾਉਂਦੇ ਰਹੇ ਤੇ ਐਧਰ ਸਾਡੇ ਨਿਆਣੇ ਵਿਚਾਰੇ ਲੀਰਾਂ ਲਟਕਾਈ ਜਵਾਨ ਹੋ ਚੱਲੇ ਨੇ। ਦਿਨ ਦਿਹਾਰ ਵੀ ਨਾ ਕਦੇ ਮਨਾਇਆ ਇਹਨਾਂ ਖ਼ੁਸ਼ੀ ਨਾਲ।

(ਧੰਨੇ ਦੇ ਘੁਰਾੜਿਆਂ ਦੀ ਆਵਾਜ਼ ਆਉਂਦੀ ਹੈ।) ਸੌਂ ਗਿਐ? ਚੰਗਾ ਹੋਇਐ।

(ਮਿੰਦਰੋ ਅੰਦਰ ਚਲੀ ਜਾਂਦੀ ਹੈ, ਧੰਨੇ ਨੂੰ ਸੁਫ਼ਨਾ ਆਉਣਾ ਸ਼ੁਰੂ ਹੋ ਜਾਂਦਾ ਹੈ)

(ਸੁਫ਼ਨੇ ਵਿੱਚ ਦੋ ਯਮ ਆਉਂਦੇ ਹਨ, ਦੋਹਾਂ ਨੇ ਕਾਲੇ ਕੱਪੜੇ ਪਹਿਨੇ ਹੋਏ ਹਨ। ਉਹਨਾਂ ਦੇ ਚਿਹਰੇ ਵੀ ਡਰਾਉਣੇ ਜਿਹੇ ਹਨ, ਇਕ ਯਮ ਦੇ ਹੱਥ ਵਿੱਚ ਵਹੀ ਫੜੀ ਹੋਈ ਹੈ)

1. ਚੱਲ ਧੁੰਨਿਆ, ਤੂੰ ਧੰਨ ਧੰਨ ਕਰਾਤੀ ਆਹ ਦੁਨੀਆਂ ਅੰਦਰ।

2. ਕਰ ਲੈ ਤਿਆਰੀ.....

ਧੁੰਨਾ : ਕਿਧਰ ਦੀ?

2 : ਅਗਲੀ ਦੁਨੀਆਂ 'ਚ ਜਾਣ ਦੀ।



(ਦੋਵੇਂ ਯਮ ਹੱਸਦੇ ਹਨ ਤੇ ਧੁੰਨਾ ਡਰ ਜਾਂਦਾ ਹੈ)

ਧੁੰਨਾ : ਮੈਂ ਨਹੀਂ ਜਾਵਾਂਗਾ, ਮੈਂ ਨਹੀਂ ਜਾਵਾਂਗਾ।

1 : ਤੇਰਾ ਵਕਤ ਖ਼ਤਮ ਹੋ ਗਿਐ।

2 : ਹਾਂ, ਤੇਰੀ ਖੇਡ ਖ਼ਤਮ ਹੋ ਗਈ।

ਧੁੰਨਾ : ਪਰ ਮੈਂ ਤਾਂ ਕੁੱਝ ਵੇਖਿਆ ਈ ਨਹੀਂ ਚੱਜ ਦਾ ਇਸ ਦੁਨੀਆਂ 'ਚ ਅਜੇ ਤੱਕ।

1 : ਤਾਂਹਿਓਂ ਤੈਨੂੰ ਲੈ ਕੇ ਚੱਲੇ ਆਂ।

2 : ਸਵਰਗ ਵਿੱਚ......

ਧੁੰਨਾ : ਨਹੀਂ ਨਹੀਂ, ਮੇਰਾ ਤਾਂ ਇਥੇ ਈ ਸਵਰਗ ਏ, ਕੁੱਲੀ ਯਾਰ ਦੀ ਸੁਰਗ ਦਾ ਝੂਟਾ ਅੱਗ ਲਾਉਣੈਂ ਮਹਿਲਾਂ ਨੂੰ।

1 : (ਹੱਸਦਾ ਹੋਇਆ) ਕਿੱਡੇ ਸੁਰਗਾਂ ਦੇ ਝੂਟੇ ਲੈ ਰਿਹਾ ਸੀ !

ਧੁੰਨਾ : ਮੇਰਾ ਮਖੌਲ ਨਾ ਉਡਾਉ ਮੇਰੇ ਯਾਰੋ !

1 : (ਹੈਰਾਨੀ ਵਿੱਚ) ਯਾਰੋ?

ਧੁੰਨਾ : ਆਹੋ ਤੁਸੀਂ ਮੇਰੇ ਯਾਰ ਨਹੀਂ?

2 : ਜੇ ਯਾਰ ਆਂ ਤਾਂ ਯਾਰੀ ਪੁਗਾ

1 : ਇਸ ਦੁਨੀਆਂ ਨੂੰ ਛੱਡ ਜਾ।

2 : ਅਗਲੀ ਦੁਨੀਆਂ 'ਚ ਮਜੇ ਉਡਾ

ਧੁੰਨਾ : ਮੇਰੀ ਗੱਲ ਸਮਝੇ ਨਹੀਂ ਤੁਸੀਂ.....

1 : (ਨੰ: 2 ਨੂੰ) ਧੁੰਨੇ ਦੀ ਇੱਕ-ਇੱਕ ਬਾਂਹ ਫੜ੍ਹ ਕੇ ਇਹਨੂੰ ਉਡਾ ਕੇ ਲੈ ਚਲੀਏ ?

2 : ਆਹੋ ਸਿੱਧੀ ਤਰ੍ਹਾਂ ਨਹੀਂ ਤੁਰਦਾ ਤਾਂ ਇਹਨੂੰ ਫੜ ਕੇ ਦੂਜੀ ਤਰ੍ਹਾਂ ਤੋਰ ਲੈਂਦੇ ਆਂ।

(ਦੋਵੇਂ ਯਮ ਧੁੰਨੇ ਨੂੰ ਬਾਹਵਾਂ ਤੋਂ ਫੜ ਕੇ ਤੋਰ ਲੈਂਦੇ ਹਨ ਪਰ ਉਸੇ ਵਕਤ ਗਿਆਨ ਸਿੰਘ ਆੜ੍ਹਤੀਆ ਆ ਜਾਂਦਾ ਹੈ, ਜਿਸ ਦੇ ਹੱਥ ਵਿੱਚ ਵਹੀ ਹੈ, ਉਹ ਯੱਮਾਂ ਦਾ ਰਾਹ ਰੋਕ ਕੇ ਖੜ੍ਹਾ ਹੋ ਜਾਂਦਾ ਹੈ)

ਗਿਆਨ ਸਿੰਘ : ਤੁਸੀਂ ਨਹੀਂ ਜਾ ਸਕਦੇ।

1 : ਕਿਉਂ? ਤੂੰ ਕੌਣ ਏਂ?

ਗਿਆਨ ਸਿੰਘ : ਮੈਂ ਗਿਆਨ ਸਿੰਘ ਆੜ੍ਹਤੀਆ ਹਾਂ, ਲੋਕ ਮੈਨੂੰ ਸ਼ਾਹ ਜੀ ਕਹਿ ਕੇ ਬੁਲਾਂਦੇ ਨੇ।

2 : ਪਰ ਸਾਡਾ ਰਾਹ ਕਿਉਂ ਰੋਕ ਕੇ ਖੜ੍ਹਾ ਹੋ ਗਿਐਂ?

ਗਿਆਨ ਸਿੰਘ : ਤੁਹਾਨੂੰ ਨਹੀਂ ਰੋਕਦਾ ਪਰ ਧੁੰਨੇ ਨੂੰ ਨਾਲ ਲਿਜਾਣ

ਦਿਆਂਗਾ ਜਦੋਂ ਤੱਕ ... (ਵਹੀ ਫੋਲਦਾ ਹੈ)

1 : ਕੀ ਜਦੋਂ ਤੱਕ ?

ਗਿਆਨ ਸਿੰਘ : ਜਦੋਂ ਤੱਕ ਆਹ ਮੇਰਾ ਸਾਬ੍ਹ ਨਹੀਂ ਸਾਫ਼ ਕਰਦਾ। ਧੁੰਨੇ ਦਾ ਵਾਲ ਵਾਲ ਮੇਰਾ ਕਰਜ਼ਾਈ ਏ, ਇਹਦੇ ਉੱਪਰ ਮੇਰਾ ਹੱਕ ਏ।

1 : ਗਿਆਨ ਸ਼ਾਹ, ਤੇਰਾ ਗਿਆਨ ਕੱਚਾ ਏ, ਹੁਣ ਧੁੰਨਾ ਪੂਰੀ ਤਰ੍ਹਾਂ ਅਜ਼ਾਦ ਹੋ ਗਿਐ।

ਗਿਆਨ ਸਿੰਘ : ਨਹੀਂ, ਇਹ ਕਿਵੇਂ ਹੋ ਸਕਦੈ ? ਮੇਰੀ ਵਹੀ, ਆਹ ਵੇਖੋ। (ਵਹੀ ਦੇ ਪੰਨੇ ਪਲਟਦਾ ਹੈ)

ਇਹ ਚਲਾ ਗਿਆ ਤਾਂ ਸਾਬ੍ਹ ਇਹਦੇ ਪਿਓ ਨੇ ਸਾਫ਼ ਕਰਨੈਂ ? ਮੈਂ ਘਾਟਾ ਨਹੀਂ ਖਾ ਸਕਦਾ।

(ਗਿਆਨ ਸਿੰਘ ਆਪਣੀਆਂ ਦੋਵੇਂ ਬਾਹਵਾਂ ਫੈਲਾ ਕੇ ਰਾਹ ਰੋਕਦਾ ਹੈ)

2 : ਤੇਰੀ ਵਹੀ ਝੂਠੀ ਏ।

ਗਿਆਨ ਸਿੰਘ : ਕੱਲੀ ਕੱਲੀ ਰਕਮ ਚਾੜ੍ਹੀ ਏ ਇਹਦੇ ਤੇ, ਦੁਨੀਆਂ ਝੂਠੀ ਹੋ ਸਕਦੀ ਏ ਪਰ ਮੇਰੀ ਵਹੀ 'ਚ ਸਾਬ੍ਹ ਕਿਤਾਬ ਅੱਜ ਦੀ ਤਰੀਕ ਤੱਕ ਪੂਰਾ ਕੀਤੈ। ਮੇਰਾ ਮੁਨੀਮ ਬੜਾ ਲੈਕ ਬੰਦਾ ਏ, ਜਰਾ ਵੀ ਕੁਤਾਹੀ ਨਹੀਂ ਕਰਦਾ।

(ਗਿਆਨ ਸਿੰਘ ਰੋਣਾ ਸ਼ੁਰੂ ਕਰ ਦਿੰਦਾ ਹੈ)

1 : ਤੂੰ ਕਿਉਂ ਰੌਂਦਾ ਏਂ, ਤੈਨੂੰ ਰੋਣਗੇ ਤੇਰੇ ਘਰ ਦੇ।

(ਯਮ ਭਿਆਨਕ ਜਿਹਾ ਹਾਸਾ ਹੱਸਦੇ ਹਨ)

ਗਿਆਨ ਸਿੰਘ : ਕਿਉਂ ਹੱਸਦੇ ਹੋ ?

2 : ਤੇਰੀ ਅਕਲ 'ਤੇ !

ਗਿਆਨ ਸਿੰਘ : ਕੀ ਹੋਇਐ ਮੇਰੀ ਅਕਲ ਨੂੰ ?

2 : (ਆਪਣੀ ਵਹੀ ਵਿਖਾ ਕੇ) ਆਹ ਵੇਖ ਅਪਣਾ ਖਾਤਾ, ਅਗਲੇ ਵੀਰਵਾਰ ਤੇਰਾ ਦਾਣਾ ਪਾਣੀ ਵੀ ਖ਼ਤਮ ਹੋ ਜਾਣੈਂ। ਤੈਨੂੰ ਅਸੀਂ ਲੈ ਜਾਵਾਂਗੇ ਤੇ ਤੇਰੀਆਂ ਕਰਤੂਤਾਂ ਦਾ ਸਾਬ੍ਹ ਕਿਤਾਬ ਹੋਵੇਗਾ। ਤੇਰੇ ਠਾਹ ਠਾਹ ਚਪੇੜਾਂ ਵੱਜਣਗੀਆਂ।

ਗਿਆਨ ਸਿੰਘ : ਵੇਖੀ ਜਾਏਗੀ।

1 : ਸਾਡਾ ਰਾਹ ਛੱਡ ਦੇ, ਸਾਡੇ ਪਾਸ ਹੋਰ ਵਕਤ ਨਹੀਂ।



ਧੁੰਨਾ : ਗਿਆਨ ਸਿੰਘ ਸ਼ਾਹ ਜੀ, ਮੈਨੂੰ ਛੁਡਾ..... ਪੱਲੇਦਾਰਾਂ ਨੂੰ ਵਾਜ ਮਾਰ।

ਗਿਆਨ ਸਿੰਘ : ਛੱਡ ਦਿਉ ਧੁੰਨੇ ਨੂੰ, ਮੈਂ ਘਾਟਾ ਨਹੀਂ ਖਾ ਸਕਦਾ।

1 : ਚੱਲ ਹੁਣ, ਮਾਇਆਧਾਰੀ ਅੰਨ੍ਹਾ ਬੋਲਾ।

(ਯਮ, ਗਿਆਨ ਸਿੰਘ ਨੂੰ ਜ਼ੋਰਦਾਰ ਧੱਕਾ ਮਾਰਦੇ ਹਨ, ਗਿਆਨ ਸਿੰਘ ਜ਼ਮੀਨ 'ਤੇ ਡਿੱਗ ਪੈਂਦਾ ਹੈ, ਖੜ੍ਹਾ ਹੋ ਕੇ ਗਿਆਨ ਸਿੰਘ ਧੁੰਨੇ ਦੀਆਂ ਲੱਤਾਂ ਫੜ ਲੈਂਦਾ ਹੈ।)

2 : ਧੁੰਨੇ ਦੇ ਪੈਰ ਛੱਡ ਦੇ।

ਗਿਆਨ ਸਿੰਘ : ਕਿਉਂ ਛੱਡਾਂ ? ਜਦ ਤੱਕ ਧੁੰਨਾ ਇਸ ਪਰਨੋਟ 'ਤੇ ਅੰਗੂਠਾ ਨਹੀਂ ਲਾਉਂਦਾ, ਮੈਂ ਨਹੀਂ ਛੱਡਾਂਗਾ।

1 : (ਨੰ. 2 ਨੂੰ) ਇੱਕ ਕੰਮ ਕਰੀਏ।

2 : ਉਹ ਕਿਹੜਾ ?

1 : ਗਿਆਨ ਸਿੰਘ ਨੇ ਧੁੰਨੇ ਦੇ ਪੈਰ ਨਹੀਂ ਛੱਡਣੇ। ਕਿਤੇ ਗਿਆਨ ਸਿੰਘ ਸਵਰਗ ਲੋਕ ਨਾ ਪਹੁੰਚ ਜਾਏ।

2 : ਫਿਰ ਦਸ ਨੰਬਰ ਸੀਟ ਦਾ ਕੀ ਬਣੇਗਾ ਜਿਹੜੀ ਗਿਆਨ ਸਿੰਘ ਲਈ ਰੱਖੀ ਏ ਨਰਕਾਂ ਵਿੱਚ।

1 : ਧੁੰਨੇ ਕੋਲੋਂ ਪਰਨੋਟ 'ਤੇ ਅੰਗੂਠਾ ਜ਼ਰੂਰ ਲਵਾਉਣੈ ਗਿਆਨ ਸਿੰਘ ?

ਗਿਆਨ ਸਿੰਘ : ਹਾਂ, ਖੱਬੇ ਹੱਥ ਦਾ ਅੰਗੂਠਾ।

1 : ਆਪਾਂ ਧੁੰਨੇ ਦੇ ਖੱਬੇ ਹੱਥ ਦਾ ਅੰਗੂਠਾ ਈ ਵੱਢ ਦੇਣੇ ਆਂ। ਨਾ ਹੋਵੇਗਾ ਬਾਂਸ ਤੇ ਨਾ ਵੱਜੇਗੀ ਬੰਸਰੀ।

ਗਿਆਨ ਸਿੰਘ : ਮੈਂ ਇੰਜ ਨਹੀਂ ਹੋਣ ਦਿਆਂਗਾ।

(ਗਿਆਨ, ਧੁੰਨੇ ਦੇ ਪੈਰ ਛੱਡ ਦਿੰਦਾ ਹੈ ਅਤੇ ਯਮ ਧੁੰਨੇ ਨੂੰ ਆਪਣੇ ਨਾਲ ਤੋਰ ਲੈਂਦੇ ਹਨ)

1 : (ਹੱਸਦਾ ਹੋਇਆ) ਗਿਆਨ ਸਿੰਘ, ਬਾਏ ਬਾਏ.....

(ਧੁੰਨੇ ਨੂੰ ਜਾਗ ਆ ਜਾਂਦੀ ਹੈ)

ਧੁੰਨਾ : (ਘਬਰਾਹਟ ਵਿੱਚ ਆਪਣੇ ਆਪ ਨਾਲ ਗੱਲਾਂ ਕਰਦਾ ਹੋਇਆ) ਸ਼ੁਕਰ ਏ ਐਸੇ ਦੁਨੀਆਂ ਵਿੱਚ ਆਂ।

(ਬੰਤੂ ਝਿਊਰ ਆਉਂਦਾ ਹੈ, ਉਹਦੇ ਹੱਥ ਵਿੱਚ ਕੁੱਝ ਕਾਰਡ ਹਨ।)

ਬੰਤੂ : ਵਧਾਈਆਂ ਹੋਣ, ਦੀਪੋ ਦੇ ਮੁੰਡੇ ਦਾ ਵਿਆਹ ਆ ਗਿਐ ਐਸ ਪੰਦਰਾਂ ਨੂੰ, ਆਹ ਫੜੋ ਵਿਆਹ ਦਾ ਕਾਰਡ।

ਸੋਚਿਆ ਸਵੇਰੇ ਸਵੇਰੇ ਬੌਣੀ ਤੁਹਾਡੇ ਘਰੋਂ ਈ ਹੋ ਜਾਏ।

ਧੁੰਨਾ : ਕਾਰਡ ਦੀ ਕੀ ਲੋੜ ਸੀ ? ਸਾਨੂੰ ਜ਼ਬਾਨੀ ਸੁਨੇਹਾ ਭੇਜ ਦਿੰਦਾ।

ਬੰਤੂ : ਕਿਉਂ ਸਰਦਾਰਾ, ਕਾਰਡ ਕਰਕੇ ਬੰਤੂ ਨੂੰ ਵੀਹ ਰੁਪਏ ਨਾ ਦੇਣੇ ਪੈ ਜਾਣ ? ਕੱਲ੍ਹ ਕਈ ਵੰਨੀਆਂ ਦੇ ਬੰਦੇ ਵੇਖੇ ਕਾਰਡ ਵੰਡਦਿਆਂ। ਕਈ ਭਲੇ ਲੋਕ ਨਾਲ ਪਿਔਣ ਚਾਹ ਤੇ ਨਾਲ ਪੰਜਾਹ ਰੁਪਏ ਵੀ ਦੇਣ ਪਰ ਕਈ ਭੁੱਖ ਦੇ ਫੁੱਫੜ ਸਵੇਰੇ ਸਵੇਰੇ ਕੀ ਲੈਣੈਂ ਉਹਨਾਂ ਦਾ ਨਾਂ। ਤੁਸੀਂ ਮੈਨੂੰ ਤੋਰੋ ਜਲਦੀ ਜਲਦੀ।

ਧੁੰਨਾ : ਤੈਨੂੰ ਕੀ ਤੋਰੀਏ, ਤੂੰ ਆਪੇ ਤੁਰ ਜਾ।

ਬੰਤੂ : ਕੀ ਗੱਲ ਸਰਦਾਰਾ ?

ਧੁੰਨਾ : ਕੀ ਦੱਸੀਏ ? ਝੱਗਾ ਚੁਕਾਂਗੇ ਤੇ ਢਿੱਡ ਅਪਣਾ ਈ ਨੰਗਾ ਹੋਣੈਂ, ਜੇ ਘਰ ਨਾ ਹੋਣ ਵੀਹ ਰੁਪਏ ਤਾਂ ਕੀ ਕਰੀਏ।

ਬੰਤੂ : ਸਰਦਾਰਾਂ ਦੇ ਮੂੰਹੋਂ ਗੱਲ ਚੰਗੀ ਨਹੀਂ ਲੱਗਦੀ।

ਧੁੰਨਾ : ਕਾਹਦੇ ਸਰਦਾਰ ਆਂ ? ਹੁਣ ਤਾਂ ਨਾਂ ਦੇ ਸਰਦਾਰ ਆਂ, ਸਾਡੇ ਤਾਂ ਬੱਸ ਵਾਜੇ ਵੱਜੇ ਪਏ ਨੇ।

ਬੰਤੂ : ਨਾ ਨਾ ਜ਼ਮੀਨ ਭਾਂਡੇ ਵਾਲੇ ਹੋ। ਅਸਾਂ ਤੁਹਾਡੇ ਤੋਂ ਖਾਣੈਂ, ਸਾਡੇ ਕਿਹੜੇ ਬਾਹਰ ਹੱਲ ਚਲਦੇ ਨੇ।

ਧੁੰਨਾ : ਤੇਰੇ ਬਾਹਰ ਹੱਲ ਵਗਦੇ ਹੁੰਦੇ ਤਾਂ ਤੂੰ ਸ਼ਹਿਨਸ਼ਾਹ ਅਕਬਰ ਹੁੰਦਾ! ਛੇ ਮਹੀਨੇ ਮੂੰਹ ਚੁੱਕ ਕੇ ਫ਼ਸਲ ਵੱਲ ਵੇਖਣਾ ਪੈਂਦੈ, ਪੱਲੇ ਸੁਆਹ ਹੀ ਪੈਂਦੀ ਏ ਤੇ ਆੜ੍ਹਤੀਏ ਦਾ ਕਰਜ਼ਾ ਹਨੂਮਾਨ ਦੀ ਪੂਛ ਵਾਂਗ ਵਧਦਾ ਈ ਜਾਂਦੈ। ਜ਼ਮੀਨਾਂ ਵੀ ਕੀ ਕਰਨਗੀਆਂ ? ਸਾਨੂੰ ਚਾਰ ਭਰਾਵਾਂ ਨੂੰ ਆਏ ਚਾਰ ਚਾਰ ਕਿੱਲੇ, ਅੱਗੋਂ ਮੇਰੇ ਦੋ ਮੁੰਡਿਆਂ ਨੂੰ ਦੋ ਦੋ ਕਿੱਲੇ ਆਉਣੀ ਏ। ਏਦਾਂ ਵੰਡ ਚਲਦੀ ਰਹੀ ਤਾਂ ਇੱਕ ਦਿਨ ਐਸਾ ਆਵੇਗਾ ਕਿ ਕੱਲੇ ਕੱਲੇ ਦੇ ਹਿੱਸੇ ਮੰਜੀਆਂ ਡਾਹੁਣ ਜੋਗੀ ਥਾਂ ਹੀ ਰਹਿ ਜਾਵੇਗੀ।

ਬੰਤੂ : (ਮਜ਼ੌਲ ਕਰਦਾ ਹੋਇਆ) ਤੁਹਾਡੇ ਨਾਲੋਂ ਤਾਂ ਅਸੀਂ ਕੰਮੀ ਲੋਕ ਈ ਚੰਗੇ ਆਂ। ਕੱਲ੍ਹ ਤਿੰਨ ਸੌ ਰੁਪਿਆ ਹੋ ਗਿਐ ਕਾਰਡਾਂ ਦਾ ਹੀ।

ਧੁੰਨਾ : ਤੁਹਾਡੀਆਂ ਤਾਂ ਪੰਜੇ ਈ ਘਿਓ ਵਿੱਚ ਨੇ। ਕਿਸੇ ਦੇ



ਵਿਆਹ ਹੋਵੇ ਜਾਂ ਅਖੰਡ ਪਾਠ, ਤੁਹਾਡੇ ਘਰ ਦੀ ਸਾਰੀ ਫ਼ੌਜ ਅਗਲੇ ਘਰ ਦੀ ਚੰਗੀ ਤਬਾਹੀ ਕਰਦੀ ਏ ਤਿੰਨ ਚਾਰ ਦਿਨ।

ਬੰਤੂ : ਨਾ ਹੋਰ ਫ਼ੌਜ ਨੂੰ ਬੀਕਾਨੇਰ ਭੇਜ ਦਿਆ ਕਰੀਏ ? ਜੇ ਖਾਂਦੇ ਆਂ ਤਾਂ ਜੂਠ ਵੀ ਤਾਂ ਅਗਲਿਆਂ ਦੀ ਮਾਂਜਦੇ ਆਂ। ਤੁਸੀਂ ਖਾ ਕੇ ਵਗਾਹ ਕੇ ਮਾਰਦੇ ਹੋ ਥਾਲੀ ਸਾਡੇ ਸਿਰ ਵਿੱਚ, ਬਾਕੀ ਸਾਰਾ ਖਿਲਾਰਾ ਸਾਨੂੰ ਈ ਸਾਂਭਣਾ ਪੈਂਦੈ।

ਧੁੰਨਾ : ਤੁਹਾਨੂੰ ਤਾਂ ਫੈਦਾ ਈ ਫੈਦਾ ਏ, ਪੱਲਿਓਂ ਤਾਂ ਨਹੀਂ ਲੱਗਦਾ।

ਬੰਤੂ : ਦੇ ਪੱਲਿਓਂ ਵੀਹ ਰੁਪਏ ਤੇ ਮੈਂ ਜਾਵਾਂ।

ਧੁੰਨਾ : ਬੰਤੂ, ਅੱਜ ਤਾਂ ਪੱਲੇ ਖੋਟੀ ਕੌਡੀ ਵੀ ਨਹੀਂ, ਸਹੁੰ ਚੁਕਾ ਲੈ ਭਾਵੇਂ।

ਬੰਤੂ : ਤੇਰੀ ਸਹੁੰ ਦਾ ਸਾਨੂੰ ਕੀ ਫੈਦਾ ? ਕੰਮੀ ਨੂੰ ਇਵੇਂ ਵਾਪਸ ਕਰੋਗੇ ਤਾਂ ਮਿੱਟੀ ਤੁਹਾਡੀ ਪੁੱਟੀ ਜਾਵੇਗੀ।

ਧੁੰਨਾ : ਪੁੱਟ ਲੈ ਮਿੱਟੀ (ਕੁੱਝ ਸੋਚਣ ਬਾਅਦ) ਤੂੰ ਪਰਸੋਂ ਆ ਕੇ ਲੈ ਜਾਵੀਂ ਬੰਤੂ।

ਬੰਤੂ : ਮੈਂ ਵੀਹ ਰੁਪਏ ਪਿੱਛੇ ਗੇੜੇ ਮਾਰਦਾ ਫਿਰਾਂ ?

ਧੁੰਨਾ : ਗੇੜੇ ਮਾਰਨ ਦਾ ਕਿਹੜਾ ਤੈਨੂੰ ਬਿੱਲ ਆਉਣੈਂ ? ਪਰਸੋਂ ਆ ਜਾਈਂ ਯਾਰ.....

ਬੰਤੂ : (ਮਖੌਲ ਨਾਲ) ਪਰਸੋਂ ਕਿਹੜਾ ਤੈਨੂੰ ਚੈੱਕ ਮਿਲ ਜਾਣੈ ਸਰਕਾਰੀ ?

ਧੁੰਨਾ : ਬੰਤੂ, ਤਬਾਰ ਵੀ ਕੋਈ ਚੀਜ ਹੁੰਦੈ, ਬੰਦੇ ਦੇ ਜ਼ੁਬਾਨ ਦੀ ਵੀ ਕੋਈ ਗੱਲ ਹੁੰਦੀ ਏ, ਤੇਰੇ ਵਾਸਤੇ ਕੋਈ ਹੀਲਾ ਵਸੀਲਾ ਤਾਂ ਕਰਾਂਗੇ ਹੀ।

ਬੰਤੂ : (ਚੋਭ ਲਾਉਂਦਾ ਹੋਇਆ) ਹੀਲਾ ਵਸੀਲਾ ਮੈਂ ਦਸਦਾਂ। ਆਹ ਫੜ੍ਹ ਖਾਂ ਮੇਰੇ ਤੋਂ ਅੱਠ ਦਸ ਕਾਰਡ ਤੇ ਫਿਰ ਜਾ ਚਾਰ ਪੰਜ ਘਰ।

ਧੁੰਨਾ : ਕਰ ਲੈ ਮਖੌਲ, ਅੱਜ ਦਾ ਦਿਨ ਤੇਰਾ ਦਿਨ ਏ।

ਬੰਤੂ : ਤੇਰੇ ਵਰਗੇ ਸਾਡਾ ਹੱਕ ਮਾਰੀ ਜਾਣ ਤਾਂ ਸਾਡੇ 'ਤੇ ਗੜੇ ਮਾਰ ਕਿਵੇਂ ਨਾ ਹੋਊ ?

ਧੁੰਨਾ : ਤੇਰਾ ਕੰਮ ਕਾਰਡ ਵੰਡਣਾ ਏ ਪਰ ਤੇਰਾ ਹੱਕ ਨਹੀਂ ਪੈਸੇ ਮੰਗਣਾ। ਇਹ ਤਾਂ ਸਾਡੀ ਖੁਲ੍ਹਦਿਲੀ ਏ ਜੋ ਤੇਰੇ ਵਰਗਿਆਂ ਨੂੰ ਖ਼ੁਸ਼ ਕਰਕੇ ਭੇਜਦੇ ਰਹੇ ਆਂ।

ਬੰਤੂ : ਹੱਕ ਕਿਉਂ ਨਹੀਂ ? ਕੰਮੀ ਦਾ ਹੱਕ ਹੁੰਦੈ।

ਧੁੰਨਾ : ਤੇਰਾ ਹੱਕ ਮਾਰਿਆ ਕਦੇ ਪਹਿਲਾਂ ? ਯਾਦ ਕਰ ਉਹ ਵਕਤ ਜਦ ਤੇਰੇ ਘਰ ਆਟੇ ਦੀ ਇੱਕ ਮੁੱਠ ਨਹੀਂ ਸੀ ਹੁੰਦੀ, ਕਿੰਨੀ ਵਾਰ ਮੇਰੇ ਘਰੋਂ ਤੂੰ ਆਟਾ ਲਿਜਾ ਕੇ ਚੁੱਲ੍ਹਾ ਬਾਲਦਾ ਰਿਹਾ।

ਬੰਤੂ : ਵਕਤ ਵਕਤ ਦੀ ਗੱਲ ਏ ਧੁੰਨਾ ਸਿੰਘ। ਤੂੰ ਆ ਜਾ ਮੇਰੇ ਨਾਲ ਭਾਂਡਾ ਫੜ੍ਹ ਕੇ ਮੇਰੇ ਘਰ, ਤੈਨੂੰ ਆਟਾ ਪਾ ਦਿਆਂਗੇ।

(ਮਿੰਦਰੋ ਆਉਂਦੀ ਹੈ, ਜਿਸ ਨੇ ਬੰਤੂ ਦੀ ਗੱਲ ਸੁਣ ਲਈ ਹੈ)

ਮਿੰਦਰੋ : ਤੈਨੂੰ ਸ਼ਰਮ ਨਾ ਆਈ ਇਵੇਂ ਬੋਲਦੇ ? ਕਿੰਨੀ ਵਾਰੀ ਤੂੰ ਟਾਹਲੀਆਂ ਵਾਲੀ ਪੈਲੀ ਵਿੱਚੋਂ ਸਾਗ ਤੋੜ ਕੇ ਲਿਆਂਦਾ ਰਿਹਾ, ਅਸੀਂ ਨਾ ਤੈਨੂੰ ਡੱਕਿਆ। ਘਰ ਕੋਈ ਅਖੰਡ ਪਾਠ ਰੱਖਣਾ ਤਾਂ ਤੈਨੂੰ ਦੂਜਿਆਂ ਨਾਲੋਂ ਵੱਧ ਦੇ ਕੇ ਤੋਰਨਾ, ਤੂੰ ਸਭ ਕੁੱਝ ਭੁੱਲ ਗਿਐਂ ?

ਬੰਤੂ : ਮੇਰੇ ’ਤੇ ਰੋਅਬ ਪਾਉਣ ਦੀ ਲੋੜ ਨਹੀਂ ਬਾਬੇ ਆਦਮ ਦੇ ਵੇਲੇ ਦੀਆਂ ਗੱਲਾਂ ਚੇਤੇ ਕਰਾ ਕੇ। ਕਰ ਕੇ ਲਿਜਾਂਦੇ ਰਹੇ ਆਂ, ਕੋਈ ਹੱਥ ’ਤੇ ਹੱਥ ਨਹੀਂ ਸੀ ਧਰ ਕੇ ਬੈਠੇ ਰਹਿੰਦੇ। ਤੁਸੀਂ ਕੱਢੋ ਵੀਹ ਰੁਪਏ ਤੇ ਮੈਂ ਕਿਸੇ ਹੋਰ ਘਰ ਵੱਲ ਮੂੰਹ ਕਰਾਂ।

ਧੁੰਨਾ : ਤੈਨੂੰ ਕਹਿ ਜੁ ਦਿੱਤੈ ਪਰਸੋਂ ਆ ਕੇ ਲੈ ਜਾਈਂ।

ਬੰਤੂ : ਮੈਂ ਨਹੀਂ ਆਉਂਦਾ ਪਰਸੋਂ।

ਧੁੰਨਾ : ਨਹੀਂ ਤਾਂ ਨਾ ਸਹੀ।

ਬੰਤੂ : ਸਾਰੀ ਬਰਾਦਰੀ ’ਚ ਆਖਾਂਗਾ ਧੁੰਨਾ ਸਿੰਘ ਦੇ ਘਰ ਭੁੱਖ ਨੱਚਦੀ ਪਈ ਏ।

ਮਿੰਦਰੋ : ਕਰ ਲਈਂ ਬਕਵਾਸ, ਸਾਨੂੰ ਨਹੀਂ ਪੈਂਦਾ ਫ਼ਰਕ।

ਬੰਤੂ : ਫਿਰ ਨਾ ਆਖਿਓ ...

ਧੁੰਨਾ : (ਟੋਕਦੇ ਹੋਏ) ਜੋ ਕਹਿਣਾ ਏ ਕਹਿ ਲਵੀਂ, ਮੇਰੀ ਕੋਈ ਫੀਤੀ ਨਹੀਂ ਲਹਿ ਚਲੀ। ਹੋਰ ਜ਼ਿਆਦਾ ਬੋਲਿਆ ਤਾਂ



ਧੱਕੇ ਮਾਰ ਕੇ ਬਾਹਰ ਕੱਢਾਂਗਾ ਚੋਰਾ !

ਬੰਤੂ : ਮੈਨੂੰ ਚੋਰ ਕਿਹੈ ? ਕਿਸ ਸਾਲੇ ਦੀ ਮੈਂ ਕੀਤੀ ਚੋਰੀ ?

ਧੁੰਨਾ : ਭੁੱਲ ਗਿਐਂ ਉਹ ਵਕਤ ਜਦੋਂ ਗਿਆਨ ਆੜਤੀਏ ਦੇ ਮੁੰਡੇ ਦੇ ਵਿਆਹ ’ਤੇ ਘਿਓ ਦਾ ਟੀਨ ਖਿਸਕਾ ਕੇ ਲੈ ਆਇਆ ਸੀ, ਜਦ ਤੂੰ ਮੈਨੂੰ ਫਿਰਨੀ ’ਤੇ ਮਿਲਿਆ ਸੀ। ਉਦੋਂ ਤਰਲੇ ਕੱਢਦਾ ਸੀ ਗਿਆਨ ਸਿੰਘ ਆੜਤੀਏ ਨੂੰ ਨਾ ਦੱਸੀਂ। ਜੇ ਮੈਂ ਉਹਨੂੰ ਅੱਜ ਵੀ ਦੱਸ ਦੇਵਾਂ ਤਾਂ ਚੜ੍ਹ ਜਾਏਗਾ ਰਾਸ਼ਨ ਪਾਣੀ ਲੈ ਕੇ ਤੇਰੇ ’ਤੇ, ਨਾਲ ਹੀ ਭੂਤਨੀ ਭੁਲਾ ਦੇਵੇਗਾ ਤੇਰੀ।

ਬੰਤੂ : ਭੂਤਨੀ ਤਾਂ ਤੇਰੀ ਭੁਲਾਵੇਗਾ ਜਿਹਦੇ ਤੋਂ ਕਰਜ਼ਾ ਲੈ ਕੇ ਤੂੰ ਕੁੜੀ ਦਾ ਵਿਆਹ ਕੀਤੈ। ਜਦ ਕਰਜ਼ਾ ਲਾਵੇਂਗਾ ਤਾਂ ਢਾਵਾਂ ਮਾਰ-ਮਾਰ ਰੋਵੇਂਗਾ। ਤੁਹਾਨੂੰ ਕੱਖਾਂ ਵਾਂਗੂੰ ਰੋਲ ਕੇ ਰੱਖ ਦੇਵੇਗਾ ਗਿਆਨ ਸਿੰਘ, ਤੁਸੀਂ ਭੁੱਖੇ ਨਾ ਮਰੇ ਤਾਂ ਮੈਨੂੰ ਪਿਓ ਦਾ ਪੁੱਤ ਨਾ ਆਖੀਂ, ਕਿਸੇ ਹੋਰ ਦਾ ਕਹਿ ਦੇਵੀਂ।

(ਬੋਲਦਾ ਬੋਲਦਾ ਬੰਤੂ ਚਲਾ ਜਾਂਦਾ ਹੈ।)

ਮਿੰਦਰੋ : ਕੰਮੀਆਂ ਨੂੰ ਵੀ ਗੱਲਾਂ ਆਉਣ ਲੱਗ ਪਈਆਂ ਨੇ, ਕਿੱਡੀ ਹਵਾ ਉੱਚੀ ਹੋਈ ਪਈ ਏ ਇਹਨਾਂ ਲੋਕਾਂ ਦੀ।

ਧੁੰਨਾ : ਜਦ ਬੰਦੇ ਦੇ ਦਿਨ ਮਾੜੇ ਹੋਣ, ਉਹਨੂੰ ਹਰ ਕੋਈ ਟਿੱਚ ਸਮਝਦੈ। ਐਤਕਾਂ ਕਣਕ ਦੀ ਫ਼ਸਲ ਸਹੀ ਸਲਾਮਤ ਘਰ ਆ ਜਾਏ ਸਹੀ। ਫ਼ਸਲ ਚੰਗੀ ਹੋ ਜਾਏ, ਕਿਤੇ ਆੜਤੀਏ ਦੇ ਕਰਜ਼ੇ ਤੋਂ ਕੁੱਝ ਖੁਲਾਸੀ ਹੋ ਜਾਏ। ਰਾਤ ਕਿੰਨਾ ਮੀਂਹ ਪਿਐ, ਜਦ ਕੋਈ ਛਰਾਟਾ ਆਉਂਦਾ ਸੀ ਤਾਂ ਮੇਰਾ ਦਿਲ ਕੰਬਣ ਲੱਗ ਪੈਂਦਾ ਸੀ। ਰੱਬ ਵੀ ਸਾਲਾ ਤਰਸ ਨਹੀਂ ਕਰਦਾ ਮਾੜਿਆਂ ’ਤੇ।

ਮਿੰਦਰੋ : ਹੁਣ ਰੱਬ ਨਾਲ ਲੱਗਾ ਏਂ ਮੱਥਾ ਲਾਉਣ। ਕੀ ਵਿਗਾੜ ਲਵੇਂਗਾ ਰੱਬ ਦਾ ?

ਧੁੰਨਾ : ਰੱਬ ਦੀ ਕਿਹੜਾ ਲੱਤ ਤੋੜ ਲੈਣੀ ਕਿਸੇ ਨੇ ? ਵਰ੍ਹਾਈ ਜਾਵੇ ਮੀਂਹ ਸੋਨੇ ਵਰਗੀ ਫ਼ਸਲ ’ਤੇ।

ਮਿੰਦਰੋ : ਹੋਰ ਮਹੀਨੇ ਨੂੰ ਕਣਕ ਦੀ ਫ਼ਸਲ ਘਰੇ ਆਉਣੀ ਏ, ਹੁਣ ਤਾਂ ਮੀਂਹ ਤਾਂ ਕੀ, ਸੋਨੇ ਦੀ ਵੀ ਛਿੱਟ ਨਹੀਂ ਪੈਣੀ

ਚਾਹੀਦੀ। (ਗੱਲ ਪਰਤਦੀ ਹੋਈ) ਪਿਛਲੇ ਤਿੰਨ ਚਾਰ ਦਿਨਾਂ ਤੋਂ ਤੂੰ ਸੁੱਤਾ ਈ ਗੱਲਾਂ ਕਰੀ ਜਾਂਦੈ। ਕਿਹਦੇ ਨਾਲ ਕਰਦੈਂ ਗੱਲਾਂ ? ਸੁਫ਼ਨੇ ਵਿੱਚ ਟਾਹਲੀਆਂ ਟਾਹਲੀਆਂ ਬੋਲੀ ਜਾਂਦੈ।

ਧੁੰਨਾ : ਸੁਫ਼ਨੇ ਵਿੱਚ ਚੋਰਾਂ ਸਾਡੀਆਂ ਟਾਹਲੀਆਂ ਵੱਢ ਲਈਆਂ ਸੀ।

ਮਿੰਦਰੋ : ਆੜ੍ਹਤੀਏ ਨੂੰ ਲਿਖ ਕੇ ਦੇ ਜੂ ਦਿੱਤਾ ਟਾਹਲੀਆਂ ਦਾ। ਜੇ ਪੈਸੇ ਨਾ ਦੇ ਸਕੇ ਹਾੜੀ ਤੇ ਤਾਂ ਉਹ ਟਾਹਲੀਆਂ ਵੱਢ ਕੇ ਲੈ ਜਾਵੇਗਾ। ਤੈਨੂੰ ਕਿਹਨੇ ਕਿਹਾ ਸੀ ਹੱਥ ਵੱਢ ਕੇ ਦੇਣ ਦਾ ?

ਧੁੰਨਾ : ਮਰਦਾ ਕੀ ਨਾ ਕਰਦਾ। ਕੁੜੀ ਦਾ ਵਿਆਹ ਤਾਂ ਕਰਨਾ ਈ ਪੈਣਾ ਸੀ, ਟਾਹਲੀਆਂ ਨਾ ਲਿਖਦਾ ਤਾਂ ਹੋਰ ਪੈਲੀ ਲਿਖ ਦੇਂਦਾ ਜਿਹੜੀ ਚਾਰ ਕਿਲੇ ਹੈਗੀ ਏ।

ਮਿੰਦਰੋ : ਤੇਰੀ ਟਾਹਲੀਆਂ ਜਾਣਗੀਆਂ ਭੰਗ ਦੇ ਭਾੜੇ। ਇੱਕ ਵਾਰ ਬੰਦਾ ਅੜਿੱਕੇ ਚੜ੍ਹ ਜਾਏ ਸੀ ਆੜ੍ਹਤੀਆਂ ਦੇ, ਫਿਰ ਵੇਖੀਂ ਕੀ ਭਾਅ ਵਿਕਦੀ ਏ ?

ਧੁੰਨਾ : ਸਧਰਾਂ ਨਾਲ ਪਾਲੀਆਂ ਟਾਹਲੀਆਂ ਦੇ ਪੂਰੇ ਤੀਹ ਹਜ਼ਾਰ ਖੱਟਾਂਗਾ।

ਮਿੰਦਰੋ : ਬਟੂਆ ਲੈ ਆ ਨਵਾਂ ਬਜ਼ਾਰੋਂ !

ਧੁੰਨਾ : ਬਟੂਆ ਸਾਡੀ ਕਿਸਮਤ ਵਿੱਚ ਕਿੱਥੇ ? ਕਰ ਲੈ ਹੁੱਜਤਾਂ, ਤੂੰ ਨਾ ਕਰੇਂਗੀ ਤਾਂ ਹੋਰ ਤੇਰੇ ਜੁਆਕ ਕਰਨਗੇ।

ਮਿੰਦਰੋ : ਜੁਆਕ ਤਾਂ ਤੇਰੀਆਂ ਸਿਫ਼ਤਾਂ ਦੇ ਪੁਲ ਬੰਨ੍ਹਣਗੇ, ਤਾਰ ਦਿੱਤਾ ਤੂੰ ਉਹਨਾਂ ਨੂੰ।

(ਧੁੰਨੇ ਦਾ ਪੁੱਤਰ ਚੰਨਾ ਆਉਂਦਾ ਹੈ, ਉਸ ਦੇ ਚਿਹਰੇ ਦਾ ਰੰਗ ਉੱਡਿਆ ਹੋਇਆ ਹੈ, ਚੁੱਪ ਕਰਕੇ ਮੰਜੇ 'ਤੇ ਬੈਠ ਜਾਂਦਾ ਹੈ)

ਧੁੰਨਾ : ਹੁਣ ਤਾਂ ਸਾਰੀਆਂ ਆਸਾਂ ਹੀ ਇਸ ਫ਼ਸਲ 'ਤੇ ਨੇ......

ਚੰਨਾ : ਕਾਹਦੀ ਫ਼ਸਲ (ਰੋ ਪੈਂਦਾ ਹੈ)

ਧੁੰਨਾ : (ਘਬਰਾਈ ਆਵਾਜ਼ ਵਿੱਚ) ਕੀ ਹੋਇਆ ਫ਼ਸਲ ਨੂੰ ?

ਚੰਨਾ : ਗੜਿਆਂ ਨੇ ਸਾਰੀ ਫ਼ਸਲ ਤਬਾਹ ਕਰਤੀ।

ਮਿੰਦਰੋ : ਹੁਣ ਕੀ ਕਰਾਂਗੇ ? ਕੀ ਖਾਵਾਂਗੇ ਤੇ ਸ਼ਾਹ ਦਾ ਕਰਜ਼ਾ ਕਿਵੇਂ....ਸ਼ਾਹ ਸਿੱਧਾ ਟਾਹਲੀਆਂ ਨੂੰ ਪਵੇਗਾ, ਅਜੇ



ਕਲ੍ਹ ਈ ਕਹਿੰਦਾ ਪਿਆ ਸੀ ਜੇ ਫ਼ਸਲ ਤੇ ਸਾਬ੍ਹ ਪੂਰਾ ਨਾ ਹੋਇਆ ਤਾਂ ਟਾਹਲੀਆਂ ਸਾਬ੍ਹ ਕਿਤਾਬ ਪੱਧਰਾ ਕਰਨਗੀਆਂ।

ਧੁੰਨਾ : ਸਾਲੇ ਨੂੰ ਦਿਨ ਰਾਤ ਮੇਰੀਆਂ ਟਾਹਲੀਆਂ ਦੇ ਹੀ ਸੁਫ਼ਨੇ ਆਉਂਦੇ ਨੇ।

(ਗਿਆਨ ਸਿੰਘ ਆਉਂਦਾ ਹੈ)

ਸ਼ਾਹ ਜੀ ?

ਗਿਆਨ ਸਿੰਘ : ਧੁੰਨਾ ਸਿੰਘ, ਮੇਰੇ ਬੰਦੇ ਗਏ ਨੇ ਟਾਹਲੀਆਂ ਵੱਢਣ।

ਧੁੰਨਾ : (ਡਾਹਢਾ ਦੁਖੀ ਹੋਇਆ) ਟਾਹਲੀਆਂ ?

ਗਿਆਨ ਸਿੰਘ : ਫ਼ਸਲ ਤਾਂ ਤੇਰੀ ਲੈ ਗਈ ਗੜੇ, ਹੁਣ ਤਾਂ ਹਿਸਾਬ ਕਿਤਾਬ ਟਾਹਲੀਆਂ ਹੀ ਪੱਧਰਾ ਕਰਨਗੀਆਂ।

ਚੰਨਾ : ਤਾਇਆ, ਤੈਨੂੰ ਟਾਹਲੀਆਂ ਦੀ ਪੈ ਗਈ ਏ, ਐਧਰ ਸਾਡੀ ਪਲੀ ਪਲਾਈ ਫ਼ਸਲ ਨਾਸ ਹੋ ਗਈ।

ਗਿਆਨ ਸਿੰਘ : ਕਾਕਾ, ਹਮਦਰਦੀ ਤਾਂ ਮੈਨੂੰ ਵੀ ਏ। ਪਰ ਸਾਬ੍ਹ ਕਿਤਾਬ ਵਿੱਚ ਗੱਲ ਕੋਰੀ ਚਲਦੀ ਏ।

ਧੁੰਨਾ : ਸ਼ਾਹ ਜੀ ਕਰ ਲਉ ਰਾਂਝਾ ਰਾਜ਼ੀ, ਸਾਡੀ ਨਾ ਸੋਚਿਓ ਕਰਮਾਂ ਮਾਰਿਆਂ ਦੀ। ਲੈ ਜਾਓ ਟਾਹਲੀਆਂ ਤੇ ਪੈ ਜਾਏ ਤੁਹਾਡੇ ਕਾਲਜੇ ਠੰਡ।

ਗਿਆਨ ਸਿੰਘ : ਤੇਰੀ ਗੱਲ ਠੀਕ ਏ . ਇੱਕ ਵਾਰ ਸਾਬ੍ਹ ਕਿਤਾਬ ਲਮਕ ਜਾਵੇ ਤਾਂ ਫਿਰ ਨਹੀਂ ਹੁੰਦਾ ਸੂਤ। ਚੰਗਾ, ਰੱਬ ਰਾਖਾ।

ਧੁੰਨਾ : ਹੂੰ ਰੱਬ ਰਾਖਾ ! ਕਿੱਡਾ ਸਾਲਾ ਰੱਬ ਦਾ ਭਗਤ ਸਮਝਦੈ। ਰੱਬ ਨੇ ਵੀ ਚੰਗੀ ਕੀਤੀ, ਸਾਰੀ ਫ਼ਸਲ ਦੇ ਆਹੂ ਲਾਹ ਕੇ ਰੱਖ ਦਿੱਤੇ ਤੇ ਰਹਿੰਦੀ ਕਸਰ ਕੱਢ ਤੀ ਇਸ ਸਾਲੇ ਆੜ੍ਹਤੀਏ ਨੇ।

ਚੰਨਾ : ਸ਼ਾਹ ਬੰਦਾ ਨਹੀਂ, ਇਹ ਚੋਰ ਏ ਚੋਰ..... (ਚੰਨਾ ਅੰਦਰ ਚਲਾ ਜਾਂਦਾ ਹੈ।)

ਮਿੰਦਰੋ : ਹੁਣ ਕੀ ਕਰਾਂਗੇ ?

ਧੁੰਨਾ : (ਗੰਡਾਸੀ ਫੜਦਾ ਹੋਇਆ) ਹੁਣ ਆਹ ਗੰਡਾਸੀ ਈ ਸਾਡਾ ਸਾਥ ਦੇਵੇਗੀ। ਸਾਰੀ ਉਮਰ ਮੈਨੂੰ ਜਿਹੜੇ ਲੋਕ ਲੁੱਟਦੇ ਰਹੇ ਮੈਂ ਉਹਨਾਂ ਦਿਨ ਦੇ ਚੋਰਾਂ ਤੋਂ ਗਿਣ ਗਿਣ ਕੇ ਬਦਲੇ ਲਵਾਂਗਾ ਤੇ ਉਹਨਾਂ ਦੀ ਰਾਤ ਦੀ ਨੀਂਦ ਹਰਾਮ

ਕਰ ਦਿਆਂਗਾ।

(ਮਿੰਦਰੋ ਇਸ ਤਰ੍ਹਾਂ ਖੜ੍ਹੀ ਹੈ ਜਿਵੇਂ ਪੱਥਰ ਬਣ ਗਈ ਹੋਵੇ, ਧੂੰਨਾ ਸਿਰ 'ਤੇ ਪਰਨਾ ਬੰਨ੍ਹ ਕੇ ਇੱਕ ਕੱਪੜੇ ਨਾਲ ਚਿਹਰੇ ਦਾ ਜ਼ਿਆਦਾ ਹਿੱਸਾ ਢੱਕ ਲੈਂਦਾ ਹੈ। ਗੰਡਾਸੀ ਹੱਥ ਵਿੱਚ ਫੜ ਕੇ ਚੋਰਾਂ ਦੀ ਤਰ੍ਹਾਂ ਵਿਖਾਈ ਦਿੰਦਾ ਹੈ।)

ਓ ਚੋਰੋ! ਆ ਰਿਹੈ ਤੁਹਾਡਾ ਬਾਪ, ਸਾਬ੍ਹ ਕਿਤਾਬ ਹੁਣ ਹੋਏਗਾ ਪੱਧਰਾ।

(ਪਿੱਛੋਂ ਆਵਾਜ਼ ਆਉਂਦੀ ਹੈ)

ਚੋਰਾਂ ਦੀ ਦੁਨੀਆਂ ਅੰਦਰ
ਅੱਜ ਹੋਰ ਇੱਕ ਬਣਿਆ ਚੋਰ।
ਭੁੱਖ ਨੇ ਖ਼ੂਬ ਸਤਾਇਆ
ਹੁਣ ਚੋਰਾਂ ਨੂੰ ਪੈਣਗੇ ਮੋਰ।
ਚੋਰਾਂ ਦੀ ਦੁਨੀਆਂ.....

(ਹਨੇਰਾ ਹੋ ਜਾਂਦਾ ਹੈ)

## ਜ਼ਖ਼ਮੀ ਖੰਭਾਂ ਦੀ ਪਰਵਾਜ਼

ਸਾਹਿਬ ਸਿੰਘ

### ਪਾਤਰ

| | | |
|---|---|---|
| ਰਣਜੀਤ ਸਿੰਘ | : | ਇਕ ਗਰੀਬ ਦਲਿਤ ਇਨਸਾਨ, ਉਮਰ 45 ਸਾਲ |
| ਮਹਿੰਦਰ ਕੌਰ | : | ਰਣਜੀਤ ਸਿੰਘ ਦੀ ਪਤਨੀ, ਉਮਰ 40 ਸਾਲ |
| ਰਾਣੋ | : | ਰਣਜੀਤ ਸਿੰਘ ਦੀ ਪੁੱਤਰੀ, ਉਮਰ 20 ਸਾਲ |
| ਅਮਰਜੀਤ ਸਿੰਘ | : | ਰਣਜੀਤ ਸਿੰਘ ਦਾ ਦੋਸਤ, ਇਕ ਅਧਿਆਪਕ |
| ਮੱਘਰ ਸਿੰਘ | : | ਪਿੰਡ ਦਾ ਜਗੀਰਦਾਰ, ਉਮਰ 40 ਸਾਲ |
| ਭਗਤ ਸਿੰਘ | | |
| ਭਗਤ ਸਿੰਘ ਦੀ ਮਾਂ | | |
| ਰਣਜੀਤ ਸਿੰਘ ਦਾ ਬਾਪੂ | | |

ਨਾਟਕ ਸ਼ੁਰੂ ਹੁੰਦਾ ਹੈ ਤਾਂ ਚਾਰ ਬੰਦੇ ਚੋਗੇ ਪਾਈ ਇਕ ਗੋਲ ਚੱਕਰ ਵਿੱਚ ਖੜ੍ਹੇ ਨਜ਼ਰ ਆ ਰਹੇ ਹਨ। ਡਰਾਉਣੀਆਂ ਆਵਾਜ਼ਾਂ ਕੱਢਦੇ ਉਹ ਘੁੰਮਣ ਲੱਗਦੇ ਹਨ, ਫਿਰ ਪਿੱਛੇ ਹੱਟਕੇ ਘੁੰਮਦੇ ਹਨ ਤਾਂ ਪਤਾ ਲੱਗਦਾ ਹੈ ਕਿ ਉਹ ਇਕ ਮੰਜੇ ਦੁਆਲੇ, ਘੁੰਮ ਰਹੇ ਹਨ। ਅਚਾਨਕ ਚਾਰੇ ਜਣੇ ਮੰਜੇ ਨੂੰ ਉੱਪਰ ਚੁੱਕ ਲੈਂਦੇ ਹਨ ਅਤੇ ਤੇਜ਼ੀ ਨਾਲ ਮੰਜਾ ਘੁਮਾਉਣ ਲੱਗਦੇ ਹਨ। ਮੰਜੇ ਉੱਤੇ ਪਿਆ ਰਣਜੀਤ ਸਿੰਘ ਚੀਕਾਂ ਮਾਰਦਾ ਹੋਇਆ ਉੱਠ ਬੈਠਦਾ ਹੈ ਪਰ ਉਹ ਘੁੰਮੀ ਜਾ ਰਹੇ ਹਨ। ਫਿਰ ਮੰਜਾ ਥੱਲੇ ਸੁੱਟਕੇ ਇਕ ਪਾਸੇ ਦੌੜ ਜਾਂਦੇ ਹਨ। ਰਣਜੀਤ ਹਫਿਆ ਹੋਇਆ ਹੈ। ਮੰਜੇ ਤੋਂ ਥੱਲੇ ਛਾਲ ਮਾਰ ਦਿੰਦਾ ਹੈ ਅਤੇ ਡਰਿਆ ਸਹਿਮਿਆ ਇਕ ਪਾਸੇ ਨੂੰ ਦੇਖੀ ਜਾ ਰਿਹਾ ਹੈ। ਇਸੇ ਵੇਲੇ ਉਸਦੀ ਪਤਨੀ ਮਹਿੰਦਰ ਕੌਰ ਅੰਦਰੋਂ ਆਂਦੀ ਹੈ।

ਮਹਿੰਦਰ ਕੌਰ : ਆਹ ਕੀ ਕਰੀ ਜਾਨਾਂ ਐਂ ਜਾਨਵਰਾਂ ਆਂਗੂ।

ਰਣਜੀਤ ਸਿੰਘ : ਮੇਰੇ ਨੇੜੇ ਨਾ ਆਈਂ, ਮੈਂ ਕਿਰਪਾਨ ਨਾਲ ਵੱਡ ਦਊਂਗਾ।

ਮਹਿੰਦਰ ਕੌਰ : ਹੈਂਅ! ਕਿਹਨੂੰ ਵੱਢ ਦਏਂਗਾ।

ਰਣਜੀਤ ਸਿੰਘ : ਸਾਰਿਆਂ ਨੂੰ, ਜਿਹੜੇ ਮੈਨੂੰ ਡਰਾਉਂਦੇ ਐ। ਚਾਣਚੱਕ ਆ ਕੇ ਮੇਰਾ ਮੰਜਾ ਉੱਪਰ ਚੁੱਕ ਲੈਂਦੇ ਐ, ਫੇਰ ਮੇਰੀਆਂ ਅੱਖਾਂ ਅੱਗੇ ਤਾਰੇ ਨੱਚਣ ਲੱਗ ਪੈਂਦੇ ਆ ਮੈਂ ਵੱਢ ਦਿਆਗਾਂ ਉਨ੍ਹਾਂ ਨੂੰ.....

ਮਹਿੰਦਰ ਕੌਰ : ਕਿੰਨੀ ਵਾਰ ਸਮਝਾਇਆ ਤੈਨੂੰ, ਵਿੱਤੋਂ ਵੱਧ ਨਸ਼ਾ ਨਾ ਕਰਿਆ ਕਰ। ਫਿਰ ਲੋਰ 'ਚ ਆਇਆ ਪਤਾ ਨਹੀਂ ਕੀ ਸੁਪਨੇ ਦੇਖਦਾ ਰਹਿੰਦਾਂ ਐਂ।

ਰਣਜੀਤ ਸਿੰਘ : ਮੈਂ ਸੁਪਨੇ ਨੀ ਦੇਖਦਾ, ਸੱਚ ਬੋਲਦਾਂ

ਮਹਿੰਦਰ ਕੌਰ : ਮੈਂ ਜਾਣਦੀ ਆਂ ਤੂੰ ਸੁਪਨੇ ਨਹੀਂ ਦੇਖਦਾ। ਸੁਪਨੇ ਦੇਖਣ ਵਾਲੇ ਤੇਰੀ ਤਰ੍ਹਾਂ ਨਸ਼ੇ ਨਾਲ ਡੱਕੇ ਹੋਏ, ਮਰੇ ਜਾਨਵਰ ਵਾਂਗੂ ਮੰਜੇ ਨਾਲ ਨੀ ਚੰਬੜੇ ਰਹਿੰਦੇ, ਬਾਹਰ ਨਿੱਕਲ ਕੇ ਕੁਸ਼ ਕਰਦੇ ਐ। ਜੇ ਤੂੰ ਸੁਪਨੇ ਦੇਖਦਾ ਹੁੰਦਾ ਤਾਂ ਕੋਠੇ ਜਿੱਡੀ ਧੀ ਘਰੇ ਹੁੰਦਿਆਂ ਐ ਡੁੰਨ ਵੱਟਾ ਨਾ ਬਣਿਆ ਰਹਿੰਦਾ, ਉਹਦੇ ਸੁਪਨਿਆਂ 'ਚ ਰੰਗ ਭਰਨ ਲਈ ਕੁਝ ਹੱਥ ਪੱਲਾ ਮਾਰਦਾ।

ਰਣਜੀਤ ਸਿੰਘ : ਕੀ ਹੋਇਆ ਰਾਣੋ ਨੂੰ, ਮੇਰੀ ਐਡੀ ਲੈਕ ਧੀ ਐ, ਪੜ੍ਹਦੀ ਐ, ਸਿਆਣੀਆਂ ਗੱਲਾਂ ਕਰਦੀ ਐ।

ਮਹਿੰਦਰ ਕੌਰ : ਤੇਰੇ ਤੇ ਕੀ ਅਸਰ ਸਿਆਣੀਆਂ ਗੱਲਾਂ ਦਾ, ਅੱਜ ਉਹਨੇ ਫੀਸ ਲੈ ਕੇ ਜਾਣੀ ਐ, ਘਰ 'ਚ ਕਾਣੀ ਕੌਡੀ ਨੀ, ਤੈਨੂੰ ਹੈ ਕੋਈ ਫ਼ਿਕਰ।

ਰਣਜੀਤ ਸਿੰਘ : ਪਹਿਲੀ ਦੀ ਪਹਿਲੀ ਜਿਹੜੀ ਤਨਖਾਹ ਲਿਆਉਂਦੀ ਐਂ, ਉਹ ਸਾਰੀ ਮੁੱਕ ਗਈ।

ਮਹਿੰਦਰ ਕੌਰ : ਸ਼ਰਮ ਤਾਂ ਨੀ ਆਂਦੀ ਹੋਣੀ ਤਨਖਾਹ ਦੱਸਦਿਆਂ, ਲੋਕਾਂ ਦੇ ਘਰੇ ਗੋਹਾ ਕੂੜਾ ਕਰਕੇ ਚਾਰ ਪੈਸੇ ਕੱਠੇ ਕਰਦੀਆਂ, ਤੂੰ ਉਹਨੂੰ ਤਨਖਾਹ ਦਸਦੈਂ.... ਲੋਕਾਂ ਦੇ ਕੱਪੜੇ ਸਿਉਂ ਕੇ ਘਰ ਦਾ ਗੁਜ਼ਾਰਾ ਚਲਾਉਨੀ ਆਂ ਤੈਨੂੰ ਤਨਖਾਹ ਦੀਂਹਦੀ ਐ।

ਰਣਜੀਤ ਸਿੰਘ : ਸਿਰ ਨਾ ਖਾਹ, ਮੈਂ ਅੱਗੇ ਸਤਿਆ ਬੈਠਾਂ।

ਮਹਿੰਦਰ ਕੌਰ : ਤੂੰ ਵੀ ਮੇਰਾ ਟੈਮ ਖੋਟਾ ਨਾ ਕਰ, ਮੈਂ ਭੱਜਕੇ ਜਾ ਕੇ



ਪ੍ਰਸਿੰਨੀ ਤੋਂ ਪੈਸੇ ਮੰਗ ਲਿਆਵਾਂ, ਕੁੜੀ ਕਾਲਜੋਂ ਲੇਟ ਹੁੰਦੀ ਐ। (ਬਾਹਰ ਜਾਂਦੀ ਹੈ)

ਰਣਜੀਤ ਸਿੰਘ : ਰਾਣੋ ਪੁੱਤ ਪਾਣੀ ਤਾਂ ਦੇਈਂ ਥੋੜਾ ਜਿਹਾ।

ਰਾਣੋ : (ਅੰਦਰੋਂ) ਲਿਆਨੀ ਆਂ ਡੈਡੀ ਜੀ।

ਰਣਜੀਤ ਸਿੰਘ : ਕੁੜੀ ਤਾਂ ਐਨੀ ਹਲੀਮੀ ਨਾਲ ਬੋਲਦੀ ਐ, ਮਹਿੰਦਰ ਕੌਰ ਪਤਾ ਨੀ ਕਿਉਂ ਚੱਤੇ ਪਹਿਰ ਅੱਗ ਮਘਾਈ ਰੱਖਦੀ ਐ....ਮੈਨੂੰ ਫੀਸ ਦੱਸਦੀ ਐ, ਮੈਂ ਕਿੱਥੋਂ ਲਿਆਵਾਂ ਫੀਸ....

ਪਿੱਛੋਂ ਆਵਾਜ਼ : ਪੈਸੇ ਦਰਖ਼ਤਾਂ ਨੂੰ ਨੀ ਲੱਗਦੇ, ਮਾਸਟਰ ਨੂੰ ਕਹੀਂ ਕੱਲ ਪਰਸੋਂ ਲਿਆ ਦਊਂਗਾ।

ਰਣਜੀਤ ਸਿੰਘ : (ਅਚਾਨਕ ਸੁਪਨਮਈ ਹਾਲਤ ਵਿਚ ਬਚਪਨ ਦਾ ਦ੍ਰਿਸ਼ ਯਾਦ ਕਰਦਿਆਂ) ਪਰ ਬਾਪੂ ਮਾਸਟਰ ਜੀ ਬਹੁਤ ਗੁੱਸੇ ਹੁੰਦੇ ਸੀ, ਕਹਿੰਦੇ ਸੀ ਜੇ ਫੀਸ ਨਾ ਲਿਆਇਆ ਤਾਂ ਕੱਲ੍ਹ ਜਮਾਤ 'ਚ ਨਾ ਵੜੀਂ।

ਬਾਪੂ : (ਪਿਛਲੇ ਪਾਸੇ ਦਿਖਾਈ ਦਿੰਦਾ ਹੈ) ਤੂੰ ਮਾਸਟਰ ਨੂੰ ਸਮਝਾ ਦੇਈਂ ਰਣਜੀਤ ਕਿ ਮੇਰਾ ਬਾਪੂ ਕਹਿੰਦਾ ਸੀ ਹਾਲੇ ਪੈਸੇ ਹੈ ਨੀ।

ਰਣਜੀਤ ਸਿੰਘ : ਉਹ ਨਹੀਂ ਸਮਝਦੇ ਬਾਪੂ, ਮੈਨੂੰ ਗਾਲਾਂ ਕੱਢਦੇ ਐ, ਬਾਕੀ ਨਿਆਣਿਆਂ ਸਾਹਾਮਣੇ ਮੇਰੀ ਹੇਠੀ ਹੁੰਦੀ ਐ ਜਦ ਕਹਿੰਦੇ ਐ.... ਇਹਨਾਂ ਵਿਹੜੇ ਵਾਲਿਆਂ ਸਾਲਿਆਂ ਨੇ ਪੜ੍ਹਕੇ ਪਤਾ ਨਹੀਂ ਕਿਹੜਾ ਡੀ.ਸੀ. ਲੱਗਣਾ, ਬਿਨਾਂ ਫੀਸ ਤੋਂ ਬੂਥੀ ਚੁੱਕ ਕੇ ਤੁਰ ਪੈਂਦੇ ਆ ਸਕੂਲ ਨੂੰ।

ਬਾਪੂ : ਮੈਂ ਫੀਸ ਲੈ ਕੇ ਖੁਦ ਆਵਾਂਗਾ ਤੇਰੇ ਮਾਸਟਰ ਕੋਲ, ਧੌਣੋਂ ਫੜ੍ਹਕੇ ਪੁੱਛਾਂਗਾ ਉਹਨੂੰ ਕਿ ਇਹਦੇ ਵਿੱਚ ਸਾਡਾ ਕੀ ਕਸੂਰ ਐ.... ਅਸੀਂ ਤਾਂ ਜਿਵੇਂ ਕਿਵੇਂ ਹਨੇਰੇ ਵਿਹੜਿਆਂ 'ਚ ਜ਼ਿੰਦਗੀ ਲੰਘਾਤੀ... ਹੁਣ ਗਾਂਹਾ ਨਿਆਣਿਆ ਨੂੰ ਤਾਂ ਬਾਹਰਲੀ ਧੁੱਪ ਦੇਖਣ ਦਿਓ .... ਮੈਂ ਸਮਝਾਵਾਂਗਾ ਤੇਰੇ ਮਾਸਟਰ ਨੂੰ ਪੁੱਤ ਕਿ ਕਿਵੇਂ ਆਪਣੇ ਹੱਡਾਂ ਦਾ ਬਾਲਣ ਬਾਲ ਕੇ ਅਸੀਂ ਚੁੱਲ੍ਹੇ ਦੀ ਅੱਗ ਠੰਡੀ ਹੋਣੋ ਰੋਕਦੇ ਆਂ, ਸਾਡੇ ਨਿਆਣਿਆਂ ਨੂੰ ਚਾਰ ਅੱਖਰ ਸਿੱਖਣੋ ਤਾਂ ਨਾ ਰੋਕੋ।

ਰਣਜੀਤ ਸਿੰਘ : ਬਾਪੂ ਤੂੰ ਮਾਸਟਰ ਨਾਲ ਅਰਾਮ ਨਾਲ ਗੱਲ ਕਰੀਂ... ਨਹੀਂ ਤਾਂ ਉਹ ਗੁੱਸੇ ਹੋਊਗਾ.... ਮੈਂ ਪੜ੍ਹਨਾ ਚਾਹੁੰਨਾਂ ਬਾਪੂ.... ਮੈਨੂੰ ਪੜ੍ਹਾਈ ਬਹੁਤ ਚੰਗੀ ਲੱਗਦੀ ਐ...ਮੈਂ ਸੱਚੀਂ ਮੁੱਚੀਂ ਦਾ ਡੀ.ਸੀ. ਬਣਨਾ ਚਾਹੁੰਨਾ ਬਾਪੂ.... ਮੈਂ ਸਬਕ ਵੀ ਸਾਰਿਆਂ ਤੋਂ ਛੇਤੀ ਯਾਦ ਕਰ ਲੈਨਾਂ....ਮੇਰੀ ਲਿਖਾਈ ਵੀ ਬਹੁਤ ਖੁਸ਼ੱਕਤ ਐ.... ਬਸ ਤੂੰ ਫੀਸ ਦੇ ਦੇਈਂ ਬਾਪੂ....

(ਬਾਪੂ ਅਲੋਪ ਹੋ ਚੁੱਕਾ ਹੈ ਪਰ ਰਣਜੀਤ ਬੋਲੀ ਜਾ ਰਿਹਾ ਹੈ, ਰਾਣੋ ਪਾਣੀ ਦਾ ਗਲਾਸ ਫੜੀ ਖੜੀ ਹੈ)

ਰਾਣੋ : ਡੈਡੀ ਕਿਹਦੇ ਨਾਲ ਗੱਲਾਂ ਕਰੀ ਜਾਨੇਓ, ਤੁਸੀਂ ਕੱਲੇ ਖੜ੍ਹੇ ਓ।

ਰਣਜੀਤ ਸਿੰਘ : (ਵਾਪਸ ਸੁਰਤ ਵਿਚ ਆਂਦਿਆਂ) ਹਾਂ ਧੀਏ ਤੇਰਾ ਡੈਡੀ ਕੱਲਾ ਰਹਿ ਗਿਐ।

ਰਾਣੋ : ਨਹੀਂ ਡੈਡੀ, ਇਹ ਤੁਹਾਡਾ ਵਹਿਮ ਐ, ਅਸੀਂ ਹਾਂ ਨਾ ਤੁਹਾਡੇ ਨਾਲ... ਤੁਸੀਂ ਕਿਉਂ ਹੌਂਸਲਾ ਹਾਰੀ ਬੈਠੇ ਓ....

ਰਣਜੀਤ ਸਿੰਘ : ਲਿਆ ਪਾਣੀ ਦੇ .. ਤੂੰ ਨਹੀਂ ਸਮਝੇਂਗੀ ਮੇਰੇ ਨਾਲ ਕੀ ਭਾਣਾ ਵਰਤਿਆ।

ਰਾਣੋ : ਜੇ ਦੱਸੋਗੇ ਨਹੀਂ ਤਾਂ ਪਤਾ ਕਿਵੇਂ ਲੱਗੂ

ਰਣਜੀਤ ਸਿੰਘ : ਤੂੰ ਵੀ ਗੁੱਸੇ ਹੋ ਗਈ ਆਪਣੀ ਮਾਂ ਵਾਂਗੂ।

ਰਾਣੋ : ਗੁੱਸੇ ਦੀ ਗੱਲ ਨਹੀਂ ਡੈਡੀ, ਹਿਰਖ ਤਾਂ ਆਂਦਾ ਐ ਤੁਹਾਡੇ ਵੱਲ ਦੇਖਕੇ।

ਰਣਜੀਤ ਸਿੰਘ : ਆਪਣਾ-2 ਹਿਰਖ ਕੱਢ ਲਉ ਸਾਰੇ, ਸਾਰੇ ਕਰ ਲਉ ਆਪਣਾ ਗੁੱਸਾ ਠੰਡਾ.... ਮੈਂ ਜਿਸ ਅੱਗ ਦੀ ਭੱਠੀ 'ਚ ਮੱਚਦਾਂ, ਉਹਦੀ ਸਾਰ ਕੌਣ ਲਊਗਾ....

(ਜੇਬ 'ਚੋਂ ਗੋਲੀਆਂ ਕੱਢ ਕੇ ਖਾਂਦਾ ਹੈ, ਮਹਿੰਦਰ ਕੌਰ ਆਉਂਦੀ ਹੈ)

ਮਹਿੰਦਰ ਕੌਰ : ਐਥੇ ਪੈਸਿਆਂ ਖੁਣੋਂ ਮਾਰੇ-ਮਾਰੇ ਫਿਰਦੇ ਆਂ, ਇਹਨੂੰ ਗੋਲੀਆਂ ਖਾਣੀਆਂ ਨੀ ਭੁੱਲਦੀਆਂ।

ਰਣਜੀਤ ਸਿੰਘ : ਮੈਂ ਅੱਗ ਲਾਕੇ ਫੂਕ ਦਊ ਸਾਰਿਆਂ ਨੂੰ

ਰਾਣੋ : ਡੈਡੀ ਜੀ ਅਰਾਮ ਨਾਲ ਬੈਠੋ, ਮੰਮੀ ਤੁਸੀਂ ਕਿਉਂ ਲੜਦੇ ਓ।



ਮਹਿੰਦਰ ਕੌਰ : ਲੜਨ ਜੋਗੀ ਤਾਂ ਰਹੀ ਨਹੀ ਮੈਂ ਧੀਏ, ਚਾਰ ਘਰ ਘੁੰਮ ਆਈਆਂ, ਫੀਸ ਜੋਗੇ ਪੈਸੇ ਨੀ ਮਿਲੇ।

ਰਾਣੋ : ਕੋਈ ਨਾਂ ਮੰਮੀ ਜੀ, ਮੈਂ ਚੱਲਦੀ ਆਂ, ਦੋ ਦਿਨ ਠਹਿਰ ਕੇ ਲੈ ਜਾਊਂਗੀ।

(ਕਿਤਾਬਾਂ ਚੁੱਕ ਕੇ ਕਾਲਜ ਲਈ ਜਾਂਦੀ ਹੈ)

ਮਹਿੰਦਰ ਕੌਰ : ਐਂ ਕੱਦ ਤੱਕ ਚੱਲੂਗਾ।

ਰਣਜੀਤ ਸਿੰਘ : ਤੂੰ ਘਬਰਾ ਨਾ, ਮੈਂ ਆਉਂਨਾ .... ਕਰਦਾ ਕੋਈ ਅਹੁਰ ਪਹੁਰ.... ਮੈਂ ਆਉਨਾਂ

(ਖੰਘਦਾ-2 ਬਾਹਰ ਜਾਂਦਾ ਹੈ।)

ਮਹਿੰਦਰ ਕੌਰ : ਹੁਣ ਪਤਾ ਨੀ ਕਿੱਥੇ ਤੁਰ ਗਿਆ, ਇਹਨੂੰ ਰੋਕ ਵੀ ਤਾਂ ਨੀ ਸਕਦੀ, ਫੇਰ ਮਾਰਨ ਨੂੰ ਆਉਂਦਾ ਐ.... ਕਿੱਥੋਂ ਕਰ ਲਵੇਂਗਾ ਤੂੰ ਅਹੁਰ-ਪਹੁਰ ....

(ਬਾਹਰੋਂ ਮੱਘਰ ਸਿੰਘ ਖੰਘੂਰਾ ਮਾਰਦਾ ਹੈ ਤੇ ਅੰਦਰ ਆਉਂਦਾ ਹੈ)

ਮੱਘਰ ਸਿੰਘ : ਓ ਬਾਈ ਰਣਜੀਤ ਸਿਆਂ..(ਰੁਕ ਕੇ) ਮਹਿੰਦਰ ਕੁਰ ਕਿਵੇਂ ਖੜ੍ਹੀ ਐਂ ਚੌਂਕ 'ਚ ਗੱਡੇ ਬੁੱਤ ਵਾਂਗੂ.... ਸਾਸਰੀਕਾਲ ਮਹਿੰਦਰ ਕੁਰੇ।

ਮਹਿੰਦਰ ਕੌਰ : ਸਾਸਰੀਕਾਲ ਸਰਦਾਰ ਜੀ।

ਮੱਘਰ ਸਿੰਘ : ਆਪਣਾ ਬਾਈ ਨੀ ਦੀਂਹਦਾ, ਕਿਤੇ ਲਾਣੇਦਾਰਨੀ ਨੇ ਕੁੱਟਕੇ ਅੰਦਰ ਤਾਂ ਨੀ ਬੰਦ ਕਰਤਾ।

ਮਹਿੰਦਰ ਕੌਰ : ਹੁਣੇ ਗਿਆ ਬਾਹਰ, ਤੁਸੀਂ ਬੈਠੋ ਮੈਂ ਪਾਣੀ ਲਿਆਂਨੀ ਆ।

ਮੱਘਰ ਸਿੰਘ : ਓ ਤੂੰ ਪਾਣੀ ਨੂੰ ਮਾਰ ਗੋਲੀ, ਹੁਕਮ ਕਰ ਐਸ ਛੇ ਫੁੱਟ ਦੇ ਕਲਬੂਤ ਨੂੰ ਕਿ ਤੇਰੇ ਕਿਸ ਕੰਮ ਆ ਸਕਦਾ।

ਮਹਿੰਦਰ ਕੌਰ : ਮੈਂ ਪਾਣੀ ਲਿਆਨੀ ਆਂ।

ਮੱਘਰ ਸਿੰਘ : ਦੇਖ ਮਹਿੰਦਰ ਕੁਰੇ, ਮੇਰੇ ਖੇਤਾਂ 'ਚ ਪੰਜਾਹ ਸੱਠ ਬੰਦੇ ਤੀਂਵੀਆਂ ਰੋਜ਼ ਮਿੱਟੀ ਨਾਲ ਮਿੱਟੀ ਹੋਏ ਰਹਿੰਦੇ ਐ.... ਮੈਂ ਹਰੇਕ ਦੀ ਚਾਲ ਦੇਖਕੇ ਸਮਝ ਜਾਨਾਂ ਕਿ ਕਿਹਨੂੰ ਕੀ ਬਮਾਰੀ ਐ. ਤੂੰ ਵੀ ਅੱਜ ਕਿਸੇ ਔਖ 'ਚ ਐਂ।

ਮਹਿੰਦਰ ਕੌਰ : ਔਖ ਐਥੇ ਹੱਲ ਕਦੋਂ ਹੋਈ ਐ ਸਰਦਾਰ ਜੀ, ਰਾਣੋ ਵਿਚਾਰੀ ਫੀਸ ਖੁਣੋਂ ਖਾਲੀ ਗਈ ਐ ਕਾਲਜ ਨੂੰ, ਤਾਂ ਦੁਖੀ ਸੀ।

ਮੱਘਰ ਸਿੰਘ : ਕੀਤੀ ਨਾ ਫਿਰ ਓਪਰਿਆਂ ਆਲੀ ਗੱਲ। ਐਸ ਮੱਘਰ ਸਿਉਂ ਦਾ ਫੇਰ ਅਚਾਰ ਪਾਣਾ ਜੇ ਅੜੇ ਥੁੜੇ ਤੋਂ ਕੰਮ ਨਾ ਆਇਆ (ਜੇਬ 'ਚੋਂ ਪੈਸੇ ਕੱਢਦਾ ਹੈ) ਆਹ ਫੜ, ਤੇਰੀ ਤੇ ਰਾਣੋ ਦੀ ਜ਼ਿੰਮੇਵਾਰੀ ਸਮਝ ਲੈ ਕਿ ਰਣਜੀਤ ਸਿਉਂ ਦੀ ਨਹੀਂ, ਮੇਰੀ ਐ। ਆਹ ਫੜ੍ਹ।

ਮਹਿੰਦਰ ਕੌਰ : ਉਹ ਆਂਦੇ ਹੋਣਗੇ, ਉਹਨਾਂ ਨੂੰ ਦੇ ਦਿਓ।

ਮੱਘਰ ਸਿੰਘ : ਤੂੰ ਤਾਂ ਕਮਲੀਆਂ ਗੱਲਾਂ ਕਰਦੀ ਐ, ਉਹਨੂੰ ਸ਼ਦਾਈ ਨੂੰ ਕੀ ਪਤਾ ਘਰ ਕਿਵੇਂ ਚੱਲਦੈ.... ਸਿਆਣੀ ਬਣ ਤੇ ਪੈਸੇ ਫੜਲੈ। (ਮਹਿੰਦਰ ਕੌਰ ਪੈਸੇ ਫੜ੍ਹਨ ਲੱਗਦੀ ਹੈ ਤਾਂ ਮੱਘਰ ਸਿੰਘ ਓਹਦਾ ਹੱਥ ਫੜ੍ਹ ਲੈਂਦਾ ਹੈ।)

ਮਹਿੰਦਰ ਕੌਰ : ਹੱਥ ਛੱਡ ਦਿਉ ਸਰਦਾਰ ਜੀ।

ਮੱਘਰ ਸਿੰਘ : ਤੈਨੂੰ ਪੈਸਿਆਂ ਦੀ ਲੋੜ ਐ ਮਹਿੰਦਰ ਕੁਰੇ।

ਮਹਿੰਦਰ ਕੌਰ : ਪਰ ਗਰੀਬ ਦੀ ਵੀ ਕੋਈ ਇੱਜ਼ਤ ਹੁੰਦੀ ਐ ਸਰਦਾਰ ਜੀ।

ਮੱਘਰ ਸਿੰਘ : ਰਾਣੋ ਦੀ ਪੜ੍ਹਾਈ ਦਾ ਫਿਕਰ ਕਰ ਮਹਿੰਦਰ ਕੁਰੇ।

ਮਹਿੰਦਰ ਕੌਰ : ਮੈਂ ਰਾਣੋ ਦੇ ਡੈਡੀ ਨਾਲ ਧੋਖਾ ਨਹੀਂ ਕਰ ਸਕਦੀ।

ਮੱਘਰ ਸਿੰਘ : ਉਹ ਤੇਰੇ ਨਾਲ ਧੋਖਾ ਕਰ ਰਿਹੈ ਮਹਿੰਦਰ ਕੁਰੇ।

ਮਹਿੰਦਰ ਕੌਰ : ਮੇਰੇ ਬਾਪੂ ਨੇ ਮੈਨੂੰ ਉਹਦੇ ਲੜ੍ਹ ਲਾਇਆ ਸੀ।

ਮੱਘਰ ਸਿੰਘ : ਰਣਜੀਤ ਸੂੰਹ ਹੁਣ ਨਸ਼ਿਆਂ ਦੇ ਲੜ ਲੱਗ ਚੁੱਕਾ ਐ ਮਹਿੰਦਰ ਕੁਰੇ।

(ਝਟਕੇ ਨਾਲ ਹੱਥ ਛੁਡਾਂਦੀ ਹੈ ਪਰ ਉਹਦੇ ਸਿਰ ਦੀ ਚੁੰਨੀ ਦਾ ਲੜ ਮੱਘਰ ਦੇ ਹੱਥ ਆ ਜਾਂਦਾ ਹੈ)

ਮੱਘਰ ਸਿੰਘ : ਮਹਿੰਦਰ ਕੁਰੇ ਪੈਸੇ ਫੜ।

ਮਹਿੰਦਰ ਕੌਰ : ਮੇਰੀ ਚੁੰਨੀ ਮੈਨੂੰ ਦੇ ਦੇਉ ਸਰਦਾਰ ਜੀ।

ਮੱਘਰ ਸਿੰਘ : ਤੈਨੂੰ ਚੁੰਨੀ ਦੀ ਨਹੀਂ ਪੈਸਿਆਂ ਦੀ ਲੋੜ ਐ ਮਹਿੰਦਰ ਕੁਰੇ... ਐਵੇ ਆਪਣੀ ਫੋਕੀ ਇੱਜ਼ਤ ਪਿੱਛੇ ਲੱਗ ਕੇ ਆਪਣਾ ਘਰ ਬਰਬਾਦ ਨਾ ਕਰ.... ਨਾਲੇ ਰਣਜੀਤ ਸੂੰਹ ਤਾਂ ਹੱਡੀਆਂ ਦੀ ਮੁੱਠ ਬਣਕੇ ਰਹਿ ਗਿਐ... ਤੂੰ ਆਪਣੇ ਵੱਲ ਤਾਂ ਵੇਖ, ਕਿਉਂ ਸਿਖਰ ਦੁਪਹਿਰ ਨੂੰ ਰਾਤ ਸਮਝਕੇ ਮਨ ਦੇ ਬੂਹੇ ਤੇ ਜਿੰਦੇ ਕੁੰਡੇ ਮਾਰ ਰਹੀ ਐ.... ਤੈਨੂੰ ਤਾਂ ਮੇਰੀ ਅਹਿਸਾਨਮੰਦ ਹੋਣਾ ਚਾਹੀਦੈ ਕਿ ਮੈਂ



ਤੇਰੀ ਸੁੱਤੀ ਅਲਖ ਜਗਾਉਣ ਲਈ ਆਪਣੇ ਆਪਨੂੰ ਅੱਗ ਦੀਆਂ ਲਪਟਾਂ ਹਵਾਲੇ ਕਰ ਰਿਹੈਂ। ਨਹੀਂ ਤਾਂ ਮੇਰੇ ਖੇਤਾਂ ਦਿਆਂ ਬੰਨਿਆਂ ਤੇ ਹਰ ਵੇਲੇ ਝਾਂਜਰਾਂ ਛਣਕਦੀਆਂ ਮਹਿੰਦਰ ਕੁਰੇ... ਪੈਸੇ ਫੜ੍ਹ ਤੇ ਮਨ ਦੇ ਜਿੰਦਰੇ ਖੋਲ੍ਹ ਦੇ।

ਮਹਿੰਦਰ ਕੌਰ : ਮੈਨੂੰ ਘੁਮੇਰ ਚੜ੍ਹ ਰਹੀ ਐ ਸਰਦਾਰ ਜੀ, ਰੱਬ ਦਾ ਵਾਸਤਾ ਐ, ਇਥੋਂ ਚਲੇ ਜਾਉ। (ਚੀਕਦੀ ਹੈ।)

ਮੱਘਰ ਸਿੰਘ : ਠੀਕ ਐ ਮਹਿੰਦਰ ਕੁਰੇ, ਆਹ ਪਏ ਨੇ ਪੈਸੇ ਤੇ ਆਹ ਪਈ ਐ ਚੁੰਨੀ... ਫੈਸਲਾ ਕਰਨ ਲੱਗਿਆਂ ਸਿਆਣਪ ਤੋਂ ਕੰਮ ਲਈਂ (ਮੰਜੇ ਉੱਤੇ ਦੋਵੇਂ ਰੱਖਕੇ ਚਲਾ ਜਾਂਦਾ ਹੈ, ਮਹਿੰਦਰ ਕੌਰ ਪਾਗਲਾਂ ਵਾਂਗ ਪਿੱਛੇ ਦੌੜਦੀ ਹੈ। ਫਿਰ ਘਰ ਵੱਲ ਭੱਜਦੀ ਹੈ ਤੇ ਅਖੀਰ ਚੁੰਨੀ ਕੋਲ ਆਂਦੀ ਹੈ)

ਮਹਿੰਦਰ ਕੌਰ : ਹਾਇਓ ਮੇਰਿਆ ਰੱਬਾ, ਇਹ ਤੂੰ ਕਿਸ ਪ੍ਰੀਖਿਆ 'ਚ ਪਾ ਦਿੱਤਾ ਇਸ ਤੱਤੜੀ ਨੂੰ.... ਮੈਂ ਕਿਹੜੇ ਖੂਹ 'ਚ ਛਾਲ ਮਾਰਾਂ .... ਨਹੀਂ, ਮੈਂ ਆਪਣੀ ਦੇਹ ਕਿਉਂ ਵੇਚਾਂ.... ਨਹੀਂ ਇਹ ਨਹੀਂ ਹੋ ਸਕਦਾ।

(ਚੁੰਨੀ ਨੂੰ ਹੱਥ ਪਾਂਦੀ ਹੈ ਤਾਂ ਪਿੱਛੋਂ ਅਵਾਜ਼ਾਂ ਆਂਦੀਆਂ ਹਨ।)

ਨੈਗੇਟਿਵ ਅਵਾਜ਼ : ਰਾਣੋ ਦੀ ਪੜ੍ਹਾਈ ਦਾ ਫ਼ਿਕਰ ਕਰ ਮਹਿੰਦਰ ਕੁਰੇ, ਤੈਨੂੰ ਪੈਸਿਆਂ ਦੀ ਲੋੜ ਐ।

ਮਹਿੰਦਰ ਕੌਰ : ਪਰ ਮੇਰੀ ਇੱਜ਼ਤ

ਨੈਗੇਟਿਵ ਅਵਾਜ਼ : ਇਸ ਇੱਜ਼ਤ ਦੀ ਕੌਡੀਆਂ ਕੀਮਤ ਨੀ ਪੈਣੀ ਜੇ ਸਿਆਣੀ ਨਾ ਬਣੀ ਤਾਂ.... ਆਪਣੇ ਘਰ ਦੀਆਂ ਡਿੱਗਦੀਆਂ ਕੰਧਾਂ ਬਾਰੇ ਸੋਚ... ਆਪਣੀ ਧੀ ਦੀ ਪੜ੍ਹਾਈ ਬਾਰੇ ਸੋਚ.... (ਮਹਿੰਦਰ ਕੌਰ ਪੈਸਿਆਂ ਵੱਲ ਵੱਧਦੀ ਹੈ।)

ਪਾਜ਼ਿਟਿਵ ਅਵਾਜ਼ : ਸਾਰੀ ਉਮਰ ਅੱਖਾਂ ਨੀਵੀਆਂ ਕਰਕੇ ਜੀਣਾਂ ਪਊ ਮਹਿੰਦਰ ਕੁਰੇ, ਆਪਣੀ ਇੱਜ਼ਤ ਦਾ ਸੌਦਾ ਕਰਨ ਨਾਲੋਂ ਮਰ ਜਾਣਾ ਚੰਗਾ ਐ।

ਨੈਗੇਟਿਵ ਅਵਾਜ਼ : ਕਮਲੀ ਨਾ ਬਣ, ਅੱਗੇ ਵੱਧਕੇ ਪੈਸੇ ਚੁੱਕ ਲੈ।

ਪਾਜ਼ਿਟਿਵ ਅਵਾਜ਼ : ਚੁੰਨੀ ਚੁੱਕ ਕੇ ਸਿਰ ਢੱਕ ਲੈ।

ਨੈਗੇਟਿਵ ਅਵਾਜ਼ : ਪੈਸੇ ਚੁੱਕ

ਪਾਜ਼ਿਟਿਵ ਅਵਾਜ਼ : ਆਪਣਾ ਸਿਰ ਢੱਕ।

(ਇਹ ਅਵਾਜ਼ਾਂ ਰਿਪੀਟ ਹੁੰਦੀਆਂ ਹਨ, ਮਹਿੰਦਰ ਕੌਰ ਕਦੇ ਪੈਸਿਆਂ ਤੇ ਕਦੇ ਚੁੰਨੀ ਵੱਲ ਵੱਧਦੀ ਹੈ।)

ਮਹਿੰਦਰ ਕੌਰ : ਰੱਬ ਦਾ ਵਾਸਤਾ ਐ ਚੁੱਪ ਕਰ ਜਾਓ.... (ਚੁੰਨੀ ਚੁੱਕਦੀ ਹੈ) ਮੈਨੂੰ ਆਪਣੀ ਇੱਜ਼ਤ ਬਹੁਤ ਪਿਆਰੀ ਐ, ਇਸ ਇੱਜ਼ਤ ਲਈ ਮਰਨਾ ਵੀ ਮੰਜ਼ੂਰ ਐ.... ਪਰ ਕੀ ਗਰੰਟੀ ਐ ਕਿ ਮੇਰੇ ਮਰਿਆਂ ਰਾਣੋਂ ਆਪਣੀ ਜ਼ਿੰਦਗੀ ਸੌਖਿਆਂ ਕੱਟ ਲਵੇਗੀ, ਆਪਣੀ ਧੀ ਨੂੰ ਗਿਰਝਾਂ ਤੋਂ ਬਚਾਉਣ ਲਈ ਮੈਂ ਆਪਣਾ ਮਾਸ ਗਿਰਝਾਂ ਦੇ ਹਵਾਲੇ ਕਰਦੀ ਹਾਂ।

(ਚੁੰਨੀ ਸੁੱਟ ਕੇ ਪੈਸੇ ਚੁੱਕਦੀ ਹੈ, ਪਿੱਛੋਂ ਗੀਤ ਦੇ ਬੋਲ ਉੱਭਰਦੇ ਹਨ, ਮਹਿੰਦਰ ਕੌਰ ਕੰਬਦੇ ਹੱਥਾਂ ਨਾਲ ਪੈਸੇ ਸਾਂਭਦੀ ਹੈ, ਚੁੰਨੀ ਚੁੱਕਣ ਦੀ ਕੋਸ਼ਿਸ਼ ਕਰਦੀ ਹੈ ਪਰ ਘਬਰਾ ਕੇ ਸਿਰ ਫੜਕੇ ਬੈਠ ਜਾਂਦੀ ਹੈ।)

ਗੀਤ
ਇਕ ਪਾਸੇ ਪੱਤ ਮੇਰੀ,
ਦੂਜੇ ਪਾਸੇ ਲੋੜ ਏ
ਗਰਜਾਂ ਤੇ ਕਿਸਮਤਾਂ ਦਾ ਕੈਸਾ ਜੋੜ ਤੋੜ ਏ।

(ਬਾਹਰੋਂ ਰਣਜੀਤ ਸਿੰਘ ਆਂਦਾ ਹੈ,
ਚੁੰਨੀ ਥੱਲੇ ਡਿੱਗੀ ਦੇਖ ਹੈਰਾਨ ਹੁੰਦਾ ਹੈ।)

ਰਣਜੀਤ ਸਿੰਘ : ਸਿਰ ਫੜੀ ਕਿਉਂ ਬੈਠੀ ਐਂ, ਨਾਲੇ ਤੇਰੇ ਵਾਲ ਕਿਉਂ ਖਿਲਰੇ ਹੋਏ ਨੇ.... ਉੱਠ ਆਪਣਾ ਸਿਰ ਢੱਕ

ਮਹਿੰਦਰ ਕੌਰ : ਅੱਜ ਤੋਂ ਮੈਂ ਆਪਣੇ ਸਿਰ ਨੂੰ ਨੰਗਾ ਰੱਖਾਂਗੀ।

ਰਣਜੀਤ ਸਿੰਘ : ਹੋਸ਼ ਵਿੱਚ ਤਾਂ ਹੈ ਜੁ ਬਕਵਾਸ ਕਰ ਰਹੀ ਐਂ।

ਮਹਿੰਦਰ ਕੌਰ : ਘਰ ਦੀਆਂ ਲੋੜਾਂ ਨੇ ਮੈਨੂੰ ਬੇਹੋਸ਼ ਕਰ ਦਿੱਤਾ ਐ।

ਰਣਜੀਤ ਸਿੰਘ : ਆਪਣੀ ਇੱਜ਼ਤ ਪੈਰਾਂ 'ਚ ਰੁਲਦੀ ਦੇਖ ਮੈਂ ਚੁੱਪ ਨਹੀਂ ਰਹਿ ਸਕਦਾ। ਤੇਰਾ ਨੰਗਾ ਸਿਰ ਮੇਰੀ ਬੇਇਜ਼ਤੀ ਦਾ ਨਿਸ਼ਾਨ ਬਣ ਜਾਏ, ਮੈਂ ਇਹ ਨਿਸ਼ਾਨ ਮਿਟਾ ਦਿਆਂਗਾ।

(ਮਾਰਨ ਲਈ ਵੱਧਦਾ ਹੈ, ਮਹਿੰਦਰ ਕੌਰ ਉਸ ਦਾ ਹੱਥ ਫੜ ਲੈਂਦੀ ਹੈ)

ਮਹਿੰਦਰ ਕੌਰ : ਖਬਰਦਾਰ ਜੇ ਹੱਥ ਚੁੱਕਿਆ ਤਾਂ, ਇੱਜ਼ਤ ਤੇ ਬੇਇਜ਼ਤੀ



ਦੀ ਗੱਲ ਬੰਦਿਆਂ ਦੇ ਮੂੰਹੋਂ ਚੰਗੀ ਲੱਗਦੀ ਐ। ਨਸ਼ੇ ਖਾ ਕੇ ਥੱਕੇ ਹਾਰੇ ਲੋਕਾਂ ਦੇ ਮੂੰਹੋਂ ਇਹੋ ਜਿਹੀਆਂ ਗੱਲਾਂ ਸੋਭਦੀਆਂ ਨੀ ਰਾਣੋ ਦੇ ਡੈਡੀ..... ਤੇਰੀ ਆਹ ਇੱਜ਼ਤ (ਚੁੰਨੀ ਚੁੱਕਕੇ ਕੰਧ ਵੱਲ ਵੱਧਦੀ ਹੈ ਅਤੇ ਕਿੱਲੀ ਉੱਤੇ ਟੰਗ ਦਿੰਦੀ ਹੈ) ਆਹ ਟੰਗੀ ਐ ਕਿੱਲੀ 'ਤੇ.... ਜੱਦ ਤੱਕ ਤੂੰ ਬੰਦਾ ਨਹੀਂ ਬਣਦਾ, ਆਹ ਸਿਰ ਨੰਗਾ ਰਹੂਗਾ.... ਹੁਣ ਫੈਸਲਾ ਤੇਰੇ ਹੱਥ ਐ, ਚੁੰਨੀ ਮੇਰੇ ਸਿਰ ਤੇ ਚਾਹੀਦੀ ਐ ਜਾਂ ਕਿੱਲੀ ਤੇ (ਕਹਿਕੇ ਤੇਜ਼ੀ ਨਾਲ ਅੰਦਰ ਜਾਣ ਲੱਗਦੀ ਹੈ)

ਰਣਜੀਤ ਸਿੰਘ : ਮੇਰੀ ਗੱਲ ਤਾਂ ਸੁਣ, ਆਖਿਰ ਤੂੰ ਇਹ ਅੰਕ ਚੱਬਿਆ ਕਿਉਂ ? (ਇਸੇ ਵੇਲੇ ਰਾਣੋ ਅੰਦਰ ਆਉਂਦੀ ਹੈ। ਪੈਸੇ ਕੱਢਕੇ ਰਾਣੋ ਨੂੰ ਦਿੰਦੀ ਹੈ।)

ਮਹਿੰਦਰ ਕੌਰ : ਆਹ ਫੜ੍ਹ ਧੀਏ, ਆਪਣੀ ਫੀਸ (ਫੇਰ ਰਣਜੀਤ ਦੇ ਲਾਗੇ ਆ ਕੇ ਸਿਰ ਤੋਂ ਪੈਰਾਂ ਤੱਕ ਦੇਖਦੀ ਹੈ ਅਤੇ ਭੁੱਬ ਮਾਰਕੇ ਅੰਦਰ ਨੂੰ ਭੱਜਦੀ ਹੈ, ਰਾਣੋ ਮਗਰ ਭੱਜਦੀ ਹੈ। ਰਣਜੀਤ ਸਿੰਘ ਕਿੱਲੀ ਤੇ ਟੰਗੀ ਚੁੰਨੀ ਵੱਲ ਭੱਜਦਾ ਹੈ, ਫੇਰ ਥੱਲੇ ਡਿੱਗਦਾ ਹੈ, ਉਸਦੀ ਤੜਪ ਵੱਧਦੀ ਹੈ ਤਾਂ ਗੋਲੀਆਂ ਖਾਂਦਾ ਹੈ, ਬਾਹਰੋਂ ਬਾਪੂ, ਉਮਰ 65-70 ਸਾਲ ਡਾਂਗ ਦੇ ਸਹਾਰੇ ਅੰਦਰ ਆਂਦਾ ਹੈ।)

ਬਾਪੂ – ਆਹ ਕੀ ਹਾਲ ਬਣਾ ਲਿਆ ਰਣਜੀਤ ਸਿੰਘ, ਕੋਹੜੀਆ ਕਿੱਥੋਂ ਲਿਖਾ ਲਈ ਤੂੰ ਐਡੀ ਭੈੜੀ ਤਕਦੀਰ।

ਰਣਜੀਤ ਸਿੰਘ : ਮੈਂ ਬਰਬਾਦ ਹੋ ਗਿਆ ਬਾਪੂ.... ਮੇਰਾ ਟੱਬਰ ਕਹਿਣੇ ਤੋਂ ਬਾਹਰ ਹੋ ਗਿਆ.... ਮੈਂ ਹਾਰ ਗਿਆ ਬਾਪੂ.... ਮੈਂ ਹਾਰ ਗਿਆ.... (ਰੋਣ ਲੱਗ ਪੈਂਦਾ ਹੈ।)

ਬਾਪੂ : ਕਸੂਰ ਕੀਹਦਾ ਐ ਪੁੱਤਰਾ.... ਮੈਂ ਤਾਂ ਤੇਰਾ ਨਾਂ ਰਣਜੀਤ ਸਿੰਘ ਰੱਖਿਆ ਸੀ.... ਰਣ ਜਿੱਤਣ ਵਾਲਾ ਯੋਧਾ ਬਣਾਉਣਾ ਚਾਹੁੰਦਾ ਸੀ ਤੈਨੂੰ ਪਰ ਤੂੰ ਤਾਂ ਬਹੁਤ ਕਮਜ਼ੋਰ ਸਿਪਾਹੀ ਨਿਕਲਿਆ।

ਰਣਜੀਤ ਸਿੰਘ : ਮੈਂ ਕਦੇ ਬਹੁਤ ਤਕੜਾ ਹੁੰਦਾ ਸੀ ਬਾਪੂ, ਤੈਨੂੰ ਚੇਤੇ ਐ ਨਾਂ ਮੈਂ ਪਿੰਡ ਦੇ ਗਰਾਉਂਡ ਦੁਆਲੇ ਘੰਟਾ-ਘੰਟਾ ਇਕੋ ਸਾਹੇ ਦੌੜਿਆ ਕਰਦਾ ਸੀ... ਪਤਾ ਵੀ ਨਾ ਲੱਗਾ ਕਦੋਂ ਉਹਨਾਂ ਧੌਣੋਂ ਫੜਕੇ ਮੈਨੂੰ ਦੌੜ ਤੋਂ ਬਾਹਰ ਕੱਢ ਦਿੱਤਾ।

ਬਾਪੂ : ਉਹਨਾਂ ਜੋ ਕੀਤਾ, ਉਹਨਾਂ ਦੀ ਖੇਡ, ਪਰ ਤੂੰ ਆਪਣੀ

ਖੇਡ ਕਿਉਂ ਬਦਲੀ ਤੂੰ ਆਪਣੀ ਅੰਦਰਲੀ ਤਾਕਤ ਨੂੰ ਖੁਰਨ ਕਿਉਂ ਦਿੱਤਾ.... ਰਣਜੀਤ ਸਿਆਂ ਇਕ ਵਾਰ ਕਿਧਰੇ ਇਕ ਰਾਜਾ ਰਹਿੰਦਾ ਸੀ, ਉਸਦੇ ਕੋਲ ਇਕ ਕਰਾਮਾਤੀ ਹੀਰਾ ਸੀ.... ਹੀਰਾ ਕੋਲ ਹੁੰਦਾ ਤਾਂ ਹਮੇਸ਼ਾ ਉਸਦੀ ਫਤਿਹ ਹੁੰਦੀ.... ਇਕ ਦਿਨ ਉਹ ਹੀਰਾ ਘਰੇ ਭੁੱਲਕੇ ਜੰਗ ਦੇ ਮੈਦਾਨ ਵਿੱਚ ਚਲਾ ਗਿਆ, ਉਸਦੇ ਸਾਰੇ ਵਾਰ ਖਾਲੀ ਜਾਂਦੇ ਤੇ ਦੁਸ਼ਮਣ ਦੇ ਵਾਰਾਂ ਨੇ ਉਸਨੂੰ ਲਹੂ ਲੁਹਾਣ ਕਰ ਦਿੱਤਾ .... ਤੂੰ ਵੀ ਆਪਣਾ ਉਹ ਹੀਰਾ ਗੁਆ ਲਿਆ ਐ ਮੇਰਿਆ ਸ਼ੇਰਾ.... ਉਸ ਹੀਰੇ ਨੂੰ ਲੱਭਣ ਦੀ ਕੋਸ਼ਿਸ਼ ਕਰ....ਫੇਰ ਦੇਖੀਂ ਕਿਵੇਂ ਜ਼ਿੰਦਗੀ ਦੀ ਦੌੜ 'ਚ ਤੂੰ ਅੱਵਲ ਆਉਨੈ ....

ਮੱਘਰ ਸਿੰਘ : (ਬਾਹਰੋਂ ਬੋਤਲ ਫੜੀ ਆਂਦਾ ਹੈ) ਆਪਣਾ ਬਾਈ ਰਣਜੀਤ ਸਿਉਂ ਤਾਂ ਪਹਿਲਾਂ ਈ ਅੱਵਲ ਐ ਤਾਇਆ.... ਆਹ ਫੜ ਰਣਜੀਤ ਸਿਆਂ, ਤੇਰਾ ਸਰੀਰ ਕੈਮ ਰਹੂ।

ਰਣਜੀਤ ਸਿੰਘ : (ਗੁੱਸੇ ਨਾਲ ਉਸ ਵੱਲ ਵੱਧਦਿਆਂ) ਮੈਂ ਤੇਰਾ ਲਹੂ ਪੀ ਜਾਵਾਂਗਾ ਮੱਘਰ ਸਿਆਂ। (ਉਸਨੂੰ ਫੜਨ ਤੋਂ ਪਹਿਲਾਂ ਹੀ ਡਿੱਗ ਪੈਂਦਾ ਹੈ।)

ਮੱਘਰ ਸਿੰਘ : ਗੁੱਸਾ ਨੀ ਕਰੀਦਾ ਬਾਈ, ਗੁੱਸਾ ਤੇਰੇ ਸਰੀਰ ਲਈ ਮਾੜਾ ਐ, ਆਹ ਫੜ ਐਸ਼ ਕਰ ਜਿਹੜੀ ਚਾਰ ਦਿਨ ਦੀ ਜ਼ਿੰਦਗੀ ਬਚੀ ਐ।

(ਬੋਤਲ ਓਹਦੇ ਸਾਹਮਣੇ ਰੱਖਕੇ ਜਾਣ ਲੱਗਦਾ ਹੈ, ਫਿਰ ਰੁਕਦਾ ਹੈ।)

ਮੱਘਰ ਸਿੰਘ : ਸੱਚ, ਮਹਿੰਦਰ ਕੁਰ ਦਾ ਹਾਲ ਚਾਲ ਤਾਂ ਪੁੱਛ ਲਵਾਂ।

ਬਾਪੂ : ਭਲੀ ਚਾਹੁੰਨਾ ਐ ਤਾਂ ਦਫ਼ਾ ਹੋ ਜਾ ਮੱਘਰ ਸਿਆਂ।

ਮੱਘਰ ਸਿੰਘ : ਕਿਉਂ ਪੰਗੇ ਲੈਂਨਾ ਮੇਰੇ ਨਾਲ ਤਾਇਆ, ਲੱਤਾਂ ਤੇਰੀਆਂ ਸਿਵਿਆਂ 'ਚ ਨੇ, ਜਾਹ ਆਪਣਾ ਕੰਮ ਕਰ।

ਬਾਪੂ : ਆਹ ਖੜ੍ਹਾਂ ਮੈਂ, ਪੈਰ ਪੁੱਟ ਕੇ ਦਿਖਾ ਅੰਦਰ ਵੱਲ।

ਮੱਘਰ ਸਿੰਘ : ਅੱਛਾ! ਤੇਰੇ ਵੱਲ ਵੀ ਕੱਢਣੇ ਪੈਣਗੇ।

(ਅੱਗੇ ਵੱਧਕੇ ਬਾਪੂ ਨੂੰ ਪਾਸੇ ਕਰਨ ਲੱਗਦਾ ਹੈ। ਬਾਪੂ ਉਸਦੀ ਬਾਂਹ ਐਨੀ ਜ਼ੋਰ ਨਾਲ ਫੜ੍ਹਦਾ ਹੈ ਕਿ ਛੁੱਟਦੀ ਨਹੀਂ, ਕਾਫ਼ੀ ਕਸ਼ਮਕਸ਼ ਤੋਂ ਬਾਅਦ ਮੱਘਰ ਸਿੰਘ ਦੂਰ ਜਾ ਕੇ ਡਿੱਗਦਾ ਹੈ।)



ਬਾਪੂ : ਆਪਣੀ ਅਣਖ ਦੀ ਰਾਖੀ ਲਈ ਤਾਂ ਮੈਂ ਸਿਵਿਆਂ 'ਚੋਂ ਉੱਠਕੇ ਵੀ ਆ ਜਾਉਂ ਪੁੱਤਰਾ, ਜਾਹ ਘਰ ਜਾ ਕੇ ਆਪਣੇ ਗੁੱਟ ਦੀ ਮਾਲਿਸ਼ ਕਰਵਾ। (ਮੱਘਰ ਸਿੰਘ ਥੁੱਕ ਸੁੱਟਦਾ ਬਾਹਰ ਜਾਂਦਾ ਹੈ।)

ਬਾਪੂ : ਉੱਠ ਰਣਜੀਤ ਸਿਆਂ, ਢੇਰੀ ਨਾਂ ਢਾਹ। ਮਨ ਤਕੜਾ ਕਰ, ਫਿਰ ਤਨ ਆਪੇ ਤਕੜਾ ਹੋ ਜਾਊ।

(ਬਾਪੂ ਬਾਹਰ ਜਾਂਦਾ ਹੈ। ਰਣਜੀਤ ਸਿੰਘ ਡਿੱਗਦਾ ਢਹਿੰਦਾ ਉੱਠਦਾ ਹੈ, ਬੋਤਲ ਨਾਲ ਸੰਘਰਸ਼ ਕਰਦਾ ਹੈ ਕਿ ਪੀਵਾ ਜਾਂ ਨਾਂ ਪੀਂਵਾ। ਅਖੀਰ ਢੱਕਣ ਖੋਲ੍ਹ ਕੇ ਮੂੰਹ ਨੂੰ ਲਾਣ ਲੱਗਦਾ ਹੈ ਕਿ ਅਮਰਜੀਤ ਅੰਦਰ ਆਂਦਾ ਹੈ। ਰਣਜੀਤ ਸਿੰਘ ਦਾ ਹਮ ਉਮਰ, ਸੋਹਣਾਂ-ਸੁਨੱਖਾਂ, ਸਿਆਣੀ ਸੂਝਵਾਨ ਦਿੱਖ ਵਾਲਾ ਅਤੇ ਚੁਸਤ ਚਾਲ ਵਾਲਾ ਅਮਰਜੀਤ ਸਿੰਘ ਪ੍ਰਭਾਵਸ਼ਾਲੀ ਚਿਹਰੇ ਮੁਹਰੇ ਵਾਲਾ ਲੱਗਦਾ ਹੈ।)

ਅਮਰਜੀਤ ਸਿੰਘ : ਕਿਵੇਂ ਐਂ ਬਈ ਰਣਜੀਤ ਸਿਆਂ, ਢਹਿੰਦੀਆਂ ਕਲਾਂ 'ਚ ਲੱਗਦਾਂ।

ਰਣਜੀਤ ਸਿੰਘ : ਆਜਾ ਆਜਾ ਮਾਸਟਰਾ, ਬਹਿਜਾ

ਅਮਰਜੀਤ ਸਿੰਘ : ਪਤੰਦਰਾ ਆਪਣੇ ਬੇਲੀ ਦਾ ਨਾਂਅ ਲੈ ਕੇ ਪੁਕਾਰ, ਮਾਸਟਰਾ ਮਾਸਟਰਾ ਕੀ ਹੋਇਆ।

ਰਣਜੀਤ ਸਿੰਘ : ਅਮਰਜੀਤ ਨਾਂਅ ਤਾਂ ਸਾਰੇ ਬੇਨਾਮ ਹੋ ਗਏ।

ਅਮਰਜੀਤ ਸਿੰਘ : ਉਹ ਕਾਲਜ ਦੇ ਦਿਨਾਂ ਵਾਲਾ ਕਵੀ ਰਣਜੀਤ ਪੰਛੀ ਹਾਲੇ ਸਹਿਕਦਾ ਤੇਰੇ ਅੰਦਰ, ਤਾਂ ਹੀ ਕਵਿਤਾ ਵਰਗੀਆਂ ਗੱਲਾਂ ਕਰਦਾ ਹੈਂ।

ਰਣਜੀਤ ਸਿੰਘ : ਇਹ ਕਵਿਤਾ ਬਹੁਤ ਉਦਾਸ ਐ ਬਾਈ।

ਅਮਰਜੀਤ ਸਿੰਘ : ਪਰ ਤੂੰ ਕਿਉਂ ਫਸ ਗਿਐਂ ਉਦਾਸ ਕਵਿਤਾ ਦੇ ਚੱਕਰਾਂ 'ਚ, ਯਾਦ ਐ ਤੂੰ ਕਿਹਾ ਕਰਦਾ ਸੀ, ਇਹ ਸਾਲੇ ਮਰੂੰ-ਮਰੂੰ ਕਰਦੀ ਢਿੱਲੀ ਜਿਹੀ ਕਵਿਤਾ ਲਿਖਣ ਵਾਲੇ ਕਵੀ ਸਾਲੇ ਪਤਾ ਨੀ ਕਿਹੜੀ ਦੁਨੀਆਂ 'ਚ ਰਹਿੰਦੇ ਐ।ਉਹ ਸਭ ਕੁਝ ਭੁੱਲ ਗਿਆ ਤੂੰ ?

ਰਣਜੀਤ ਸਿੰਘ : ਵਕਤ ਦੇ ਗੇੜ ਨੇ ਭੁਲਾ ਦਿੱਤਾ ਬਾਈ।

ਅਮਰਜੀਤ ਸਿੰਘ : ਉਏ ਸ਼ਰਮ ਆਂਦੀ ਐ ਤੇਰੀਆਂ ਗੱਲਾਂ ਸੁਣਕੇ, ਸ਼ਰਮ ਆਂਦੀ ਐ ਤੇਰੇ ਵੱਲ ਦੇਖਕੇ .... ਮੈਨੂੰ ਭਾਬੀ ਨੇ ਸੁਨੇਹਾ ਭੇਜਿਆ ਸੀ, ਤੇਰੇ ਬਾਰੇ ਸਭ ਕੁਝ ਦੱਸਿਆ ਉਹਨੇ...

ਆਹ ਹਾਲ ਬਣਾਇਆ ਤੂੰ ਆਪਣਾ...ਸੂਰਮੇ ਵਕਤ ਦੇ ਗੇੜ ਤੋਂ ਬਾਹਰ ਨਿਕਲਣ ਲਈ ਸੰਘਰਸ਼ ਕਰਦੇ ਹੁੰਦੇ ਨੇ, ਉਸ ਗੇੜ 'ਚ ਉਲਝ ਕੇ ਉਦਾਸ ਕਵਿਤਾ ਨਹੀਂ ਰਚਦੇ, ਐ ਕਿਵੇਂ ਹਾਰ ਗਿਆ ਤੂੰ ਮਿੱਤਰਾ।

ਰਣਜੀਤ ਸਿੰਘ : ਮੇਰੀ ਮਹਿੰਦਰ ਕੁਰ ਵੀ ਦਗਾ ਦੇ ਗਈ ਬਾਈ।

ਅਮਰਜੀਤ ਸਿੰਘ : ਸ਼ਰਮ ਕਰ ਉਹਦੇ ਤੇ ਇਲਜ਼ਾਮ ਲਾਉਣ ਤੋਂ ਪਹਿਲਾਂ ਦਗ਼ਾ ਤੂੰ ਉਹਨੂੰ ਦਿੱਤਾ ਐ, ਉਹਨੇ ਤੈਨੂੰ ਨਹੀਂ.... ਤੈਨੂੰ ਯਾਦ ਐ ਉਹ ਦਿਨ ਜਦੋਂ ਕਾਲਜ ਦੇ ਦਿਨਾਂ ਵਿੱਚ ਅਸੀਂ ਤੇਈ ਮਾਰਚ ਵਾਲੇ ਦਿਨ ਸ਼ਹੀਦ ਭਗਤ ਸਿੰਘ ਦਾ ਨਾਟਕ ਖੇਡਿਆ ਸੀ.... ਯਾਦ ਐ ਤੈਨੂੰ ਤੂੰ ਉਸ ਨਾਟਕ ਵਿੱਚ ਭਗਤ ਸਿੰਘ ਬਣਿਆ ਸੀ ਤੇ ਆਖਰੀ ਸੀਨ ਵਿਚ ਜੋਸ਼ ਨਾਲ ਭਰਕੇ ਮੁੱਕਾ ਲਹਿਰਾ ਕੇ ਕਿਹਾ ਸੀ.... ਦੁਨੀਆਂ ਭਰ ਦੇ ਮਿਹਨਤਕਸ਼ੋ ਤੁਹਾਡੇ ਕੋਲ ਗੁਆਉਣ ਲਈ ਸਿਰਫ਼ ਜ਼ੰਜੀਰਾਂ ਨੇ ਤੇ ਜਿੱਤਣ ਲਈ ਪੂਰਾ ਜਹਾਨ.... ਮੇਰੇ ਦੋਸਤਾ ਤੂੰ ਕਿਵੇਂ ਆਪਣੇ ਆਪਨੂੰ ਇਹਨਾਂ ਜ਼ੰਜੀਰਾਂ ਵਿੱਚ ਜਕੜ ਲਿਆ, ਕਿਉਂ ਹਾਰ ਬੈਠਾ ਤੂੰ ਆਪਣਾ ਸੰਸਾਰ,ਕਿਉਂ ਰਣਜੀਤ, ਕਿਉਂ

ਰਣਜੀਤ ਸਿੰਘ : ਤੇਰੀਆਂ ਸਾਰੀਆਂ ਗੱਲਾਂ ਸਹੀ ਨੇ ਬਾਈ ਅਮਰਜੀਤ ਸਿੰਘ ਪਰ ਮੇਰੇ ਕੋਲੋਂ ਸਵਾਲ ਪੁੱਛਣ ਤੋਂ ਪਹਿਲਾਂ ਤੂੰ ਉਹਨਾਂ ਨੂੰ ਜਾ ਕੇ ਧੌਣੋਂ ਫੜ ਜਿਹਨਾਂ ਮੇਰੀ ਚੰਗੀ ਭਲੀ ਡਿਗਰੀ ਦਾ ਮਜ਼ਾਕ ਉਡਾਇਆ ਸੀ.. ਜਾ ਕੇ ਉਹਨਾਂ ਤੋਂ ਪੁੱਛ ਜਿਹਨਾਂ ਇਸ ਗਰੀਬ ਵਿਹੜੇ ਵਾਲੇ ਨੂੰ ਛੱਡ ਕੇ ਉਸ ਮੁੰਡੇ ਨੂੰ ਨੌਕਰੀ ਦਿੱਤੀ ਸੀ ਜਿਹਦੇ ਨੰਬਰ ਮੇਰੇ ਨਾਲੋਂ ਘੱਟ ਸਨ ਪਰ ਸਿਫ਼ਾਰਿਸ਼ ਵੱਡੀ ਸੀ.... ਜਾ ਕੇ ਉਹਨਾਂ ਕੋਲੋਂ ਪੁੱਛ ਜਿਹੜੇ ਕਹਿੰਦੇ ਨੇ ਅਸੀਂ ਨੀਵੀਆਂ ਜ਼ਾਤਾਂ ਲਈ ਸੀਟਾਂ ਰਾਖਵੀਆਂ ਰੱਖੀਆਂ ਪਰ ਨੀਵਿਆਂ ਨੂੰ ਹੋਰ ਨਿਵਾਣ ਵੱਲ ਧੱਕਣ ਲਈ ਪੱਬਾਂ ਭਾਰ ਹੋਏ ਨੇ.... ਉਹਨਾਂ ਕੋਲੋਂ ਜਵਾਬ ਮੰਗ ਜਿਹਨਾਂ ਇੰਟਰਵਿਊ ਵਾਲੇ ਕਮਰੇ ਅੰਦਰ ਮੇਰੀ ਜ਼ਾਤ ਨੂੰ ਮਿਹਣਾਂ ਦਿੱਤਾ ਸੀ.... ਫੇਰ ਆ ਕੇ ਮੈਨੂੰ ਪੁੱਛੀਂ ਕਿ ਮੈਂ ਕੀ ਕਰਦਾਂ....

ਅਮਰਜੀਤ ਸਿੰਘ : ਇਹ ਗੱਲਾਂ ਕਰਕੇ ਤੂੰ ਹਮਦਰਦੀ ਖੱਟਣਾਂ ਚਾਹੁੰਨੈਂ,



ਆਪਣੀ ਕਮਜ਼ੋਰੀ ਤੇ ਪਰਦੇ ਨਾ ਪਾ.... ਜਾਂ ਤਾਂ ਸਿੱਧਾ ਹੋ ਕੇ ਜ਼ਿੰਦਗੀ ਨਾਲ ਦਸਤਪੰਜਾ ਲੈ ਤੇ ਜਾਂ ਰੋਣਾ ਬੰਦ ਕਰ, ਉਹ ਤਾਂ ਚਾਹੁੰਦੇ ਨੇ ਕਿ ਪਹਿਲਾਂ ਲੋਕਾਂ ਨੂੰ ਨਿਰਾਸ਼ ਕਰੋ ਤੇ ਫੇਰ ਨਿਰਾਸ਼ਾ ਦੀ ਘੁੰਮਣ ਘੇਰੀ 'ਚ ਫਸਿਆਂ ਦੇ ਸਾਹਮਣੇ ਨਸ਼ੇ ਵਾਲਾ ਫੌਰੀ ਇਲਾਜ ਲੈ ਕੇ ਪਹੁੰਚ ਜਾਉ... ਰਾਹ ਦੋ ਈ ਨੇ ਮਿੱਤਰਾ.... ਖੁਦਕੁਸ਼ੀ ਜਾਂ ਸੰਘਰਸ਼.... ਤੂੰ ਜਿਸ ਰਾਹ ਤੇ ਚੱਲ ਰਿਹੈ ਉਹ ਖੁਦਕੁਸ਼ੀ ਦਾ ਰਾਹ ਐ।

ਰਾਣੋ : (ਅੰਦਰੋਂ ਨਿਕਲਦੀ ਹੋਈ) ਅੰਕਲ ਇਹੀ ਤਾਂ ਡੈਡੀ ਜੀ ਨੂੰ ਮੈਂ ਸਮਝਾਨੀ ਆਂ ਪਰ ਇਹ ਸਮਝਦੇ ਈ ਨਹੀਂ।

ਰਣਜੀਤ ਸਿੰਘ : ਤੂੰ ਅੰਦਰ ਚੱਲ।

ਅਮਰਜੀਤ ਸਿੰਘ : ਕਿਉਂ ਜਾਵੇ ਉਹ ਅੰਦਰ, ਤੈਨੂੰ ਉਹਦੀ ਗੱਲ ਸੁਣਨੀ ਪਵੇਗੀ। ਤੁਸੀਂ ਸਾਰੇ ਰਲਕੇ ਮੈਨੂੰ ਪਾਗਲ ਕਰ ਦਿਉਗੇ।

ਰਾਣੋ : ਨਹੀਂ ਡੈਡੀ, ਪਾਗਲਾਂ ਵਾਂਗ ਤਾਂ ਅਸੀਂ ਕੰਧਾਂ ਨਾਲ ਟੱਕਰਾਂ ਮਾਰਦੇ ਫਿਰਦੇ ਆਂ.... ਤੁਹਾਨੂੰ ਪਤਾ ਐ ਡੈਡੀ ਜੀ, ਕਾਲਜ ਵਿਚ ਜਦੋਂ ਕੁੜੀਆਂ ਕੱਠੀਆਂ ਹੋ ਕੇ ਬੈਠਦੀਆਂ ਨੇ ਤਾਂ ਆਪਣੇ-ਆਪਣੇ ਪਾਪਾ ਦੀਆਂ ਗੱਲਾਂ ਕਰਦੀਆਂ ਨੇ, ਉਹਨਾਂ ਦੇ ਗੁਣ ਗਾਉਂਦੀਆਂ ਨੇ.... ਜਦ ਮੈਨੂੰ ਪੁੱਛਦੀਆਂ ਨੇ ਤਾਂ ਮੈਂ ਚੁੱਪ ਹੋ ਜਾਂਦੀ ਆਂ.... ਮੈਂ ਕੀ ਦੱਸਾਂ ਆਪਣੇ ਡੈਡੀ ਬਾਰੇ.... ਡੈਡੀ ਕੋਈ ਕੰਮ ਤਾਂ ਐਹੋ ਜਿਹਾ ਕਰੋ ਜਿਹਦਾ ਮੈਂ ਜ਼ਿਕਰ ਕਰ ਸਕਾਂ, ਹੁੱਬ ਕੇ ਕਹਿ ਸਕਾਂ ਕਿ ਦੇਖੋ ਮੇਰੇ ਡੈਡੀ ਜੀ ਵੀ ਕਮਾਈ ਕਰਦੇ ਨੇ।

ਰਣਜੀਤ ਸਿੰਘ : ਤੁਸੀਂ ਮੈਨੂੰ ਮੇਰੇ ਹਾਲ ਤੇ ਛੱਡ ਦਿਉ।

ਰਾਣੋ : ਡੈਡੀ ਜੀ ਆਪਣੇ ਆਪ ਨੂੰ ਹਨੇਰੇ ਦੇ ਹਵਾਲੇ ਨਾ ਕਰੋ।

ਅਮਰਜੀਤ ਸਿੰਘ : ਬਾਹਰ ਨਿਕਲ ਕੇ ਵੇਖ ਤਾਂ ਸਹੀਂ ਦੁਨੀਆ ਕਰਦੀ ਕੀ ਐ।

ਰਾਣੋ : ਜੇ ਤੁਹਾਡੇ ਨਾਲ ਧੋਖਾ ਹੋਇਆ ਤਾਂ ਉਹਦਾ ਹੱਲ ਇਹ ਤਾਂ ਨਹੀਂ।

ਅਮਰਜੀਤ ਸਿੰਘ : ਤੂੰ ਉਸ ਧੋਖੇ ਖ਼ਿਲਾਫ਼ ਲੜਦਾ ਕਿਉਂ ਨਹੀਂ।

ਰਣਜੀਤ ਸਿੰਘ : ਮੈਂ ਕੱਲਾ ਕੀਹਦੇ ਨਾਲ ਲੜਾਂ।

ਅਮਰਜੀਤ ਸਿੰਘ : ਤੂੰ ਕੀ ਸਮਝਦਾਂ ਸਾਰੀ ਦੁਨੀਆਂ ਵਿਚ ਸਿਰਫ਼ ਤੇਰੇ ਨਾਲ ਧੋਖਾ ਹੋਇਆ .... ਸਰਦਾਰ ਰਣਜੀਤ ਸਿੰਘ ਨਾਲ, ਧੋਖੇ ਦੇ ਜ਼ਖ਼ਮਾਂ ਨਾਲ ਜੂਝ ਰਹੀਆਂ ਨੇ ਬਸਤੀਆਂ ਦੀਆਂ ਬਸਤੀਆਂ, ਪਿੰਡਾਂ ਦੇ ਪਿੰਡ, ਲੋਕਾਂ ਦੀਆਂ ਲੰਮੀਆਂ ਕਤਾਰਾਂ...ਤੂੰ ਆਪਣੇ ਆਪ ਨੂੰ ਉਸ ਕਤਾਰ ਵਿੱਚ ਸ਼ਾਮਲ ਤਾਂ ਕਰ

ਰਾਣੋ : ਡੈਡੀ ਜੀ ਤੁਸੀਂ ਹਿੰਮਤ ਤਾਂ ਕਰੋ।

ਰਣਜੀਤ ਸਿੰਘ : ਮੈਨੂੰ ਸੌਣ ਦਿਉ, ਮੈਨੂੰ ਨੀਂਦ ਆ ਰਹੀ ਐ.... ਰੱਬ ਦੇ ਵਾਸਤੇ ਮੇਰਾ ਸਿਰ ਨਾ ਖਾਉ।

ਅਮਰਜੀਤ ਸਿੰਘ : ਹੁਣ ਮੈਂ ਜਾ ਰਿਹਾ ਬਾਈ ਪਰ ਵਾਰ-ਵਾਰ ਆਵਾਂਗਾ, ਤੈਨੂੰ ਸੌਣ ਨਹੀਂ ਦਿਆਂਗਾ।

(ਅਮਰਜੀਤ ਬਾਹਰ ਜਾਂਦਾ ਹੈ। ਰਾਣੋ ਵੀ ਅੰਦਰ ਚਲੀ ਜਾਂਦੀ ਹੈ)

ਰਣਜੀਤ ਸਿੰਘ : (ਮੰਜੇ ਤੇ ਲੇਟਦਿਆਂ) ਮੈਨੂੰ ਨੀਂਦ ਆ ਰਹੀ ਐ, ਮੈਂ ਸੌਣਾਂ ਚਾਹੁੰਨਾ।

(ਅੱਪ ਸਟੇਜ ਤੇ ਭਗਤ ਸਿੰਘ ਇੱਕ ਰੌਸ਼ਨੀ ਦੇ ਦਾਇਰੇ ਵਿੱਚ ਦਿਖਾਈ ਦਿੰਦਾ ਹੈ ਪਿੱਠ ਭੂਮੀ ਤੋਂ "ਸਰਫਰੋਸ਼ੀ ਕੀ ਤਮੰਨਾ" ਗੀਤ ਚੱਲ ਰਿਹਾ ਹੈ। ਰਣਜੀਤ ਸਿੰਘ ਤੜਪ ਕੇ ਉੱਠਦਾ ਹੈ, ਉਸਨੂੰ ਇਵੇਂ ਲੱਗ ਰਿਹਾ ਹੈ ਜਿਵੇਂ ਉਸ ਵੱਲੋਂ ਖੇਡੇ ਗਏ ਨਾਟਕ ਦਾ ਦ੍ਰਿਸ਼ ਉਸਦੇ ਸਾਹਮਣੇ ਵਾਪਰ ਰਿਹਾ ਹੈ। ਪਿੱਠ ਭੂਮੀ ਤੋਂ ਆਵਾਜ਼ ਉੱਭਰਦੀ ਹੈ)

ਆਵਾਜ਼ : ਭਗਤ ਸਿੰਘ ਆਪ ਦੇ ਮਾਤਾ ਜੀ ਮੁਲਾਕਾਤ ਲਈ ਆਏ ਹਨ। (ਭਗਤ ਸਿੰਘ ਦੀ ਮਾਂ ਪਰਵੇਸ਼ ਕਰਦੀ ਹੈ। ਭਗਤ ਸਿੰਘ ਉਸਦੇ ਪੈਰੀਂ ਹੱਥ ਲਾਉਂਦਾ ਹੈ। ਮਾਂ ਸਿਰ 'ਤੇ ਹੱਥ ਰੱਖਦੀ ਹੈ)

ਮਾਂ : ਪੁੱਤ ਜਦੋਂ ਮਾਵਾਂ ਦੇ ਪੈਰੀਂ ਹੱਥ ਲਾਉਂਦੇ ਨੇ ਤਾਂ ਮਾਵਾਂ ਅਸੀਸ ਦਿੰਦੀਆਂ ਨੇ ਲੰਮੀ ਉਮਰ ਦੀਆਂ। ਜੁੱਗ-ਜੁੱਗ ਜੀਣ ਦੀਆਂ, ਮੈਂ ਤੈਨੂੰ ਕਿਹੜੀ ਅਸੀਸ ਦੇਵਾਂ ਪੁੱਤ।

ਭਗਤ ਸਿੰਘ : ਮਾਂ ਤੈਨੂੰ ਕੋਈ ਵੱਖਰੀ ਅਸੀਸ ਦੇਣ ਦੀ ਲੋੜ ਨਹੀਂ।

ਮਾਂ : ਇਹ ਤੂੰ ਕੀ ਕਹਿ ਰਿਐਂ, ਭਗਤ ਸਿਆਂ।

ਭਗਤ ਸਿੰਘ : ਹਾਂ ਮਾਂ, ਤੇਰੇ ਇਸ ਭਗਤ ਦੀ ਲੰਮੀ ਉਮਰ ਹੋਏਗੀ। ਜੁਗ-ਜੁਗ ਜੀਣਾਂ ਤੇਰੇ ਇਸ ਭਗਤ ਸਿੰਘ ਨੇ।

ਮਾਂ : ਪੁੱਤ ਕੋਈ ਵੀ ਮਾਂ ਇਹ ਨਹੀਂ ਚਾਹੁੰਦੀ ਕਿ ਉਸਦਾ ਜੁਆਨ ਪੁੱਤ ਉਸਦੀਆਂ ਅੱਖਾਂ ਦੇ ਸਾਹਮਣੇ ਇਸ



ਦੁਨੀਆਂ ਤੋਂ ਤੁਰ ਜਾਵੇ।

ਭਗਤ ਸਿੰਘ : ਤੇ ਕੋਈ ਵੀ ਅਣਖੀ ਪੁੱਤ ਇਹ ਨਹੀਂ ਚਾਹੇਗਾ ਕਿ ਉਸਦੀ ਮਾਂ ਦੇ ਪੈਰਾਂ ਵਿਚ ਜ਼ੰਜੀਰਾਂ ਪਈਆਂ ਹੋਣ ਤੇ ਪੁੱਤ ਜਵਾਨੀਆਂ ਮਾਣਦਾ ਫਿਰੇ। ਤੂੰ ਦੇਖੀਂ ਮਾਂ ਇਕ ਦਿਨ ਲੋਕ ਆਪਣੇ ਘਰਾਂ 'ਚੋਂ ਬਾਹਰ ਨਿਕਲ ਸੜਕਾਂ 'ਤੇ ਆ ਜਾਣਗੇ ਤੇ ਆਪਣਾਂ ਮੁਲਕ ਜ਼ਰੂਰ ਅਜ਼ਾਦ ਹੋਏਗਾ।

ਮਾਂ : ਹਾਂ ਪੁੱਤ ਜ਼ਰੂਰ ਹੋਏਗਾ।

ਭਗਤ ਸਿੰਘ : ਫਿਰ ਤੂੰ ਉਦਾਸ ਕਿਉਂ ਹੋ ਰਹੀ ਐ ਮਾਂ ?

ਰਣਜੀਤ ਸਿੰਘ : (ਆਪਣੇ ਮੰਜੇ 'ਤੇ ਬੈਠਾ ਹੀ ਪਾਗਲਾਂ ਵਾਂਗ ਇਸ ਤਰ੍ਹਾਂ ਬੋਲਦਾ ਹੈ, ਜਿਵੇਂ ਆਪਣੇ ਵੱਲੋਂ ਹੀ ਖੇਡੇ ਨਾਟਕ ਵਿੱਚ ਬੋਲੇ ਆਪਣੇ ਸੰਵਾਦਾਂ ਦਾ ਜਵਾਬ ਦੇ ਰਿਹਾ ਹੋਵੇ) ਉਦਾਸ ਕਿਉ ਨਾ ਹੋਵਾਂ ? ਇਸ ਅਜ਼ਾਦੀ ਦਾ ਰੰਗ ਫਿੱਕਾ ਪੈ ਗਿਆ ਐ।

ਭਗਤ ਸਿੰਘ : ਮੈਂ ਨਾ ਸਹੀ ਮੇਰੀਆਂ ਆਉਣ ਵਾਲੀਆਂ ਨਸਲਾਂ ਆਜ਼ਾਦੀ ਦਾ ਨਿੱਘ ਜ਼ਰੂਰ ਮਾਨਣਗੀਆਂ ਤੇ ਆਜ਼ਾਦ ਭਾਰਤ ਦਾ ਸੂਰਜ ਪੂਰੀ ਦੁਨੀਆਂ ਦੇ ਅੰਬਰ 'ਤੇ ਚਮਕੇਗਾ।

ਰਣਜੀਤ ਸਿੰਘ : ਇਸ ਸੂਰਜ ਨੂੰ ਗ੍ਰਹਿਣ ਲੱਗ ਚੁੱਕਾ ਐ, ਮੈਂ ਗੁਲਾਮੀ ਦੀ ਦਲਦਲ ਵਿੱਚ ਹੋਰ ਥੱਲੇ-ਹੋਰ ਥੱਲੇ ਧੱਸਦਾ ਈ ਜਾ ਰਿਐਂ।

ਮਾਂ : ਪੁੱਤ ਤੇਰਾ ਕੁਝ ਖਾਣ ਨੂੰ ਜੀ ਕਰਦਾ ਹੋਵੇ .... ਕੁਝ ਨਵਾਂ ਵੇਖਣ ਨੂੰ ਜੀ ਕਰਦਾ ਹੋਵੇ...ਕੁਝ ਵੱਖਰਾ ਪਹਿਨਣ ਨੂੰ ਜੀ ਕਰਦਾ ਹੋਵੇ ?

ਭਗਤ ਸਿੰਘ : ਆਪਣੇ ਹੱਥਾਂ ਦੀ ਬਣਾਈ ਰੋਟੀ ਭੇਜ ਦਈ ਮਾਂ। ਜਿੱਥੋਂ ਤੱਕ ਨਵਾਂ ਦੇਖਣ ਦਾ ਸਵਾਲ ਐ ਆਪਣੇ ਮੁਲਕ ਨੂੰ ਆਜ਼ਾਦ ਹੋਇਆ ਵੇਖਣਾ ਚਾਹੁੰਨਾ। ਮੈਂ ਜਦੋਂ ਤੋਂ ਹੋਸ਼ ਸੰਭਾਲੀ ਐ ਬਸੰਤੀ ਚੋਲਾ ਪਹਿਨਣ ਦੀ ਖ਼ਾਹਿਸ਼ ਰਹੀ ਐ। ਮੇਰਾ ਰੰਗ ਦੇ ਬਸੰਤੀ ਚੋਲਾ... ਮੇਰਾ ਰੰਗ ਦੇ ਬਸੰਤੀ ਚੋਲਾ....।

(ਪਿੱਛੋਂ ਗੀਤ ਦੇ ਬੋਲ ਫੇਰ ਉਭਰਦੇ ਹਨ। ਮੁਲਾਕਾਤ ਦਾ ਸਮਾਂ ਖਤਮ ਹੋ ਚੁੱਕਾ ਹੈ। ਭਗਤ ਸਿੰਘ ਮਾਂ ਦੇ ਪੈਰੀਂ ਹੱਥ ਲਾਉਂਦਾ ਹੈ

ਮਾਂ ਫੇਰ ਅਸੀਸ ਦਿੰਦੀ ਹੈ ਅਤੇ ਬਾਹਰ ਚਲੀ ਜਾਂਦੀ ਹੈ। ਹੌਲੀਹੌਲੀ ਭਗਤ ਸਿੰਘ ਵੀ ਦ੍ਰਿਸ਼ ਵਿੱਚੋਂ ਅਲੋਪ ਹੋ ਜਾਂਦਾ ਹੈ। ਰਣਜੀਤ ਸਿੰਘ ਮੰਜੇ ਤੋਂ ਉਠ ਕੇ ਖੜ੍ਹਾ ਹੁੰਦਾ ਹੈ, ਡੈਂਬਰਿਆ ਹੋਇਆ ਐਧਰ ਉਧਰ ਦੇਖਦਾ ਹੈ ਅਤੇ ਫੇਰ ਮੰਜੇ 'ਤੇ ਲੇਟ ਸੌਣ ਦੀ ਕੋਸ਼ਿਸ਼ ਕਰਦਾ ਹੈ। ਭਗਤ ਸਿੰਘ ਮੁੜ ਤੇਜ਼ੀ ਨਾਲ ਮੰਚ ਤੇ ਆਉਂਦਾ ਹੈ ਅਤੇ ਹੁਣ ਭਗਤ ਸਿੰਘ ਅਤੇ ਰਣਜੀਤ ਦਰਮਿਆਨ ਇਕ ਸਿੱਧੀ ਸੁਪਨਮਈ ਵਾਰਤਾਲਾਪ ਉਭਰਦੀ ਹੈ।)

ਭਗਤ ਸਿੰਘ : ਮੈਂ ਚਾਹੁੰਦਾ ਹਾਂ ਕਿ ਹਿੰਦ ਵਾਸੀ ਜਾਗਣ ਤੇ ਆਪਣੀ ਤਕਦੀਰ ਖ਼ੁਦ ਘੜਨ।

ਰਣਜੀਤ ਸਿੰਘ : (ਤ੍ਰਭਕ ਕੇ) ਕੀ ! ਭਗਤ ਸਿੰਘ ! ਇਹ ਲਾਈਨਾਂ ਤਾਂ ਮੈਂ ਬੋਲੀਆਂ ਸਨ ਜਦੋਂ ਨਾਟਕ ਖੇਡਿਆ ਸੀ।

ਭਗਤ ਸਿੰਘ : ਅਸੀ ਆਪਣੀ ਜ਼ਿੰਦਗੀ ਨੂੰ ਕਿਸੇ ਹੋਰ ਦੇ ਰਹਿਮੋ ਕਰਮ ਤੇ ਕਿਉਂ ਛੱਡੀਏ, ਆਪਣੇ ਹੱਥਾਂ ਨੂੰ ਕਰਾਰੇ ਕਰਕੇ ਦੁਸ਼ਮਣ ਸੰਗ ਜੂਝੀਏ।

ਰਣਜੀਤ ਸਿੰਘ : ਇਹ ਹੱਥ ਬੜੇ ਕਮਜ਼ੋਰ ਹੋ ਗਏ ਨੇ ਭਗਤ ਸਿੰਘ।

ਭਗਤ ਸਿੰਘ : ਅਸੀਂ ਗੁਲਾਮੀ ਭਰੀ ਜ਼ਿੰਦਗੀ ਨੂੰ ਆਪਣੀ ਹੋਣੀ ਮੰਨਣ ਤੋਂ ਇਨਕਾਰੀ ਹੋਈਏ। ਵੈਰੀ ਨੇ ਸਾਨੂੰ ਜਿਸ ਪਿੰਜਰੇ ਅੰਦਰ ਕੈਦ ਕੀਤਾ ਹੈ, ਉਸ ਪਿੰਜਰੇ ਦੀ ਛੱਤ ਨੂੰ ਅੰਬਰ ਸਮਝਣ ਦੀ ਗਲਤੀ ਨਾ ਕਰੀਏ।

ਰਣਜੀਤ ਸਿੰਘ : ਇਸ ਛੱਤ ਤੋਂ ਬਾਹਰ ਜਾਣ ਦੀ ਕੋਸ਼ਿਸ਼ ਕਰਦਾਂ ਤਾਂ ਖੰਭ ਜ਼ਖਮੀ ਹੋ ਜਾਂਦੇ ਨੇ, ਪਰਿੰਦੇ ਦੀ ਮੌਤ ਹੋ ਗਈ ਜੇ, ਫੇਰ।

ਭਗਤ ਸਿੰਘ : ਜਉ ਤਉ ਪ੍ਰੇਮ ਖੇਲਣ ਕਾ ਚਾਉ, ਸਿਰ ਧਰ ਤਲੀ ਗਲੀ ਮੋਰੀ ਆਉ। ਇਸ ਪਰਿੰਦੇ ਨੂੰ ਆਪਣੇ ਪਰਾਂ ਅੰਦਰ ਲੰਮੀਂ ਪਰਵਾਜ਼ ਲਈ ਸ਼ਕਤੀ ਭਰਨੀ ਪਏਗੀ।

ਰਣਜੀਤ ਸਿੰਘ : ਪਿੰਜਰੇ ਦੀਆਂ ਸਲਾਖ਼ਾਂ ਬਹੁਤ ਸਖ਼ਤ ਨੇ, ਬਾਹਰ ਨਿਕਲਣਾ ਅਸੰਭਵ ਹੈ।

ਭਗਤ ਸਿੰਘ : ਅਸੀਂ ਆਪਣੇ ਮਨਾਂ ਅੰਦਰ ਇਹ ਵਿਸ਼ਵਾਸ਼ ਭਰੀਏ ਕਿ ਮੁਸ਼ਕਿਲ ਤੋਂ ਮੁਸ਼ਕਿਲ ਮੰਜ਼ਿਲ ਵੀ ਸਰ ਕੀਤੀ ਜਾ ਸਕਦੀ ਹੈ।

ਰਣਜੀਤ ਸਿੰਘ : ਮੈਂ ਲੜਨ ਜੋਗਾ ਨਹੀਂ ਰਿਹਾ, ਮੂੰਹ ਜ਼ੋਰ ਝਖ਼ੜਾਂ ਨੇ ਮੈਨੂੰ ਝੰਬ ਸੁੱਟਿਐ। ਮੇਰੇ ਪੈਰ ਚੱਲਣ ਤੋਂ ਇਨਕਾਰੀ ਨੇ, ਮੈਂ ਹਾਰ ਚੁਕਿਆਂ ਹਾਂ ਭਗਤ ਸਿੰਘ।



ਭਗਤ ਸਿੰਘ : ਹਾਰਾਂ ਨੂੰ ਜਿੱਤਾਂ 'ਚ ਬਦਲਣ ਲਈ ਸਾਨੂੰ ਕੱਠੇ ਹੋਣਾ ਪਏਗਾ, ਡਿੱਗ-2 ਕੇ ਵਾਰ-2, ਉੱਠਣਾ ਪਏਗਾ, ਅੱਗੇ ਵੱਧਣਾ ਪਏਗਾ.... ਅੱਗੇ ਵੱਧਣਾ ਪਏਗਾ।

(ਭਗਤ ਸਿੰਘ ਅਲੋਪ ਹੁੰਦਾ ਹੈ)

ਰਣਜੀਤ ਸਿੰਘ : ਭਗਤ ਸਿੰਘ ਮੇਰੇ ਨਾਲ ਗੱਲਾਂ ਕਿਉਂ ਕਰ ਰਿਹਾ ਸੀ, ਇਹ ਭਗਤ ਸਿੰਘ ਕਿੱਥੋਂ ਆਇਆ.... ਕੀ ਭਗਤ ਸਿੰਘ ਮੇਰੇ ਅੰਦਰ ਕਿਤੇ ਹਾਲੇ ਵੀ ਸਹਿਕ ਰਿਹੈ... ਕੀ ਮੇਰੇ ਅੰਦਰਲਾ ਭਗਤ ਸਿੰਘ ਜਿਊਂਦਾ ਹੈ।

ਕਾਲੀਆਂ ਅਵਾਜ਼ਾਂ : ਨਹੀਂ ਤੇਰੇ ਅੰਦਰਲਾ ਭਗਤ ਸਿੰਘ ਕਦੋਂ ਦਾ ਮਰ ਚੁੱਕਾ ਐ, ਐਵੇ ਬਾਹਲਾ ਨਾ ਸੋਚ।

ਰਣਜੀਤ ਸਿੰਘ : ਨਹੀਂ ਉਹ ਹੁਣੇ ਮੇਰੇ ਅੰਦਰੋਂ ਬੋਲਿਆ ਸੀ।

(ਕਾਲੇ ਚੋਗੇ ਪਾਏ ਚਾਰ ਜਣੇ ਬੋਲਦੇ ਹੋਏ ਉਸਨੂੰ ਘੇਰਾ ਪਾ ਲੈਂਦੇ ਹਨ।)

ਅਵਾਜ਼ਾਂ : ਤੇਰੇ ਮਨ ਦਾ ਵਹਿਮ ਐ, ਤੇਰਾ ਨਸ਼ਾ ਟੁੱਟ ਰਿਹਾ ਐ, ਬੋਤਲ ਚੁੱਕ ਕੇ ਕੈਮ ਹੋ', ਭਗਤ ਸਿੰਘ ਤੇਰੇ ਅੰਦਰੋਂ ਕਦੋਂ ਦਾ ਜਾ ਚੁੱਕਾ ਹੈ.... ਮਤ ਸੋਚ ਝੋਲੀਆਂ ਗੱਲਾਂ ....ਬੋਤਲ ਚੁੱਕ ਕੇ ਕੈਮ ਹੋ ..... (ਘੇਰਾ ਪਾ ਕੇ ਬੋਲੀ ਜਾਂਦੇ ਹਨ। ਰਣਜੀਤ ਸਿੰਘ ਬੋਤਲ ਨੂੰ ਮੂੰਹ ਲਾਣ ਲੱਗਦਾ ਹੈ ਤਾਂ ਭਗਤ ਸਿੰਘ ਅਤੇ ਅਮਰਜੀਤ ਸਿੰਘ ਮੰਚ ਤੇ ਆਂਦੇ ਹਨ।)

ਦੋਵੇਂ : ਆਪਣੇ ਅੰਦਰ ਝਾਤੀ ਮਾਰ, ਤੇਰੇ ਅੰਦਰਲਾ ਭਗਤ ਸਿੰਘ ਜ਼ਿੰਦਾ ਹੈ, ਬਾਹਰ ਆਉਣ ਲਈ ਤੜਪ ਰਿਹਾ, ਹਿੰਮਤ ਕਰ, ਬਾਹਰ ਨਿਕਲ ਪਿੰਜਰੇ 'ਚੋਂ, ਭਗਤ ਸਿੰਘ ਨੂੰ ਅੰਦਰ ਨਾ ਦਬਾ, ਹਿੰਮਤ ਕਰ ਰਣਜੀਤ ਸਿਆਂ।

ਕਾਲੀਆਂ ਅਵਾਜ਼ਾਂ : ਵਹਿਮ ਨਾ ਕਰ ਬੋਤਲ ਚੁੱਕ

ਦੋਵੇਂ : ਹਿੰਮਤ ਕਰਕੇ ਪਿੰਜਰਾ ਤੋੜ

ਕਾਲੀਆਂ ਅਵਾਜ਼ਾਂ : ਤੇਰੇ ਅੰਦਰਲਾ ਭਗਤ ਸਿੰਘ ਮਰ ਚੁੱਕਾ ਹੈ।

ਦੋਵੇਂ : ਤੇਰੇ ਅੰਦਰਲਾ ਭਗਤ ਸਿੰਘ ਜ਼ਿੰਦਾ ਹੈ।

ਕਾਲੀਆਂ ਅਵਾਜ਼ਾਂ : ਮਰ ਚੁੱਕਾ ਹੈ।

ਦੋਵੇਂ : ਜ਼ਿੰਦਾ ਹੈ।

(ਕਾਲੀਆਂ ਤਾਕਤਾਂ ਪਿੰਜਰਾਂ ਨੁਮਾਂ ਘੇਰਾ ਬਣਾ ਕੇ ਘੁੰਮ ਰਹੀਆਂ ਹਨ, ਰਣਜੀਤ ਸਿੰਘ ਬਾਹਰ ਨਿਕਲਣ ਲਈ ਛਟਪਟਾ ਰਿਹਾ ਹੈ,

ਭਗਤ ਸਿੰਘ ਅਤੇ ਅਮਰਜੀਤ ਸਿੰਘ ਉਸਨੂੰ ਪਿੰਜਰੇ ਦੇ ਬਾਹਰੋਂ ਪ੍ਰੇਰਿਤ ਕਰ ਰਹੇ ਹਨ ਅਤੇ ਕਾਫ਼ੀ ਕਸ਼ਮਕਸ਼ ਤੋਂ ਬਾਅਦ ਕਾਲੀਆਂ ਤਾਕਤਾਂ ਅਤੇ ਦੋਵੇਂ ਬਾਹਰ ਜਾਂਦੇ ਹਨ, ਰਣਜੀਤ ਸਿੰਘ ਪਸੀਨਾ-ਪਸੀਨਾ ਹੋਇਆ ਹੈ।)

ਰਣਜੀਤ ਸਿੰਘ : ਇਹ ਮੇਰੇ ਅੰਦਰ ਕਿਹੋ ਜਿਹਾ ਘੋਲ ਚੱਲ ਰਿਹਾ ਹੈ....ਕੁਝ ਸਮਝ ਨਹੀਂ ਆਂਦਾ ਮੈਂ ਬਹੁਤ ਥੱਕ ਗਿਆਂ...ਮੈਨੂੰ ਨੀਂਦ ਆ ਰਹੀ ਹੈ।

(ਸੌਂਦਾ ਹੈ ਤਾਂ ਬਾਹਰੋਂ ਰੋਣ ਦੀਆਂ ਅਵਾਜ਼ਾਂ ਆਂਦੀਆਂ ਹਨ, ਉੱਠ ਕੇ ਬੈਠਦਾ ਹੈ)

ਰਣਜੀਤ ਸਿੰਘ : ਇਹ ਲੋਕੀਂ ਰੋ ਕਿਉਂ ਰਹੇ ਨੇ, ਮੈਂ ਹਾਲੇ ਜ਼ਿੰਦਾ..... ਕੀ ਮੈਂ ਮਰ ਗਿਆ ਹਾਂ। (ਆਪਣੇ ਆਪ ਨੂੰ ਟੋਹ ਕੇ ਦੇਖਦਾ ਹੈ) ਕਿਉਂ ਰੋ ਰਹੇ ਨੇ ਲੋਕ.... ਕਿਸਦੀ ਮੌਤ ਤੇ।

(ਰੋਂਦੀ ਹੋਈ ਮਕਾਣ ਸਟੇਜ ਦੇ ਇਕ ਪਾਸੇ ਤੋਂ ਪ੍ਰਵੇਸ਼ ਕਰਦੀ ਹੈ, ਰਣਜੀਤ ਸਿੰਘ ਉਠਕੇ ਪਾਗਲਾਂ ਵਾਂਗ ਉਹਨਾਂ ਨੂੰ ਚੁੱਪ ਕਰਵਾਉਣ ਦੀ ਕੋਸ਼ਿਸ਼ ਕਰਦਾ ਐ ਪਰ ਉਹ ਰੋਂਦੇ ਹੋਏ ਦੂਜੇ ਪਾਸੇ ਲੰਘ ਜਾਂਦੇ ਹਨ।)

ਰਣਜੀਤ ਸਿੰਘ : ਬੰਦ ਕਰੋ ਇਹ ਰੋਣ ਦੀਆਂ ਅਵਾਜਾਂ .... ਬੰਦ ਕਰੋ (ਆਲੇ ਦੁਆਲੇ ਦੇਖਦਾ ਹੈ) ਹੈਂਅਅ ਇੱਥੇ ਤਾਂ ਕੋਈ ਵੀ ਨਹੀਂ.... ਮੈਨੂੰ ਕੀ ਹੋ ਗਿਆ...... ਹਾਇਉ ਰੱਬਾ ਮੈਂ ਕੀ ਕਰਾਂ (ਮੰਜੇ ਤੇ ਜਾ ਕੇ ਡਿੱਗਦਾ ਹੈ) ਮੈਂ ਕੀ ਕਰਾਂ ?

ਨੈਗੇਟਿਵ ਅਵਾਜਾਂ : ਜ਼ਿੰਦਗੀ ਹੈ ਚਾਰ ਦਿਨ ਦੀ ਰੱਜਕੇ ਪੀ ਤੇ ਐਸ਼ ਕਰ

ਪਾਜ਼ਿਟਿਵ ਅਵਾਜ਼ਾਂ : ਜ਼ਿੰਦਗੀ ਏ ਜੀਣ ਲਈ, ਤੂੰ ਜ਼ੋਰ ਲਾ ਸੰਘਰਸ਼ ਕਰ।

(ਡਾਊਨ ਸਟੇਜ ਤੇ ਕਾਲੀਆਂ ਤਾਕਤਾਂ ਅਤੇ ਅੱਪ ਸਟੇਜ਼ ਤੇ ਪਾਜ਼ਿਟਿਵ ਤਾਕਤਾਂ ਵਾਰ-2 ਇਹ ਲਾਈਨਾਂ ਦੁਹਰਾਉਂਦੀਆਂ ਹਨ। ਰਣਜੀਤ ਸਿੰਘ ਛਟਪਟਾ ਰਿਹਾ ਹੈ, ਚਰਮ ਸੀਮਾ ਤੇ ਪਹੁੰਚਕੇ ਰੌਲਾ ਬੰਦ ਹੁੰਦਾ ਹੈ।)

ਰਣਜੀਤ ਸਿੰਘ : ਇਹ ਮੈਨੂੰ ਕੀ ਹੋਈ ਜਾ ਰਿਹੈ... ਭਗਤ ਸਿੰਘ ਦਾ ਨਾਂ ਲੈ ਕੇ ਤੂੰ ਸੁੱਤੇ ਪਾਣੀਆਂ 'ਚ ਲਹਿਰ ਛੇੜ ਦਿੱਤੀ ਐ ਦੋਸਤਾ.... ਪਰ ਮੈਂ ਇਸ ਲਹਿਰ ਵਿੱਚ ਕੁੱਦਣ ਦੇ ਲਾਇਕ ਨਹੀਂ।

(ਮਹਿੰਦਰ ਕੌਰ ਅੰਦਰੋਂ ਦੇਖਦੀ ਹੈ ਅਤੇ ਹਿਕਾਰਤ ਨਾਲ ਰਣਜੀਤ ਵੱਲ ਦੇਖਦਿਆਂ ਬਾਹਰ ਜਾਂਦੀ ਹੈ, ਇਸੇ ਵੇਲੇ ਬਾਹਰੋਂ ਮੱਘਰ ਸਿੰਘ ਆਉਂਦਾ ਹੈ)



ਮੱਘਰ ਸਿੰਘ : ਬਾਈ ਕਿਵੇਂ ਪਸੀਨਾ-ਪਸੀਨਾ ਹੋਇਆ ਪਿਆਂ, ਖ਼ੈਰ ਤਾਂ ਹੈ ?

ਰਣਜੀਤ ਸਿੰਘ : ਤੂੰ ਸਾਡੇ ਘਰ ਨਾ ਆਇਆ ਕਰ ਮੱਘਰ ਸਿਆਂ।

ਮੱਘਰ ਸਿੰਘ : ਮਹਿੰਦਰ ਕੌਰ ਕਹਿ ਦਏ ਤਾਂ ਨਹੀਂ ਆਉਂਦਾ।

ਰਾਣੋ : (ਅੰਦਰੋਂ ਨਿਕਲਦਿਆਂ) ਤੈਨੂੰ ਮੈਂ ਕਹਿ ਰਹੀ ਆਂ ਸਰਦਾਰ, ਅੱਜ ਤੋਂ ਬਾਅਦ ਸਾਡੇ ਘਰ ਪੈਰ ਨਾ ਪਾਈਂ।

ਮੱਘਰ ਸਿੰਘ : ਅੱਛਾ ! ਬਈ ਵਾਹ ! ਆਹ ਹੋਈ ਨਾ ਗੱਲ। ਕਈ ਦਿਨਾਂ ਤੋਂ ਫਿੱਕੀਆਂ ਸਬਜੀਆਂ ਖਾਈ ਜਾਂਦੇ ਸੀ, ਅੱਜ ਮੂੰਹ ਕਰਾਰਾ ਕਰਨ ਦਾ ਮੌਕਾ ਮਿਲਿਆ....।

ਰਣਜੀਤ ਸਿੰਘ : ਆਪਣੀ ਜ਼ੁਬਾਨ ਨੂੰ ਲਗਾਮ ਦੇ ਮੱਘਰ ਸਿਆਂ।

ਮੱਘਰ ਸਿੰਘ : ਤੈਨੂੰ ਕਿੰਨੀ ਵਾਰ ਸਮਝਾਇਆ ਕਿ ਗੁੱਸਾ ਨਾ ਕਰਿਆ ਕਰ, ਕਿਉਂ ਮਰਨ ਤੇ ਤੁਲਿਆ। ਰਾਣੋਂ, ਅੱਜ ਮੈਂ ਆਇਆਂ ਤਾਂ ਖਾਲੀ ਹੱਥ ਨਹੀਂ ਜਾਣਾ, ਮੈਂ ਵੀ ਦੇਖਾਂ ਕਿੰਨੀ ਕੁ ਪੜ੍ਹਾਈ ਕੀਤੀ ਐ ਤੈਂ (ਉਹਦੇ ਵੱਲ ਵੱਧਦਾ ਹੈ)

ਰਾਣੋ : ਮੈਨੂੰ ਹੱਥ ਨਾ ਲਾਈਂ ਸਰਦਾਰਾ

(ਮੱਘਰ ਸਿੰਘ ਉਸਦਾ ਹੱਥ ਫੜ੍ਹਦਾ ਹੈ। ਰਾਣੋ ਧੱਕਾ ਮਾਰਦੀ ਹੈ, ਰਣਜੀਤ ਸਿੰਘ ਮੰਜੇ ਤੋਂ ਉੱਠਣ ਦੀ ਕੋਸ਼ਿਸ਼ ਕਰਦਾ ਹੈ ਫਿਰ ਡਿੱਗ ਪੈਂਦਾ ਹੈ, ਰਾਣੋ ਅਤੇ ਮੱਘਰ ਦਾ ਸੰਘਰਸ਼ ਚੱਲ ਰਿਹਾ ਹੈ, ਕਾਫੀ ਕਸ਼ਮਕਸ਼ ਤੋਂ ਬਾਅਦ ਰਣਜੀਤ ਸਿੰਘ ਮੱਘਰ ਨੂੰ ਫੜਨ ਲੱਗਦਾ, ਧੱਕਾ ਵੱਜਦਾ ਹੈ ਤਾਂ ਰਣਜੀਤ ਸਿੰਘ ਬੋਤਲ ਕੋਲ ਜਾ ਕੇ ਡਿੱਗਦਾ ਹੈ ਰਣਜੀਤ ਬੋਤਲ ਚੁੱਕ ਕੇ ਮੰਜੇ ਦੀ ਬਾਹੀ 'ਤੇ ਮਾਰਕੇ ਤੋੜਦਾ ਹੈ ਅਤੇ ਕਸ਼ਮਕਸ਼ ਕਰਦੇ ਮੱਘਰ ਸਿੰਘ ਢਿੱਡ ਵਿੱਚ ਖੋਭ ਦਿੰਦਾ ਹੈ। ਇਸ ਵੇਲੇ ਮਹਿੰਦਰ ਕੌਰ ਅੰਦਰ ਆਉਂਦੀ ਹੈ ਅਤੇ ਨਾਲ ਹੀ ਅਮਰਜੀਤ ਵੀ ਹੈ। ਮੱਘਰ ਸਿੰਘ ਤੜਪਦਾ ਹੋਇਆ ਥੱਲੇ ਡਿੱਗਦਾ ਹੈ। ਰਾਣੋ ਰਣਜੀਤ ਸਿੰਘ ਨੂੰ ਸੰਭਾਲਦੀ ਹੈ। ਮਹਿੰਦਰ ਕੌਰ ਕਿੱਲੀ ਤੋਂ ਚੁੰਨੀ ਉਤਾਰ ਕੇ ਸਿਰ 'ਤੇ ਲੈਂਦੀ ਹੈ। ਤਿੰਨੋਂ ਜਣੇ ਰਣਜੀਤ ਸਿੰਘ ਕੋਲ ਆਉਂਦੇ ਹਨ)

ਮਹਿੰਦਰ ਕੌਰ : ਰਾਣੋ ਦੇ ਡੈਡੀ ਅੱਜ ਤੁਸੀਂ ਇੱਕ ਬੁਰਾਈ ਦਾ ਅੰਤ ਕੀਤੈ।

ਅਮਰਜੀਤ ਸਿੰਘ : ਹੋ ਸਕਦੈ ਮਿੱਤਰਾ ਇਹਦੇ ਬਦਲੇ ਤੈਨੂੰ ਜੇਲ੍ਹ ਜਾਣਾ ਪਵੇ।

ਰਾਣੋ : ਪਰ ਜਦੋਂ ਤੁਸੀਂ ਜੇਲ੍ਹ ਤੋਂ ਬਾਹਰ ਆਉਗੇ ਤਾਂ ਆਪਣੇ ਅੰਦਰਲੀਆਂ ਸਾਰੀਆਂ ਬੁਰਾਈਆਂ ਨੂੰ ਖਤਮ ਕਰਕੇ ਆਇਓ।

ਮਹਿੰਦਰ ਕੌਰ : ਫੇਰ ਅਸੀਂ ਇਕ ਨਵੀਂ ਜ਼ਿੰਦਗੀ ਸ਼ੁਰੂ ਕਰਾਂਗੇ।

ਰਾਣੋ : ਤੇ ਮੈਂ ਆਪਣੀਆਂ ਸਹੇਲੀਆਂ 'ਚ ਮਾਣ ਨਾਲ ਕਹਿ ਸਕਾਂਗੀ ਕਿ ਮੇਰੇ ਡੈਡੀ ਨੇ ਭਗਤ ਸਿੰਘ ਦਾ ਰੋਲ ਕੀਤਾ ਸੀ। (ਪਿੱਠ ਪਿੱਛੋਂ ਗੀਤ ਦੇ ਬੋਲ ਉੱਭਰਦੇ ਹਨ)

ਗੀਤ

ਜ਼ਖ਼ਮੀ ਖੰਭਾਂ ਅੱਜ ਉਡਾਰੀ ਮਾਰੀ ਏ,
ਨਵੇਂ ਸੰਗਰਾਮ ਦੀ ਲੋਕੋ ਫੇਰ ਤਿਆਰੀ ਏ।
ਫੇਰ ਤਿਆਰੀ ਏ, ਫੇਰ ਤਿਆਰੀ ਏ....।

– – ਅੰਤ੍ਰਿਮ ਫੇਡ ਆਊਟ –



# ਕਿਰਨ

ਕੇਵਲ ਧਾਲੀਵਾਲ

## ਪਾਤਰ

ਜੀਤ : ਵਿਆਹਿਆ ਹੋਇਆ ਨੌਜਵਾਨ

ਕਿਰਨ : ਜੀਤ ਦੀ ਪਤਨੀ

ਭਾਪਾ ਜੀ : ਜੀਤ ਦਾ ਪਿਤਾ

ਬੀਜੀ : ਜੀਤ ਦੀ ਮਾਤਾ

ਬੀਰੋ : ਜੀਤ ਦੇ ਘਰ ਦੀ ਨੌਕਰਾਣੀ

(ਘਰ ਦਾ ਦ੍ਰਿਸ਼ । ਨੂੰਹ ਸੋਫ਼ੇ 'ਤੇ ਬੈਠੀ ਹੈ। ਸੱਸ ਬਾਹਰੋਂ ਆਉਂਦੀ ਹੈ। ਸੱਸ ਖੁਸ਼ ਨਜ਼ਰ ਆ ਰਹੀ ਏ। ਮਠਿਆਈ ਦਾ ਡੱਬਾ ਹੱਥ ਵਿਚ ਫੜ੍ਹਿਆ ਹੋਇਆ ਏ)

ਕਿਰਨ : ਕੀ ਗੱਲ ਏ ਬੀ ਜੀ, ਅੱਜ ਬੜੇ ਖੁਸ਼ ਓ। ਇਹ ਮਠਿਆਈ ਦਾ ਡੱਬਾ ਕਿੱਥੋਂ ਆਇਆ ਏ ਸਵੇਰੇ ਸਵੇਰੇ।

ਬੀਜੀ : ਖ਼ੁਸ਼ੀ ਵਾਲੀ ਈ ਗੱਲ ਏ। ਜੇ ਸੱਚੇ ਪਾਤਸ਼ਾਹ ਦੀ ਮਿਹਰ ਹੋਵੇ ਤਾਂ ਹੀ ਖੁਸ਼ੀਆਂ ਦੀ ਮਿਹਰ ਹੁੰਦੀ ਏ। ਇਹ ਸ਼ਗਨਾਂ ਦੀ ਮਠਿਆਈ ਏ।

ਕਿਰਨ : ਕਿਹਦੇ 'ਤੇ ਹੋਈ ਏ ਅੱਜ ਖ਼ੁਸ਼ੀਆਂ ਦੀ ਮਿਹਰ ?

ਬੀਜੀ : ਮੇਰੇ ਮਾਮੇ ਦੀ ਧੀ ਭੈਣ ਦੇ ਘਰ ਪਲੇਠਾ ਪੋਤਰਾ ਹੋਇਆ ਏ। ਓਧਰੋਂ ਹੀ ਆਇਆ ਇਹ ਮਠਿਆਈ ਦਾ ਡੱਬਾ। ਲੈ ਤੂੰ ਵੀ ਮੂੰਹ ਮਿੱਠਾ ਕਰ। (ਕੁਝ ਉਦਾਸ ਹੋ ਕੇ) ਹੇ ਸੱਚੇ ਪਾਤਸ਼ਾਹ ਸਾਡੇ ਘਰ ਵੀ ਮਿਹਰ ਕਰ, ਕਦੇ ਮੈਂ ਵੀ ਏਹੋ ਜਿਹੇ ਡੱਬੇ ਲੈ ਕੇ ਆਪਣਿਆਂ ਵੱਲ ਜਾਵਾਂ। ਕਦੀ ਤਾਂ ਸਾਡੇ ਘਰ ਉੱਤੇ ਵੀ ਰੱਬ ਸੱਚੇ ਦੀ ਮਿਹਰ ਹੋਵੇਗੀ। ਮੈਂ ਕਦੋਂ ਬਣਾਂਗੀ–ਦਾਦੀ ਅੰਮਾ। ਖ਼ਰੇ, ਕਦੋਂ ਨਸੀਬ ਹੋਣਗੀਆਂ ਸਾਨੂੰ ਇਹ ਖ਼ੁਸ਼ੀਆਂ ?

ਕਿਰਨ : ਮੈਂ ਤੁਹਾਡੀਆਂ ਰੀਝਾਂ ਸੁਪਨਿਆਂ ਨੂੰ ਸਮਝਦੀ ਆਂ ਬੀ ਜੀ। ਅਸੀਂ ਵੀ ਚਾਹੁੰਨੇ ਆਂ ਸਾਡੇ ਘਰ ਦੇ ਬੂਹੇ 'ਤੇ ਵੀ

ਸ਼ਰੀਂਹ ਦੇ ਪੱਤੇ ਬੱਝਣ ਤੇ ਮੇਰੀ ਕੁੱਖੋਂ ਜਾਏ ਦੀਆਂ ਕਿਲਕਾਰੀਆਂ ਨਾਲ ਘਰ ਗੂੰਜ ਪਵੇ। ਅਸੀਂ ਵੀ ਹਰ ਹੀਲਾ ਕਰ ਰਹੇ ਆਂ, ਪਰ ਕੁਦਰਤ ਦੇ ਕੀਤੇ ਸਾਹਵੇਂ ਅਸੀਂ ਕੀ ਕਰੀਏ ?

ਬੀਜੀ : ਕੁੜੀਏ ਕੁਦਰਤ ਵਾਲੀ ਗੱਲ ਵੀ ਠੀਕ ਹੋਊਗੀ, ਪਰ ਪਿਛਲੇ ਕਰਮਾਂ ਦੇ ਫਲ ਵੀ ਤਾਂ ਭੁਗਤਣੇ ਈ ਪੈਂਦੇ ਨੇ। ਮੈਂ ਹੀ ਤੱਤੀ ਨੇ ਸ਼ੈਦ ਪਿਛਲੇ ਜਨਮਾਂ 'ਚ ਕੋਈ ਮਾੜਾ ਕਰਮ ਕੀਤਾ ਹੋਊ, ਜੋ ਮੇਰੇ ਘਰ ਦਾ ਅੱਗਾ ਈ ਰੁਕ ਗਿਆ। ਮੈਂ ਤਾਂ ਕਿਸੇ ਨਾਲ ਕੋਈ ਮਾੜਾ ਨਹੀਂ ਕੀਤਾ। ਰੱਬ ਨੇ ਮੇਰੇ ਘਰ ਉੱਤੇ ਈ ਸਾਰੀ ਕਰੋਪੀ ਕਿਉਂ ਵਰ੍ਹਾ ਦਿੱਤੀ ਏ ? ਬੰਜਰ ਧਰਤੀ ਵੀ ਕਦੇ ਕਦਾਈਂ ਮੌਲ ਪੈਂਦੀ ਏ, ਸੁੱਕੀਆਂ ਕੁੱਖਾਂ ਵੀ ਹਰੀਆਂ ਹੋ ਜਾਂਦੀਆਂ ਨੇ। ਰੱਬ ਸੱਚਾ ਸਭ ਕੁਝ ਸਵਾਰ ਦੇਂਦਾ ਏ। ਦੋਸ਼ ਤੇਰਾ ਵੀ ਨਹੀਂ ਧੀਏ, ਇਹ ਸਾਡੇ ਕਰਮਾਂ ਦਾ ਈ ਫਲ ਏ।

ਕਿਰਨ : ਪਿਛਲੇ ਕਰਮ ਕੀਹਨੇ ਵੇਖੇ ਨੇ ਬੀਜੀ, ਏਸ ਜਨਮ ਵਿਚ ਅਸੀਂ ਵੀ ਤਾਂ ਕਿਸੇ ਦਾ ਮਾੜਾ ਨਹੀਂ ਕੀਤਾ। ਅਸੀਂ ਵੀ ਆਪਣੀ ਝੋਲੀ ਵਿਚ ਬੱਚੇ ਦੀ ਖ਼ੈਰ ਪਵਾਉਣ ਲਈ ਕੋਈ ਦਰ ਨਹੀਂ ਛੱਡਿਆ। ਹਰ ਇਲਾਜ ਕੀਤਾ ਏ, ਹਰ ਹੀਲਾ ਕਰ ਰਹੇ ਆਂ।

ਬੀਜੀ : ਕਿਸਮਤਾਂ ਈ ਮਾੜੀਆਂ ਹੋਣ ਤਾਂ ਕੋਈ ਕੀ ਕਰ ਸਕਦਾ ਏ, ਲਿਖੀਆਂ ਨੂੰ ਕੌਣ ਮਿਟਾਵੇ। ਚੱਲ ਉੱਠ, ਮੈਨੂੰ ਚਾਹ ਦਾ ਇਕ ਕੱਪ ਬਣਾ ਦੇ। ਮੈਂ ਆਪਣੀ ਭੈਣ ਨੂੰ ਪੋਤਰੇ ਦੀ ਵਧਾਈ ਦੇਣ ਜਾਣਾ ਏ।

(ਕਿਰਨ ਅੰਦਰ ਚਲੀ ਜਾਂਦੀ ਹੈ। ਭਾਪਾ ਜੀ ਦੂਜੇ ਪਾਸੇ ਦੇ ਕਮਰੇ 'ਚੋਂ ਬਾਹਰ ਆਉਂਦੇ ਨੇ।)

ਭਾਪਾ ਜੀ : ਮੇਰੀ ਗੱਲ ਸੁਣ ਚੰਨਣ ਕੁਰੇ, ਤੂੰ ਐਵੇਂ ਨਾ ਕੁੜੀ ਨੂੰ ਮੇਹਣੇ ਮਾਰਦੀ ਰਿਹਾ ਕਰ ।ਏਹਦੇ ਵਿਚ ਇਸ ਵਿਚਾਰੀ ਦਾ ਕੀ ਦੋਸ਼ ਏ। ਕੁਦਰਤ ਵੀ ਕੋਈ ਸ਼ੈ ਹੁੰਦੀ ਏ।

ਬੀਜੀ : ਏਹਦਾ ਕਾਹਦਾ ਦੋਸ਼ ਹੋਣਾ ਏ, ਦੋਸ਼ ਤਾਂ ਸਾਡੀ ਮਾੜੀ ਕਿਸਮਤ ਦਾ ਏ। ਪੁੱਤ ਏਸ ਲਈ ਵਿਆਹੀ ਦੇ ਨੇ ਕਿ ਘਰ ਵਿਚ ਪੁੱਤਾਂ ਦੇ ਪੁੱਤ ਖੇਡਣਗੇ। ਚਾਰੇ ਪਾਸੇ ਚਹਿਲ



ਪਹਿਲ ਹੋਵੇਗੀ। ਮੈਂ ਚਾਹੁੰਨੀ ਬਈ ਮੇਰੀ ਗੋਦ ਵਿਚ ਵੀ ਮੇਰੇ ਲਾਲ ਦਾ ਲਾਲ ਆ ਕੇ ਬੈਠੇ। ਮੈਂ ਵੀ ਦਾਦੀ ਅੰਮਾ ਕਹਾਵਾਂ। ਮੈਨੂੰ ਵੀ ਕੋਈ ਆ ਕੇ ਕਹੇ-ਦਾਦੀ ਅੰਮਾ ਨੀਂਦ ਨਹੀਂ ਆ ਰਹੀ, ਕੋਈ ਕਹਾਣੀ ਸੁਣਾ ਤੇ ਮੈਂ ਕੋਈ ਲੰਬੀ ਕਹਾਣੀ ਛੋਹ ਲਵਾਂ।

ਭਾਪਾ ਜੀ : ਗੱਲ ਤੇਰੀ ਠੀਕ ਏ ਚੰਨਣ ਕੁਰੇ, ਪਰ ਕਿਸੇ ਇਕ ਦੇ ਸਿਰ ਦੋਸ਼ ਮੜ ਦੇਣ ਨਾਲ ਮਾਮਲਾ ਹੱਲ ਨਹੀਂ ਹੋ ਜਾਂਦਾ। ਮੈਨੂੰ ਵੀ ਦਾਦਾ ਬਣਨ ਦਾ ਬੜਾ ਚਾਅ ਏ। ਮੇਰਾ ਵੀ ਜੀਅ ਕਰਦਾ ਕਿ ਮੇਰੀਆਂ ਜੇਬਾਂ ਚਾਕਲੇਟਾਂ ਤੇ ਟਾਫੀਆਂ ਨਾਲ ਭਰੀਆਂ ਹੋਈਆਂ ਹੋਣ ਤੇ ਮੈਂ ਆਪਣੇ ਪੋਤੇ ਪੋਤਰੀਆਂ ਨੂੰ ਵੰਡਦਾ ਫਿਰਾਂ। ਪਰ ਨਿਰਾਸ਼ ਹੋਣ ਨਾਲ ਕੁਝ ਨਹੀਂ ਹੁੰਦਾ। ਉਹ ਦੋਵੇਂ ਜੀਅ ਕਿਹੜਾ ਨਹੀਂ ਸੋਚਦੇ ਹੋਣੇ। ਕਿਹੜੀ ਔਰਤ ਚਾਹੁੰਦੀ ਏ ਕਿ ਉਹਦੀ ਕੁੱਖ ਸੁੰਞੀ ਰਹੇ ਤੇ ਸਾਰੇ ਜੱਗ ਜਹਾਨ ਦੇ ਤਾਹਨੇ ਮਿਹਣੇ ਸੁਣਦੀ ਰਹੇ। ਬਾਂਝ ਅਖਵਾਉਣਾ ਤੇ ਉਂਜ ਈ ਸਰਾਪ ਹੁੰਦਾ ਏ।

ਬੀਜੀ : ਮੈਂ ਕਿਸੇ ਨੂੰ ਤਾਹਨੇ ਮਿਹਣੇ ਨਹੀਂ ਦਿੰਦੀ। ਮੈਂ ਤਾਂ ਇਹੋ ਸੁੱਖਾਂ ਸੁੱਖਦੀ ਆਂ ਕਿ ਮੇਰੇ ਪੁੱਤ ਦਾ ਘਰ ਰੌਣਕਾਂ ਨਾਲ ਭਰ ਜਾਏ। ਐਵੇਂ ਤਾਂ ਨਹੀਂ ਕਹਿੰਦੇ-ਪੁੱਤੀਂ ਗੰਢ ਪਵੇ ਸੰਸਾਰ।

ਭਾਪਾ ਜੀ : ਇਕ ਦਿਨ ਇੰਜ ਈ ਹੋਊਗਾ ਭਾਗਾਂ ਵਾਲੀਏ। ਰੱਬ ਸੱਚਾ ਸਾਰਿਆਂ ਦੀਆਂ ਝੋਲੀਆਂ ਭਰਦਾ ਏ। ਸਾਡੀਆਂ ਭਲਾ ਕਿਵੇਂ ਖ਼ਾਲੀ ਰੱਖੂ ? ਅਸਾਂ ਕਿਹੜਾ ਕਦੇ ਕਿਸੇ ਦਾ ਬੁਰਾ ਸੋਚਿਆ ਏ, ਜਿਹੜਾ ਉਹ ਸਾਡੇ ਨਾਲ ਬੁਰਾ ਕਰੂ...।

(ਕਿਰਨ ਅੰਦਰੋਂ ਚਾਹ ਲੈ ਕੇ ਆਉਂਦੀ ਏ।)

ਭਾਪਾ ਜੀ : ਜੀਉਂਦੀ ਰਹੁ ਧੀਏ...ਵਧੋ ਫੁੱਲੋ, ਖ਼ੁਸ਼ੀਆਂ ਮਾਣੋ। ਅਜੇ ਜੀਤ ਨਹੀਂ ਆਇਆ ਪੁੱਤ।

ਕਿਰਨ : ਨਹੀਂ ਭਾਪਾ ਜੀ, ਅਜੇ ਨਹੀਂ ਆਏ। ਅੱਜ ਉਨ੍ਹਾਂ ਆਪਣੇ ਕਿਸੇ ਜਾਣੂੰ ਡਾਕਟਰ ਵੱਲ ਜਾਣਾ ਸੀ, ਸ਼ੈਦ ਓਧਰ ਈ ਚਲੇ ਗਏ ਹੋਣਗੇ।

ਭਾਪਾ ਜੀ : ਡਾਕਟਰ ਵੱਲ ਜਾਣ ਦੀ ਕੀ ਲੋੜ ਪੈ ਗਈ ?

ਕਿਰਨ : ਇਹਦੇ ਬਾਰੇ ਤਾਂ ਉਨ੍ਹਾਂ ਨੂੰ ਈ ਪੁਛਿਓ ਭਾਪਾ ਜੀ।

ਭਾਪਾ ਜੀ : ਠੀਕ ਏ ਪੁੱਤ, ਮੈਂ ਜ਼ਰਾ ਬਾਜ਼ਾਰ ਚਲਿਐਂ...ਜੇ ਕੁਝ ਬਾਜ਼ਾਰੋਂ ਮੰਗਾਉਣਾ ਹੋਵੇ ਤਾਂ ਦੱਸ ਦੇ ਮੈਨੂੰ... ਲੈਂਦਾ ਆਵਾਂਗਾ।

ਕਿਰਨ : ਤੁਸੀਂ ਸਬਜ਼ੀ ਵਗੈਰਾ ਲੈਂਦੇ ਆਇਓ। ਬਾਕੀ ਸਾਮਾਨ ਉਹ ਆਪੇ ਲੈਂਦੇ ਆਉਣਗੇ। ਮੈਂ ਲਿਖਾ ਦਿੱਤਾ ਸੀ।

ਬੀਜੀ : ਇਕ ਛੋਟਾ ਪੈਕਟ ਟਾਫ਼ੀਆਂ ਦਾ ਲੈ ਆਇਓ ਘਰ ਵਿਚ ਤਾਂ ਕਿਸੇ ਮੰਗਣੀਆਂ ਨਹੀਂ, ਬਾਹਰ ਨਿਕਲਦੀ ਆਂ ਤਾਂ ਗਲੀ ਦੇ ਨਿਆਣੇ ਦਾਦੀ ਮਾਂ, ਦਾਦੀ ਮਾਂ ਕਹਿ ਕੇ ਆ ਚਿੰਬੜਦੇ ਨੇ। ਬੜਾ ਮੋਹ ਕਰਦੇ ਨੇ ਬੱਚੇ...ਮੇਰਾ ਵੀ ਬੱਚਿਆਂ ਨੂੰ ਪਿਆਰ ਦੇਣ ਨੂੰ ਬੜਾ ਈ ਜੀਅ ਕਰਦਾ ਰਹਿੰਦਾ ਏ।

(ਨੂੰਹ ਤੇ ਸਹੁਰਾ ਇਕ ਦੂਜੇ ਵੱਲ ਵੇਖਦੇ ਨੇ। ਕਿਰਨ ਅੰਦਰ ਜਾਂਦੀ ਏ। ਭਾਪਾ ਜੀ , ਬੀਜੀ ਨੂੰ ਗੁੱਸੇ ਨਾਲ ਵੇਖਦੇ ਬਾਹਰ ਵੱਲ ਜਾਂਦੇ ਨੇ।)

(ਘਰ ਦੀ ਸਫ਼ਾਈ ਕਰਨ ਵਾਲੀ ਬੀਰੋ ਅੰਦਰੋਂ ਬਾਹਰ ਆਉਂਦੀ ਹੈ)

ਕਿਰਨ : ਬੀਰੋ ਗੱਲ ਸੁਣ

ਬੀਰੋ : ਹਾਂ ਜੀ ਦੀਦੀ

ਕਿਰਨ : ਤੂੰ ਕੱਪੜੇ ਧੋਕੇ ਛੱਤ 'ਤੇ ਪਾ ਆਈ ਏਂ।

ਬੀਰੋ : ਹਾਂ ਜੀ ਦੀਦੀ, ਮੈਂ ਤੇ ਭਾਂਡੇ ਵੀ ਮਾਂਜ ਦਿੱਤੇ ਨੇ। ਬੱਸ ਸਫ਼ਾਈਆਂ ਕਰਨ ਵਾਲੀਆਂ ਰਹਿ ਗਈਆਂ ਨੇ।

ਕਿਰਨ : ਚੱਲ ਸਫ਼ਾਈ ਬਾਅਦ 'ਚ ਕਰੀਂ ਆਹ ਲੈ, ਚਾਹ ਪੀ ਲੈ।

ਬੀਰੋ : ਚੰਗਾ ਕੀਤਾ ਦੀਦੀ, ਤੁਸੀਂ ਮੈਨੂੰ ਚਾਹ ਪਿਆਤੀ, ਮੈਂ ਤੇ ਅੱਜ ਘਰੋਂ ਚਾਹ ਵੀ ਨਹੀਂ ਪੀਕੇ ਆਈ।

ਕਿਰਨ : ਕੀ ਗੱਲ ਬੱਚਿਆਂ ਨੂੰ ਵੀ ਕੁਝ ਨਹੀਂ ਖਵਾ ਪਿਆ ਕੇ ਆਈ ?

ਬੀਰੋ : ਉਹਨਾਂ ਨੂੰ ਤੇ ਚਾਹ ਨਾਲ ਰਾਤ ਦੀਆਂ ਬਚੀਆਂ ਰੋਟੀਆਂ ਤੱਤੀਆਂ ਕਰਕੇ ਦੇ ਆਈ ਆਂ, ਪਰ ਕੀ ਕਰਾਂ, ਮੈਂ ਨਿਆਣੇ ਤਾਂ ਤਿੰਨ ਜੰਮ ਬੈਠੀ ਆਂ ਦੀਦੀ, ਪਰ ਜੇ ਇਨ੍ਹਾਂ ਦੀ ਭੁੱਖ ਸਾਥੋਂ ਸਾਂਭੀ ਨਹੀਂ ਸੀ ਜਾਣੀ ਤੇ ਜੇ ਮੇਰੇ



ਨਿਕੜੇ ਦੀ ਬਿਮਾਰੀ ਦਾ ਇਲਾਜ ਸਾਥੋਂ ਨਹੀਂ ਸੀ ਹੋਣਾ ਤਾਂ ਅਸੀਂ ਇਨ੍ਹਾਂ ਨੂੰ ਜੰਮਿਆ ਈ ਕਿਉਂ ? ਹੁਣ ਕਿਵੇਂ ਵੇਖੀਏ ਇਨ੍ਹਾਂ ਨੂੰ ਭੋਰਾ ਭੋਰਾ ਮਰਦਿਆਂ। ਭੁੱਖ ਨਾਲ ਵਿਲਕਦਿਆਂ।

ਕਿਰਨ : ਨਹੀਂ ਬੀਰੋ, ਏਹਦੇ ਵਿਚ ਤੁਹਾਡਾ ਕੀ ਕਸੂਰ ਏ। ਇਹ ਤਾਂ ਕੁਦਰਤ ਦੀਆਂ ਖੇਡਾਂ ਨੇ।

ਬੀਰੋ : ਮੈਂ ਨਹੀਂ ਮੰਨਦੀ ਕੁਦਰਤ ਦੀਆਂ ਇਨ੍ਹਾਂ ਖੇਡਾਂ ਖੂਡਾਂ ਨੂੰ...ਜੇ ਕੁਦਰਤ ਜੰਮਣ ਦੇ ਵਸੀਲੇ ਘੜ ਸਕਦੀ ਏ ਤਾਂ ਜੰਮਿਆਂ ਹੋਇਆਂ ਲਈ ਅੰਨ ਦਾ ਫ਼ਿਕਰ ਨਹੀਂ ਕਰ ਸਕਦੀ ? ਕੁਦਰਤ ਵੀ ਕਾਣੀ ਵੰਡ ਕਰਦੀ ਏ । ਇਕ ਪਾਸੇ ਭੜੋਲੇ ਭਰੇ ਪਏ ਨੇ ਤੇ ਦੂਜੇ ਪਾਸੇ ਆਂਦਰਾਂ ਲੂਸ ਰਹੀਆਂ ਨੇ। ਕਈ ਘਰੀਂ ਕੁੱਤੇ ਰੱਜੇ ਫਿਰਦੇ ਨੇ ਤੇ ਸਾਡੇ ਘਰੀਂ ਰੁੱਖੀ ਮਿੱਸੀ ਵੀ ਚੰਗੀ ਤਰ੍ਹਾਂ ਨਸੀਬ ਨਹੀਂ ਹੁੰਦੀ।

ਕਿਰਨ : ਇਹ ਤਾਂ ਕਿਸਮਤਾਂ ਦੀ ਖੇਡ ਏ ਬੀਰੋ ... ਮਾੜੀਆਂ ਨੂੰ ਚੰਗੀਆਂ ਕੌਣ ਕਰੇ ?

ਬੀਰੋ : ਜੇ ਸਾਡੀਆਂ ਹੀ ਕਿਸਮਤਾਂ ਮਾੜੀਆਂ ਨੇ ਤਾਂ ਸਾਡੇ ਜਣਿਆਂ ਦੀਆਂ ਕਿਸਮਤਾਂ ਮਾੜੀਆਂ ਕਿਵੇਂ ਹੋ ਗਈਆਂ। ਲਿਖਣ ਵਾਲੇ ਨੇ ਸਾਡੀਆਂ ਕਿਸਮਤਾਂ ਇਕੱਠੀਆਂ ਤਾਂ ਨਹੀਂ ਲਿਖੀਆਂ ਹੋਣੀਆਂ। ਮੇਰੇ ਫੁੱਲ ਭਰ ਬੱਚੇ ਦੇ ਦਿਲ ਵਿਚ ਛੇਕ ਕਿਵੇਂ ਪੈ ਗਿਆ। ਹੁਣ ਇਹਨੂੰ ਲੂੰ-ਲੂੰ ਵਿਲਕਦਾ ਕਿਵੇਂ ਵੇਖੀਏ ? ਜਿੰਨਾ ਹੋ ਸਕਦਾ ਏ, ਕਰੀ ਜਾਨੇ ਆਂ। ਹੁਣ ਡਾਕਾ ਵੀ ਕਿਥੇ ਮਾਰੀਏ। ਮੈਥੋਂ ਤਾਂ ਇਹ ਸਾਰਾ ਕੁਝ ਨਹੀਂ ਵੇਖਿਆ ਜਾਂਦਾ। ਜੇ ਮੈਂ ਆਪਣੇ ਆਪ ਨੂੰ ਵੇਚ ਕੇ ਵੀ ਛੋਟੇ ਦੀ ਬਿਮਾਰੀ ਦੇ ਖਰਚੇ ਜਿੰਨੀ ਰਕਮ ਲੈ ਕੇ ਆ ਸਕਦੀ, ਤਾਂ ਮੈਂ ਇਕ ਮਿੰਟ ਨਾ ਲਾਉਂਦੀ।

ਕਿਰਨ : ਤੂੰ ਦਿਲ ਛੋਟਾ ਨਾ ਕਰ। ਰੱਬ ਸੱਚੇ ਦੀ ਸਵੱਲੀ ਨਜ਼ਰ ਤੇਰੇ ਉੱਤੇ ਵੀ ਜ਼ਰੂਰ ਪਵੇਗੀ।

ਬੀਰੋ : ਪਰ ਮੇਰੇ ਮਾਸੂਮ ਬੱਚੇ ਲਈ ਪੰਡ ਰੁਪੱਈਆਂ ਦੀ ਕਿਥੋਂ ਆਉਗੀ। ਮੈਨੂੰ ਤਾਂ ਏਹੋ ਸੰਸਾ ਹਰ ਵੇਲੇ ਟੁੱਕ-ਟੁੱਕ ਖਾਂਦਾ ਰਹਿੰਦਾ ਏ।

ਕਿਰਨ : ਘਬਰਾ ਨਾਂ। ਕੁਦਰਤ ਬੰਦਿਆਂ ਦੇ ਇਮਤਿਹਾਨ ਵੀ ਲੈਂਦੀ ਹੁੰਦੀ ਆ। ਇਹ ਤੇਰਾ ਵੀ ਇਮਤਿਹਾਨ ਏ। ਹੋਣਾ ਤਾਂ ਓਹੀ ਏ ਜੋ ਰੱਬ ਨੂੰ ਮਨਜੂਰ ਹੋਵੇਗਾ।

ਬੀਰੋ ਬੰਦਾ ਕਹਿ ਤਾਂ ਦੇਂਦਾ ਏ ਕਿ ਓਹੋ ਹੋਣਾ ਏ ਜੋ ਰੱਬ ਸੱਚੇ ਨੂੰ ਮਨਜ਼ੂਰ ਹੋਵੇਗਾ ਪਰ, ਹੀਲਾ ਵਸੀਲਾ ਤਾਂ ਬੰਦੇ ਨੂੰ ਆਪ ਹੀ ਕਰਨਾ ਪੈਂਦਾ ਏ।

ਕਿਰਨ : ਪਰ ਹੁਣ ਡਾਕਟਰ ਕੀ ਕਹਿੰਦੇ ਨੇ ?

ਬੀਰੋ : ਕੱਲ ਮੇਰਾ ਆਦਮੀ ਡਾਕਟਰ ਵੱਲ ਗਿਆ ਸੀ। ਡਾਕਟਰ ਕਹਿੰਦਾ ਏ, ਬਈ ਨਵੀਆਂ ਰਿਪੋਰਟਾਂ ਵੇਖ ਕੇ ਤਾਂ ਇਹ ਦਿਸਣ ਈ ਲੱਗ ਪਿਆ ਏ, ਬਈ ਖ਼ਤਰਾ ਹੋਰ ਵਧ ਗਿਆ ਏ। ਰੋਗ ਨੇ ਆਪਨੀਆਂ ਜੜ੍ਹਾਂ ਹੋਰ ਪੱਕੀਆਂ ਕਰ ਲਈਆਂ ਨੇ। ਜੇ ਸਹੀ ਇਲਾਜ ਨਾ ਕੀਤਾ ਗਿਆ ਤਾਂ ਬੱਚੇ ਨੇ ਬਿਮਾਰੀ ਦੀ ਮਾਰ ਹੋਰ ਬਹੁਤੇ ਦਿਨ ਨਹੀਂ ਝੱਲਣੀ। (ਅੱਖਾਂ ਭਰਦਿਆਂ) ਕਿਥੋਂ ਲਿਆਈਏ ਪੰਡ ਰੁਪੱਈਆਂ ਦੀ। ਅਸੀਂ ਤਾਂ ਆਪਨੇ ਆਪ ਨੂੰ ਗਹਿਣੇ ਰੱਖਣ ਦੇ ਕਾਬਲ ਵੀ ਨਹੀਂ।

ਕਿਰਨ : ਫੇਰ ਹੁਣ ਤੁਸੀਂ ਕੀ ਸੋਚਿਆ ਏ ?

ਬੀਰੋ : ਜੇ ਕੋਈ ਹੋਰ ਬੰਨ ਸੁਬ ਨਾ ਬਨਿਆ ਤਾਂ ਸਾਡੇ ਬੱਚਿਆਂ ਦਾ ਬਚਪਨ ਰੁਲ ਜਾਏਗਾ। ਘਰ ਦੇ ਖਰਚੇ ਤਾਂ ਮੂੰਹ ਅੱਡੀ ਤੁਰੇ ਈ ਆਉਂਦੇ ਨੇ। ਜੇ ਮੈਂ ਚਾਰ ਜਮਾਤਾਂ ਪੜ੍ਹੀ ਹੁੰਦੀ ਤਾਂ ਆਂਢ ਗੁਆਂਢ ਦੇ ਬੱਚਿਆਂ ਨੂੰ ਪੜ੍ਹਾ ਕੇ ਚਾਰ ਛਿੱਲੜਾਂ ਦਾ ਜੁਗਾੜ ਈ ਕਰ ਲੈਂਦੀ। ਘਰਾਂ ਦਾ ਕੰਮ ਧੰਦਾ ਕਰਕੇ ਵੀ ਇਲਾਜ ਜੋਗੇ ਪੈਸੇ ਨਹੀਂ ਜੁੜਨੇ।

ਕਿਰਨ : ਤੂੰ ਜੋ ਕੁਝ ਕਰ ਰਹੀ ਏਂ, ਉਹ ਵੀ ਘੱਟ ਨਹੀਂ। ਘਰ ਦੀ ਸਾਂਭ ਸੰਭਾਲ ਕਰਨੀ ਕਿਹੜੀ ਸੌਖੀ ਏ।

ਬੀਰੋ : ਆਹ ਜੇ ਮੇਰੇ ਘਰ ਬਿਮਾਰੀ ਨਾ ਆਣ ਵੜਦੀ ਤਾਂ ਮੇਰਾ ਵੀ ਹੱਥ ਕੁਝ ਸੌਖਾ ਹੁੰਦਾ। ਆਪਨੇ ਬੱਚਿਆਂ ਲਈ ਮੈਂ ਕੀ ਨਹੀਂ ਕੀਤਾ।

ਕਿਰਨ : ਮੈਂ ਸਭ ਸਮਝਦੀ ਆਂ। ਲੋੜਾਂ ਤੇ ਥੋੜਾਂ ਬੰਦੇ ਨੂੰ ਨਿਢਾਲ ਕਰ ਦੇਂਦੀਆਂ, ਰੱਬ ਕਿਸੇ ਨੂੰ ਇਨ੍ਹਾਂ ਦੇ ਵੱਸ ਨਾ ਪਾਵੇ। ਤੂੰ ਆਪਨੀ ਸਿਹਤ ਦਾ ਵੀ ਧਿਆਨ ਰੱਖ। ਜੇ ਤੇਰੀ



ਸਿਹਤ ਈ ਠੀਕ ਨਾ ਰਹੀ ਤਾਂ ਤੇਰੇ ਬਾਲਾਂ ਦਾ ਕੀ ਬਣੂੰ।

ਬੀਰੋ : ਗੱਲ ਤਾਂ ਤੁਹਾਡੀ ਠੀਕ ਏ ਪਰ ਕੀਤਾ ਵੀ ਕੀ ਜਾ ਸਕਦਾ ਏ। ਮੈਂ ਤਾਂ ਹਰ ਰੋਜ਼ ਈ ਕੋਈ ਨਾ ਕੋਈ ਜੁਗਾੜ ਕਰਨ ਬਾਰੇ ਸੋਚਦੀ ਰਹਿਨੀ ਵਾਂ। ਕਿਤੇ ਨਾ ਕਿਤੇ ਕੰਮ ਸੌਰ ਈ ਜਾਉ। ਮੈਨੂੰ ਵੀ ਆਪਨੇ ਬੱਚਿਆਂ ਦੇ ਚੰਗੇ ਭਵਿੱਖ ਦੀ ਚਿੰਤਾ ਰਹਿੰਦੀ ਏ ਪਰ ਚਿੰਤਾ ਨਾਲ ਨਹੀਂ ਸਰਨਾ। ਕੁਝ ਵਸੀਲੇ ਕਰਨੇ ਹੀ ਪੈਣੇ ਨੇ।

ਕਿਰਨ : ਤੂੰ ਦੁੱਖੀ ਨਾਂ ਹੋ । ਜੇ ਅਜੇ ਨਵੇਂ ਦਰ ਨਹੀਂ ਖੁੱਲ੍ਹੇ ਤਾਂ ਪੁਰਾਣੇ ਅਜੇ ਬੰਦ ਨਹੀਂ ਹੋਏ। ਬਸ ਤੂੰ ਤਗੜੀ ਰਹੁ।

ਬੀਰੋ : ਅੱਜ ਗੁਰਦੁਆਰੇ ਮੱਥਾ ਵੀ ਟੇਕਣ ਜਾਊਂਗੀ। ਬਿਮਾਰੀ ਨਾਲ ਝੰਬੇ ਆਪਨੇ ਛਿੰਦੇ ਪੁੱਤ ਦੀ ਤੰਦਰੁਸਤੀ ਲਈ ਸੁੱਖਣਾ ਵੀ ਸੁੱਖ ਕੇ ਆਊਂ।

ਕਿਰਨ : ਸਾਡੇ ਵੱਲ ਵੇਖ ਲੈ ਬੀਰੋ, ਆਹ ਸੱਜਿਆ ਫੱਬਿਆ ਘਰ, ਸਾਰੀਆਂ ਸੁੱਖ ਸਹੂਲਤਾਂ ਨਾਲ ਭਰਿਆ ਹੋਇਆ। ਦੁਨੀਆਂ ਦੇ ਸਾਰੇ ਸੁੱਖ ਨੇ, ਪਰ ਏਸ ਘਰ 'ਚ ਸਾਡੀ ਕੋਈ ਔਲਾਦ ਨਹੀਂ ਹੈ।

ਕਈ ਤਰ੍ਹਾਂ ਦੇ ਡਾਕਟਰੀ ਉਪਰਾਲੇ ਕਰਨ ਪਿੱਛੋਂ ਸਾਡੇ ਘਰ ਇਕ ਬਾਲ ਦੀ ਕਿਲਕਾਰੀ ਨਹੀਂ ਗੂੰਜੀ। ਇਸੇ ਗੱਲ ਨੂੰ ਲੈ ਕੇ ਅਸੀਂ ਬੜੇ ਫ਼ਿਕਰਮੰਦ ਰਹਿੰਦੇ ਆਂ। ਪੈਸੇ ਦੀ ਕੋਈ ਕਮੀ ਨਹੀਂ ਹੈ। ਕਮੀ ਬਸ ਇਕ ਬਾਲ ਦੀ ਹੀ ਹੈ ਜੋ ਸਾਡੇ ਘਰ ਨੂੰ ਹੱਸਦਾ ਹਸਾਉਂਦਾ ਬਣਾ ਦੇਵੇ।

ਬੀਰੋ : ਫਿਕਰ ਨਾਂ ਕਰੋ ਦੀਦੀ, ਰੱਬ ਮਿਹਰ ਕਰੇਗਾ, ਚੰਗਾ ਦੀਦੀ ਮੈਂ ਸਫ਼ਾਈਆਂ ਦਾ ਕੰਮ ਨਬੇੜ ਲਵਾਂ ਹੁਣ, ਨਹੀਂ ਤੇ ਬੀਬੀ ਜੀ ਨੇ ਆ ਕੇ ਮੈਨੂੰ ਕਹਿਣਾ, (ਬੀਜੀ ਦੀ ਸਾਂਗ ਲਾਕੇ) ਵੇਖ ਕਿਦਾਂ ਵਿਹਲੀ ਬੈਠੀ ਆ।

ਕਿਰਨ : (ਹੱਸਦੀ ਹੋਈ) ਚਲ ਤੂੰ ਬੀਜੀ ਦੀ ਗੱਲ ਦਾ ਗੁੱਸਾ ਨਾ ਕਰਿਆ ਕਰ। ਉਹ ਵੱਡੇ ਨੇ ਸਾਥੋਂ।

ਬੀਰੋ : (ਹੱਸ ਕੇ) ਨਹੀਂ ਦੀਦੀ ਮੈਂ ਗੁੱਸਾ ਨਹੀਂ ਕਰਦੀ, ਮੈਂ ਤੇ ਉਨ੍ਹਾਂ ਦੀਆਂ ਝਿੜਕਾਂ ਦਾ ਸਵਾਦ ਲੈਂਦੀ ਆਂ।

(ਬੀਰੋ ਹੱਸਦੀ ਹੋਈ ਅੰਦਰ ਜਾਂਦੀ ਹੈ। ਕਿਰਨ ਹੱਸਦੀ-ਹੱਸਦੀ ਉਦਾਸ ਹੋ ਜਾਂਦੀ ਏ, ਬਾਹਰੋਂ ਜੀਤ ਆਉਂਦਾ ਹੈ।)

ਜੀਤ : ਕੀ ਸੋਚ ਰਹੀ ਏਂ ਕਿਰਨ , ਏਨੀ ਚੁੱਪ ਕਿਉਂ ਏ ?

ਕਿਰਨ : ਮੇਰੀ ਚੁੱਪ ਦਾ ਤਾਂ ਤੁਹਾਨੂੰ ਪਤਾ ਈ ਏ, ਮੈਂ ਹੁਣ ਮਮਤਾ ਵਿਹੂਣੀ ਨਹੀਂ ਰਹਿਣਾ ਚਾਹੁੰਦੀ। ਮੈਨੂੰ ਆਪਣੇ ਘਰ ਦੀ ਚੁੱਪ ਹਰ ਵੇਲੇ ਡੱਸਦੀ ਰਹਿੰਦੀ ਏ। ਮੈਂ ਆਪਣੀ ਕੁੱਖ ਨੂੰ ਲੱਗੇ ਸਰਾਪ ਤੋਂ ਮੁਕਤ ਹੋਣਾ ਚਾਹੁੰਦੀ ਹਾਂ।

ਜੀਤ : ਤੂੰ ਆਪਣੇ ਆਪ ਨੂੰ ਦੋਸ਼ੀ ਕਿਉਂ ਮੰਨ ਰਹੀ ਏਂ। ਜਿਸਮਾਂ ਦੇ ਅੰਦਰਲੇ ਵਰਤਾਰਿਆਂ ਬਾਰੇ ਬੰਦਾ ਕੀ ਕਰ ਸਕਦਾ ਏ। ਆਪਾਂ ਕੀ-ਕੀ ਨਹੀਂ ਕੀਤਾ। ਮੈਂ ਆਪਣੇ ਸਾਰੇ ਟੈਸਟ ਕਰਵਾਏ। ਸਭ ਕੁਝ ਠੀਕ-ਠਾਕ ਨਿਕਲਿਆ। ਜੇ ਮਾਂ ਬਣ ਸਕਣ ਵਿਚ ਤੇਰੇ ਜਿਸਮ ਵਿਚਲਾ ਕੋਈ ਨੁਕਸ ਅੜਚਣ ਬਣ ਰਿਹਾ ਏ ਤਾਂ ਇਸ ਵਿਚ ਤੇਰਾ ਕੋਈ ਦੋਸ਼ ਨਹੀਂ।

ਕਿਰਨ : ਤੁਹਾਨੂੰ ਨਹੀਂ ਪਤਾ ਔਰਤ ਦੇ ਤਨ ਤੇ ਮਨ ਦੀ ਕੀ-ਕੀ ਗੁਜਰਦੀ ਏ, ਮੈਂ ਜਿੰਨੀ ਵਾਰ ਵੀ ਡਾਕਟਰ ਕੋਲ ਚੈਕਅੱਪ ਲਈ ਜਾਂਦੀ ਹਾਂ, ਮੈਨੂੰ ਇੰਝ ਲੱਗਦਾ ਜਿਵੇਂ ਸਾਰੀਆਂ ਨਜ਼ਰਾਂ ਮੇਰੀ ਕੁੱਖ ਨੂੰ ਹੀ ਵੇਖ ਰਹੀਆਂ ਹੋਣ। ਉਸ ਡਾਕਟਰ ਕੋਲ ਸਾਡੇ ਵਰਗੇ ਹੋਰ ਵੀ ਬਥੇਰੇ ਬੇ-ਔਲਾਦ ਜੋੜੇ ਆਏ ਹੁੰਦੇ ਨੇ, ਹਰ ਕਿਸੇ ਦੀਆਂ ਖ਼ਾਮੋਸ਼ ਅੱਖਾਂ 'ਚ ਕਈ ਸੁਪਨੇ ਹੁੰਦੇ ਨੇ ਤੇ ਮਨਾਂ 'ਚ ਸਵਾਲ।

ਜੀਤ : ਕਿਰਨ ਤੈਨੂੰ ਇਸ ਤਰ੍ਹਾਂ ਨਹੀਂ ਸੋਚਣਾ ਚਾਹੀਦਾ।

ਕਿਰਨ : ਜੀਤ ਮੈਂ ਹਰ ਮਹੀਨੇ ਇਕ ਨਵੀਂ ਉਮੀਦ ਨਾਲ ਜੀਂਦੀ ਰਹੀ ਆਂ, ਡਾਕਟਰਾਂ ਦੀ ਟੈਸਟ ਟਿਊਬ ਵਿਧੀ ਵੀ ਮੇਰੇ ਤੇ ਕਾਮਯਾਬ ਨਹੀਂ ਹੋਈ।

ਜੀਤ : ਮਾਂ ਬਣਨ ਲਈ ਤੇਰੀ ਖਾਹਿਸ਼ ਤੋਂ ਮੈਂ ਚੰਗੀ ਤਰ੍ਹਾਂ ਵਾਕਫ਼ ਹਾਂ। ਤੂੰ ਤਾਂ ਕੋਈ ਪੀਰ ਫ਼ਕੀਰ, ਮੰਦਰ, ਗੁਰਦੁਆਰਾ , ਦਰਗਾਹ ਵੀ ਨਹੀਂ ਛੱਡੀ। ਵਰਤ ਰੱਖੇ ਨੇ, ਕਈ ਉਪਾਅ ਕੀਤੇ ਨੇ। ਮੈਡੀਕਲ ਸਾਇੰਸ ਦੀਆਂ ਸਾਰੀਆਂ ਨਵੀਆਂ ਤਕਨੀਕਾਂ ਵੀ ਸਾਨੂੰ ਇਕ ਬਾਲ ਦੀਆਂ ਖ਼ੁਸ਼ੀਆਂ ਨਹੀਂ ਦੇ ਸਕੀਆਂ। ਮੈਨੂੰ ਪਤਾ ਏ ਕਿ ਔਰਤਪਣ ਦੀ ਪੂਰਨਤਾ



ਉਸ ਦੇ ਮਾਂ ਬਣਨ ਵਿਚ ਈ ਹੁੰਦੀ ਏ ਪਰ ਕੁਦਰਤ ਦੇ ਤੇ ਅੰਦਰਲੇ ਜਿਸਮਾਨੀ ਵਰਤਾਰਿਆਂ ਬਾਰੇ ਅਜੇ ਡਾਕਟਰੀ ਵਿੱਦਿਆ ਵੀ ਪੂਰੀ ਤਰ੍ਹਾਂ ਸਫ਼ਲ ਨਹੀਂ ਹੋ ਸਕੀ।

ਕਿਰਨ : ਤੁਸੀਂ ਤਾਂ ਸਦਾ ਈ ਮੇਰਾ ਹੌਂਸਲਾ ਵਧਾਇਆ ਏ ਪਰ ਮੈਨੂੰ ਜਿਵੇਂ ਹਰ ਵੇਲੇ ਆਪਣਾ ਆਪ ਹੀ ਕਸੂਰਵਾਰ ਲੱਗਦਾ ਰਹਿੰਦਾ ਏ। ਮੈਨੂੰ ਆਪਣੇ ਘਰ ਦੀ ਸੁੰਞ ਤੋਂ ਕਈ ਵਾਰ ਡਰ ਲੱਗਣ ਲੱਗ ਪੈਂਦਾ ਏ। ਮੈਨੂੰ ਆਪਣੇ ਜਿਸਮ ਦੇ ਅਧੂਰੇਪਣ 'ਤੇ ਨਮੋਸ਼ੀ ਜਿਹੀ ਹੋਣ ਲੱਗ ਪੈਂਦੀ ਏ। ਤੁਹਾਡੀ ਮੁਹੱਬਤ ਹੀ ਮੇਰਾ ਹੌਂਸਲਾ ਬਣੀ ਹੋਈ ਏ, ਨਹੀਂ ਤਾਂ ਮੈਂ ਕਦੋਂ ਦੀ ਟੁੱਟ ਚੁੱਕੀ ਹੁੰਦੀ।

ਜੀਤ : ਕਿਰਨ ਤੈਨੂੰ ਇਕ ਸਲਾਹ ਦੇਵਾਂ ?

ਕਿਰਨ : ਮੈਂ ਵੀ ਤੁਹਾਨੂੰ ਇਕ ਸਲਾਹ ਦੇਣੀ ਏ।

ਜੀਤ : ਪਹਿਲਾਂ ਤੂੰ ਹੀ ਦੱਸ ਆਪਣੀ ਸਲਾਹ।

ਕਿਰਨ : ਨਹੀਂ ਪਹਿਲਾਂ, ਤੁਸੀਂ ਦੱਸੋ।

ਜੀਤ : (ਹੱਸਦਾ ਹੋਇਆ) ਨਹੀਂ ਲੇਡੀਜ਼ ਫਸਟ।

ਕਿਰਨ : ਚੰਗਾ ਫਿਰ ਮੈਂ ਦੱਸਦੀ ਆਂ...ਗੁੱਸਾ ਨਾ ਕਰਿਓ ਤੇ ਨਾ ਹੀ ਨਰਾਜ਼ ਹੋਇਓ।

ਜੀਤ : ਤੂੰ ਦੱਸ ਤਾਂ ਸਹੀ, ਨੇਕ ਸਲਾਹ 'ਤੇ ਗੁੱਸਾ ਕਰਨ ਵਾਲੀ ਕਿਹੜੀ ਗੱਲ ਏ।

ਕਿਰਨ : ਤੁਸੀਂ ਦੂਸਰਾ ਵਿਆਹ ਕਰਵਾ ਲਵੋ।

ਜੀਤ : ਤੂੰ ਕੀ ਕਹਿ ਰਹੀ ਏ ਕਿਰਨ...ਤੇਰੇ ਦਿਮਾਗ਼ ਵਿਚ ਇਹ ਖ਼ਿਆਲ ਆਇਆ ਕਿਵੇਂ ? ਕੀ ਕਦੇ ਮੇਰੇ ਵਲੋਂ ਜਾਂ ਮੇਰੇ ਘਰ ਵਾਲਿਆਂ ਵਲੋਂ ਤੈਨੂੰ ਕੋਈ ਤਿੱਖਾ ਬੋਲ ਜਾਂ ਮਿਹਣਾ ਮਾਰਿਆ ਗਿਆ ਏ ?

ਕਿਰਨ : ਅਜੇਹੀ ਕੋਈ ਗੱਲ ਨਹੀਂ ਏ। ਨਵਾਂ ਰਿਸ਼ਤਾ ਜੁੜ ਜਾਣ ਨਾਲ ਮੈਂ ਦੁਖੀ ਨਹੀਂ ਹੋਵਾਂਗੀ ਤੇ ਨਾਂ।ਹੀ ਮੇਰੀ ਹੈਸੀਅਤ ਇਸ ਘਰ ਵਿਚ ਘੱਟ ਹੋਵੇਗੀ। ਏਨਾ ਕੁ ਮੈਨੂੰ ਤੁਹਾਡੇ 'ਤੇ ਭਰੋਸਾ ਏ।

ਜੀਤ : ਨਹੀਂ ਕਿਰਨ...ਇੰਜ ਨਹੀਂ ਹੋ ਸਕਦਾ। ਮੈਂ ਇੰਜ ਕਰ ਹੀ ਨਹੀਂ ਸਕਦਾ।ਆਪਾਂ ਇਕ ਦੂਜੇ ਦੀ ਮੁਹੱਬਤ ਵਿਚ

ਹੀ ਜ਼ਿੰਦਗੀ ਗੁਜ਼ਾਰ ਲਵਾਂਗੇ। ਜੇ ਸਾਰੇ ਪਾਸੇ ਕੁਝ ਵੀ ਨਾ ਹੋਇਆ ਤਾਂ ਆਪਾਂ ਕਿਸੇ ਬੱਚੇ ਨੂੰ ਗੋਦ ਲੈ ਲਵਾਂਗੇ। ਆਪਣੀ ਰਲਵੀਂ ਮੁਹੱਬਤ ਉਸ ਨੂੰ ਦੇ ਦਿਆਂਗੇ। ਕਿਸੇ ਮਮਤਾ ਵਿਹੂਣੇ ਬੱਚੇ ਨੂੰ ਆਪਣਾ ਸੁਨੇਹ, ਆਪਣੀ ਮਮਤਾ ਦਿਆਂਗੇ। ਪੂਰੇ ਮੰਮੀ ਪਾਪਾ ਬਣਾਂਗੇ।

ਕਿਰਨ : ਗੱਲ ਤਾਂ ਤੁਹਾਡੀ ਠੀਕ ਏ, ਪਰ ਮੈਂ ਚਾਹੁੰਦੀ ਆਂ ਕਿ ਤੁਹਾਡੇ ਹੀ ਵਜੂਦ 'ਚੋਂ ਨਿਕਲੇ ਅੰਸ਼ ਨਾਲ ਸਾਡੇ ਘਰ ਵਿਚ ਉਜਾਲਾ ਹੋਵੇ। ਉਹ ਬੱਚਾ ਤੁਹਾਡੀ ਹੀ ਨੁਹਾਰ ਵਾਲਾ ਹੋਵੇ, ਹੂਬਹੂ ਮਿਸਟਰ ਜੀਤ। ਗੋਦ ਲਏ ਬੱਚੇ 'ਚੋਂ ਸਾਨੂੰ ਆਪਣੀ ਨੁਹਾਰ ਨਜ਼ਰ ਨਹੀਂ ਆਉਣੀ। ਇਕ ਪਰਾਇਆਪਣ ਹਰ ਵੇਲੇ ਸਾਡੀਆਂ ਸੋਚਾਂ ਮੱਲੀ ਰੱਖੇਗਾ। ਅਸੀਂ ਅਜੇ ਹਾਰੇ ਨਹੀਂ ਹਾਂ। ਨਵੀਆਂ ਡਾਕਟਰੀ ਤਕਨੀਕਾਂ ਬੜਾ ਕੁਝ ਕਰ ਰਹੀਆਂ ਨੇ। ਨਵੇਂ ਨਵੇਂ ਢੰਗਾਂ ਨਾਲ ਬੱਚੇ ਪੈਦਾ ਕੀਤੇ ਜਾ ਰਹੇ ਨੇ। ਆਪਾਂ ਵੀ ਇੰਜ ਈ ਕਰਨਾ ਏਂ। ਇਕ ਨਾ ਇਕ ਦਿਨ ਮੈਂ ਤੁਹਾਡੇ ਹੀ ਬੱਚੇ ਨੂੰ ਲੋਰੀਆਂ ਜ਼ਰੂਰ ਸੁਣਾਊਂ।

ਜੀਤ : ਲੋਕ ਸੱਚ ਈ ਆਖਦੇ ਨੇ...ਔਰਤ ਦੀ ਇੱਛਾ ਸ਼ਕਤੀ ਸਾਹਵੇਂ ਕੁਦਰਤ ਵੀ ਕਈ ਵਾਰ ਨਤਮਸਤਕ ਹੋ ਜਾਂਦੀ ਏ। ਕਿਰਨ ਮੈਨੂੰ ਪੂਰਾ ਭਰੋਸਾ ਏ..ਤੇਰੀ ਰੀਝ ਜ਼ਰੂਰ ਪੂਰੀ ਹੋਵੇਗੀ। ਕਿਰਨ ਤੂੰ ਮਾਂ ਬਣੇਗੀ, ਮੇਰੇ ਬੱਚੇ ਦੀ ਮਾਂ।

ਕਿਰਨ : (ਉਦਾਸ ਹੋ ਕੇ) ਕੀ ਗੱਲਾਂ ਕਰ ਰਹੇ ਓ, ਤੁਹਾਨੂੰ ਪਤਾ ਏ...ਕੁਦਰਤ ਨੇ ਮੇਰੇ ਤੋਂ ਇਹ ਦਾਤ ਖੋਹੀ ਹੋਈ ਏ । ਮੇਰੀ ਕੁੱਖ 'ਚੋਂ ਤੁਹਾਡੇ ਬੱਚੇ ਦੀ ਕੋਂਪਲ ਨਹੀਂ ਫੁੱਟ ਸਕਣੀ।

ਜੀਤ : ਮੈਨੂੰ ਪਤਾ ਏ ਕਿਰਨ...ਪਰ ਸਾਡੇ ਇਕ ਦੋਸਤ ਦੇ ਇਕ ਡਾਕਟਰ ਦੋਸਤ ਨੇ ਇਕ ਅਜੇਹੀ ਡਾਕਟਰੀ ਤਕਨੀਕ ਬਾਰੇ ਦੱਸਿਆ ਏ ਕਿ ਤੇਰੀ ਕੁੱਖ ਵਿਚ ਆਏ ਬਿਨਾਂ ਵੀ ਮੇਰਾ ਬੱਚਾ ਪੈਦਾ ਹੋ ਸਕੇਗਾ।

ਕਿਰਨ : ਅਜੇਹੀ ਕਿਹੜੀ ਨਵੀਂ ਤਕਨੀਕ ਆ ਗਈ ਏ ?

ਜੀਤ : ਕਿਰਨ ਇਹਦੇ ਵਿਚ ਇੰਜ ਹੁੰਦਾ ਏ ਕਿ ਮੇਰੇ ਬੀਜ ਨੂੰ ਕਿਸੇ ਹੋਰ ਔਰਤ ਦੀ ਕੁੱਖ ਵਿਚ ਧਰ ਦਿੱਤਾ ਜਾਏਗਾ।



ਉਹ ਔਰਤ ਨੌਂ ਮਹੀਨੇ ਮੇਰੇ ਬੱਚੇ ਨੂੰ ਆਪਣੀ ਕੁੱਖ ਵਿਚ ਰੱਖੇਗੀ ਤੇ ਠੀਕ ਸਮੇਂ ਤੇ ਬੱਚਾ ਜੰਮ ਕੇ ਸਾਨੂੰ ਦੇ ਦੇਵੇਗੀ।

ਕਿਰਨ : ਕੌਣ ਏਂ ਉਹ ਔਰਤ ?

ਜੀਤ : ਮੈਂ ਵੀ ਉਸ ਨੂੰ ਨਹੀਂ ਜਾਣਦਾ....ਉਸ ਨੂੰ ਸਿਰਫ਼ ਡਾਕਟਰ ਹੀ ਜਾਣਦੇ ਹਨ ਤੇ ਉਸ ਨੂੰ ਵੀ ਸਾਡੇ ਬਾਰੇ ਕੋਈ ਪਤਾ ਨਹੀਂ ਹੋਵੇਗਾ।

ਕਿਰਨ : ਪਰ ਪਤੀ ਪਤਨੀ ਸੰਬੰਧਾਂ ਤੋਂ ਬਿਨਾਂ ਬੱਚਾ ਕਿੰਜ ਪੈਦਾ ਹੋਵੇਗਾ ?

ਜੀਤ : ਇਹ ਸਭ ਕੁਝ ਕਿਸੇ ਨਵੀਂ ਡਾਕਟਰੀ ਤਕਨੀਕ ਨਾਲ ਹੀ ਹੋਵੇਗਾ। ਔਰਤ ਮਰਦ ਦੇ ਮੇਲ ਦੀ ਕੋਈ ਲੋੜ ਨਹੀਂ ਹੁੰਦੀ।

ਕਿਰਨ : ਪਰ ਉਹ ਔਰਤ ਇੰਜ ਕਿਉਂ ਕਰੇਗੀ ?

ਜੀਤ : ਆਪਾਂ ਉਸ ਔਰਤ ਦੀ ਕੁੱਖ ਕਿਰਾਏ 'ਤੇ ਲੈਣੀ ਏ। ਆਪਾਂ ਉਸ ਨੂੰ ਤੈਅ ਕੀਤੀ ਰਕਮ ਅਦਾ ਕਰਨੀ ਏਂ। ਉਸ ਔਰਤ ਨੇ ਆਪਣੀਆਂ ਲੋੜਾਂ ਪੂਰੀਆਂ ਕਰਨ ਲਈ ਤੇ ਘਰ 'ਚ ਛਾਉਣੀ ਪਾ ਕੇ ਬੈਠੀ ਬੀਮਾਰੀ ਨਾਲ ਲੜਨ ਲਈ ਹੀ ਇੰਜ ਕਰਨਾ ਏ। ਆਪਣੀ ਕੁੱਖ ਕਿਰਾਏ 'ਤੇ ਦੇਣੀ ਏਂ। ਉਹਦੀ ਮਜਬੂਰੀ ਭੁੱਖ ਤੇ ਗ਼ਰੀਬੀ ਏ ਤੇ ਸਾਡੀ ਮਜਬੂਰੀ ਇਹ ਹੈ ਕਿ ਕੁਦਰਤ ਨੇ ਤੇਰੀ ਕੁੱਖ ਤੋਂ ਮਾਂ ਹੋਣ ਦਾ ਹੱਕ ਖੋਹਿਆ ਹੋਇਆ ਏ। ਹੁਣ ਤੂੰ ਹੀ ਦੱਸ, ਤੇਰੀ ਕੀ ਸਲਾਹ ਏ। ਤੇਰੀ ਰਜ਼ਾਮੰਦੀ ਤੋਂ ਬਿਨਾਂ ਮੈਂ ਕੁਝ ਨਹੀਂ ਕਰਨਾ।

ਕਿਰਨ : ਮੈਨੂੰ ਕੀ ਇਤਰਾਜ਼ ਹੋ ਸਕਦਾ ਏ। ਸਾਡੇ ਘਰ ਸਾਡੇ ਬੱਚੇ ਦੀਆਂ ਕਿਲਕਾਰੀਆਂ ਗੂੰਜਣਗੀਆਂ। ਇਸ ਤੋਂ ਵੱਡੀ ਕੋਈ ਖੁਸ਼ੀ ਮੇਰੇ ਲਈ ਕੀ ਹੋ ਸਕਦੀ ਏ। ਪਰ ਮੈਂ ਹੈਰਾਨ ਹਾਂ ਕਿ ਕਿਰਾਏ 'ਤੇ ਕਈ ਚੀਜ਼ਾਂ ਮਿਲਦੀਆਂ ਹਨ ਪਰ ਕੁੱਖਾਂ ਵੀ ਹੁਣ ਕਿਰਾਏ 'ਤੇ ਮਿਲਿਆ ਕਰਨਗੀਆਂ। ਇਹ ਕਦੇ ਨਹੀਂ ਸੀ ਸੋਚਿਆ।

ਜੀਤ : ਇਹ ਸਾਰਾ ਕੁਝ ਬੰਦੇ ਤੋਂ ਜੀਊਣ ਦੀਆਂ ਲੋੜਾਂ ਤੇ ਥੁੜਾਂ ਹੀ ਕਰਾਉਂਦੀਆਂ ਨੇ। ਇਹ ਵੀ ਤਨ ਦੀ ਮਜਬੂਰੀ ਈ ਏ। ਜਿਸ ਔਰਤ ਨੇ ਆਪਣੀ ਕੁੱਖ ਕਿਰਾਏ 'ਤੇ

ਦੇਣੀ ਏ, ਉਸ ਨੇ ਇਹ ਕੰਮ ਆਪਣੀ ਸਵੈ ਇੱਛਾ ਨਾਲ ਨਹੀਂ ਕਰਨਾ। ਆਪਣੀ ਕਿਸੇ ਵਡੇਰੀ ਲੋੜ ਦੀ ਪੂਰਤੀ ਲਈ ਉਸ ਨੇ ਆਪਣੀ ਕੁੱਖ ਨੂੰ ਵਸੀਲਾ ਬਣਾਉਣਾ ਏ। ਉਹ ਕੋਈ ਹੋਰ ਧੰਦਾ ਵੀ ਕਰ ਸਕਦੀ ਏ ਪਰ ਇੰਜ ਕਰਨ ਨਾਲ ਉਸਨੇ ਆਪਣੇ ਤਨ ਤੇ ਮਨ ਦੀ ਸੁੱਚਤਾ ਨੂੰ ਵੀ ਬਚਾ ਲੈਣਾ ਏ ਤੇ ਆਪਣੇ ਪਹਿਲਾਂ ਜੰਮੇ ਹੋਏ ਬੱਚਿਆਂ ਦੀਆਂ ਨਿੱਕੀਆਂ-ਨਿੱਕੀਆਂ ਖੁਸ਼ੀਆਂ ਲਈ ਲੋੜੀਂਦੇ ਸਾਧਨ ਵੀ ਪੈਦਾ ਕਰ ਲੈਣੇ ਨੇ। ਆਪਣੀਆਂ ਬੇਵਸੀਆਂ ਉੱਤੇ ਆਪਣੀ ਦੇਹ ਰਾਹੀਂ ਕਾਬੂ ਪਾਉਣ ਦਾ ਇਹ ਇਕ ਭਾਵਕ ਕਿਸਮ ਦਾ ਢੰਗ ਈ ਏ। ਇਸ ਵਿਚ ਕਿਸੇ ਕਿਸਮ ਦਾ ਗੁਨਾਹ ਕਰਨ ਵਾਲੀ ਕੋਈ ਗੱਲ ਨਹੀਂ।

ਕਿਰਨ : ਪਤਾ ਨਹੀਂ ਉਸ ਔਰਤ ਦੀ ਕਿੰਨੀ ਕੁ ਵੱਡੀ ਬੇਵਸੀ ਹੋਵੇਗੀ, ਚਲੋ ਕੋਈ ਗੱਲ ਨਹੀਂ। ਮੈਨੂੰ ਇਸ ਗੱਲ ਦਾ ਵਿਗੋਚਾ ਤਾਂ ਸਦਾ ਹੀ ਰਹੇਗਾ ਕਿ ਮੈਂ ਆਪਣੀ ਕੁੱਖ 'ਚੋਂ ਤੁਹਾਡਾ ਬੱਚਾ ਨਾ ਜੰਮ ਸਕੀ ਪਰ ਹੁਣ ਪਰਾਈ ਕੁੱਖ ਰਾਹੀਂ ਜੰਮੇ ਤੁਹਾਡੇ ਬਾਲ ਨੂੰ ਮੈਂ ਇਹ ਤਾਂ ਕਹਿ ਸਕਾਂਗੀ ਕਿ ਇਹ ਤੁਹਾਡਾ ਏ। ਮੈਨੂੰ ਉਹਦੇ ਵਿਚੋਂ ਹੀ ਤੁਹਾਡੀ ਨੁਹਾਰ ਦਿਸੇਗੀ। ਆਪਾਂ ਕੱਲ੍ਹ ਡਾਕਟਰ ਵੱਲ ਚੱਲਾਂਗੇ। ਹੁਣ ਹੋਰ ਦੇਰ ਨਹੀਂ ਕਰਨੀ।

ਜੀਤ : ਏਨੀ ਉਤਾਵਲੀ ਨਾ ਹੋ। ਪਹਿਲਾਂ ਡਾਕਟਰ ਨਾਲ ਪੂਰੀ ਤਰ੍ਹਾਂ ਸਲਾਹ ਮਸ਼ਵਰਾ ਕਰ ਲੈਣ ਦੇ। ਜੋ ਉਨ੍ਹਾਂ ਨੇ ਲੋੜਵੰਦ ਔਰਤ ਲੱਭ ਲਈ ਹੋਈ ਤਾਂ ਹੀ ਇਹ ਸਭ ਕੁਝ ਸੰਭਵ ਹੋ ਸਕੇਗਾ। ਵਿਹਾਰੀ ਕਾਰ ਵਿਹਾਰ ਦੀ ਗੱਲ ਵੀ ਪਹਿਲਾਂ ਹੀ ਹੋਣੀ ਏ। ਦੋਹਾਂ ਧਿਰਾਂ ਦੀ ਰਾਜ਼ਦਾਰੀ ਵੀ ਸਾਡੇ ਡਾਕਟਰ ਕੋਲ ਹੀ ਰਹੇਗੀ।

ਕਿਰਨ : ਇਹ ਵੀ ਤਾਂ ਔਰਤਾਂ ਦੇ ਹੀ ਨਸੀਬ ਨੇ ਕਿ ਇਕ ਪਾਸੇ ਮੇਰੀ ਕੁੱਖ ਏ-ਬੰਜਰ ਜ਼ਮੀਨ ਵਰਗੀ ਤੇ ਦੂਜੇ ਪਾਸੇ ਉਹ ਔਰਤ ਏ, ਜਿਸ ਨੂੰ ਆਪਣੀ ਕੁੱਖ ਕਿਰਾਏ 'ਤੇ ਦੇਣੀ ਪੈ ਰਹੀ ਏ। ਅਜਬ ਵਰਤਾਰੇ ਨੇ ਕੁਦਰਤ ਦੇ ਵੀ।



ਜੀਤ : ਪਰ ਬੰਦਾ ਜੀਣ ਲਈ ਕੀ-ਕੀ ਸਬੱਬ ਨਹੀਂ ਲੱਭਦਾ। ਸਾਡੇ ਦੋਹਾਂ ਘਰਾਂ ਲਈ ਇਹ ਵੀ ਤਾਂ ਜੀਣ ਦੇ ਸਬੱਬ ਹੀ ਨੇ।

ਕਿਰਨ : ਪਰ ਗੱਲ ਸੁਣੋ, ਕੀ ਉਹ ਔਰਤ ਬੱਚਾ ਪੈਦਾ ਹੋਣ ਤੋਂ ਬਾਅਦ ਆਸਾਨੀ ਨਾਲ ਸਾਨੂੰ ਦੇਣ ਲਈ ਸਹਿਮਤ ਹੋ ਜਾਏਗੀ ? ਆਪਣੀਆਂ ਆਂਦਰਾਂ ਦਾ ਸੇਕ ਉਹਨੂੰ ਸਤਾਏਗਾ ਨਹੀਂ ? ਮਾਂ ਤਾਂ ਉਹਨੇ ਪੂਰੀ ਹੀ ਬਣਨਾ ਏਂ।

ਜੀਤ : ਤੇਰੀ ਗੱਲ ਤਾਂ ਠੀਕ ਏ ਪਰ ਇਹ ਸਭ ਕੁਝ ਡਾਕਟਰ ਦੇ ਰਾਹੀਂ ਹੀ ਹੋਣਾ ਏ। ਸਾਡਾ ਬੱਚਾ ਪੈਦਾ ਕਰਨ ਤੋਂ ਬਾਅਦ ਤੇ ਸਾਨੂੰ ਸੌਂਪਣ ਤੋਂ ਬਾਅਦ ਹੀ ਉਹਨੂੰ ਡਾਕਟਰ ਵਲੋਂ ਤੈਅ ਕੀਤੀ ਗਈ ਰਕਮ ਮਿਲਣੀ ਏਂ। ਇੰਝ ਇਕ ਤਰ੍ਹਾਂ ਨਾਲ ਔਰਤ ਨੇ ਸਾਥੋਂ ਆਪਣੀ ਕੁੱਖ ਦਾ ਕਿਰਾਇਆ ਵਸੂਲਣਾ ਏ। ਆਪਣੀ ਕੁੱਖ ਦਾ ਸੇਕ ਵੇਚ ਕੇ ਉਹਨੇ ਆਪਣੇ ਪਹਿਲੇ ਢਿੱਡੋਂ ਜਾਇਆਂ ਲਈ ਹੀ ਬਿਹਤਰੀ ਦਾ ਪ੍ਰਬੰਧ ਕਰਨਾ ਏਂ। ਉਸ ਔਰਤ ਨਾਲ ਅਸਾਂ ਜਾਂ ਕਿਸੇ ਨੇ ਕੋਈ ਵਧੀਕੀ ਨਹੀਂ ਕਰਨੀ। ਉਹਨੇ ਤੇ ਅਸਾਂ ਇਕ ਦੂਜੇ ਦੀਆਂ ਲੋੜਾਂ ਤੇ ਥੁੜਾਂ ਦੀ ਪੂਰਤੀ ਹੀ ਕਰਨੀ ਏਂ। ਅਸੀਂ ਆਪਣੇ ਘਰ ਵਿਚ ਆਪਣੀ ਔਲਾਦ ਦੀਆਂ ਕਿਲਕਾਰੀਆਂ ਨੂੰ ਤਰਸ ਰਹੇ ਆਂ ਤੇ ਕਈ ਘਰਾਂ ਵਿਚ ਪੈਸੇ ਦੀ ਥੋੜ ਕਾਰਨ ਬੱਚਿਆਂ ਦੀਆਂ ਕਿਲਕਾਰੀਆਂ ਬੋਝ ਬਣੀਆਂ ਹੋਈਆਂ ਨੇ। ਕਈ ਲੋੜਵੰਦਾਂ ਨੂੰ ਆਪਣੇ ਬੱਚੇ ਵੇਚਣੇ ਪੈ ਰਹੇ ਨੇ ਤੇ ਕਦੇ ਕਦਾਈਂ ਤਾਂ ਅਖ਼ਬਾਰਾਂ ਵਿਚ ਇਹ ਵੀ ਛਪਦਾ ਪੜ੍ਹੀਦਾ ਏ ਕਿ ਇਕ ਮਾਂ ਨੇ ਪਹਿਲਾਂ ਆਪਣੇ ਬੱਚਿਆਂ ਨੂੰ ਜ਼ਹਿਰ ਦਿੱਤਾ ਤੇ ਫੇਰ ਆਪ ਖਾ ਲਿਆ। ਢਿੱਡੋਂ ਜਾਇਆਂ ਨੂੰ ਪਾਲਣਾ ਵੀ ਦੁਸ਼ਵਾਰ ਹੋਇਆ ਪਿਆ ਏ।

ਕਿਰਨ : ਮੈਂ ਤੁਹਾਡੀ ਹਰ ਦਲੀਲ ਨਾਲ ਸਹਿਮਤ ਹਾਂ ਪਰ ਕੀ ਅਸੀਂ ਕਿਸੇ ਔਰਤ ਦੀ ਮਜਬੂਰੀ ਦਾ ਨਜਾਇਜ਼ ਫ਼ਾਇਦਾ ਤਾਂ ਨਹੀਂ ਉਠਾ ਰਹੇ ? ਕੀ ਅਸੀਂ ਕਿਸੇ ਔਰਤ ਦੀ ਕੁੱਖ ਦਾ ਵਿਉਪਾਰ ਤੇ ਨਹੀਂ ਕਰ ਰਹੇ ?

ਜੀਤ : ਤੇਰੀ ਹਰ ਗੱਲ ਠੀਕ ਏ ਕਿਰਨ ਪਰ ਇਹ ਸਭ ਕੁਝ ਉਸ ਔਰਤ ਦੀ ਸਹਿਮਤੀ ਨਾਲ ਹੀ ਹੋਣਾ ਏਂ। ਅਸੀਂ ਉਸ ਔਰਤ ਦੇ ਗ਼ਰੀਬ ਹੋਣ ਦੀ ਮਜਬੂਰੀ ਦਾ ਨਜਾਇਜ਼ ਫਾਇਦਾ ਨਹੀਂ ਉਠਾਉਣਾ। ਉਸਨੇ ਸਾਡਾ ਬੱਚਾ ਜੰਮ ਕੇ ਸਾਨੂੰ ਸਾਡੀ ਅਮਾਨਤ ਵਾਂਗ ਹੀ ਦੇ ਦੇਣਾ ਏ। ਉਹਨੇ ਇਕ ਲੋੜ ਸਾਡੀ ਪੂਰੀ ਕਰਨੀ ਤੇ ਇਕ ਲੋੜ ਅਸਾਂ ਉਹਦੀ ਪੂਰੀ ਕਰਨੀ ਏ। ਇਹ ਸਾਡੇ ਦੋਹਾਂ ਘਰਾਂ ਦੀਆਂ ਲੋੜਾਂ ਤੇ ਥੁੜਾਂ ਦਾ ਵੀ ਸਮਝੌਤਾ ਏ। ਕਿਸੇ ਨੇ ਕਿਸੇ ਨਾਲ ਕੋਈ ਵਧੀਕੀ ਨਹੀਂ ਕਰਨੀ।

ਕਿਰਨ : ਜਿਵੇਂ ਤੁਹਾਡੀ ਮਰਜ਼ੀ। ਮੈਂ ਤਾਂ ਉਹ ਦਿਨ ਦੇਖਣ ਨੂੰ ਤਰਸ ਗਈ ਆਂ। ਜਦੋਂ ਇਸ ਸੁੰਞੇ ਘਰ ਵਿਚ ਤੋਤਲੇ ਬੋਲ ਗੂੰਜਣਗੇ। ਤੁਸੀਂ ਜੋ ਵੀ ਕਹੋਗੇ, ਮੈਨੂੰ ਮਨਜ਼ੂਰ ਏ। ਜੋ ਕੁੱਝ ਮੇਰੀ ਕੁੱਖ ਨਹੀਂ ਕਰ ਸਕਦੀ, ਉਹ ਸਭ ਕੁਝ ਮੇਰੀ ਮਮਤਾ ਕਰ ਕੇ ਵਿਖਾਏਗੀ।

ਜੀਤ : ਤੂੰ ਬੜੀ ਚੰਗੀ ਪਤਨੀ ਏਂ ਕਿਰਨ। ਹੁਣ ਤੂੰ ਚੰਗੀ ਮਾਂ ਵੀ ਬਣੇਂਗੀ-ਮੰਮੀ।

ਕਿਰਨ : ਤੁਸੀਂ ਵੀ ਤਾਂ ਬਣੋਗੇ-ਪਾਪਾ।

(ਦੋਵੇਂ ਖਿੜਖਿੜਾ ਕੇ ਹੱਸਦੇ ਹਨ)

ਬੀਰੋ : (ਅੰਦਰੋਂ ਆਉਂਦੀ ਹੈ) ਦੀਦੀ ਮੈਂ ਛੇਤੀ ਘਰ ਜਾਣਾ ਏ, ਬਾਕੀ ਦਾ ਕੰਮ ਮੈਂ ਸ਼ਾਮ ਨੂੰ ਆਕੇ ਕਰ ਦਿਆਂਗੀ।

ਕਿਰਨ : ਕੀ ਗੱਲ ਬੀਰੋ ਘਰ ਸਭ ਠੀਕ ਏ ਨਾਂ?

ਬੀਰੋ : ਮੇਰੇ ਆਦਮੀ ਦਾ ਫ਼ੋਨ ਆਇਆ ਸੀ, ਉਹਦੇ ਇਕ ਦੋਸਤ ਨੇ ਮੇਰੇ ਪਤੀ ਨੂੰ ਇਕ ਸਲਾਹ ਦਿੱਤੀ ਏ।

ਕਿਰਨ : ਕੀ ਸਲਾਹ ਦਿੱਤੀ ਏ?

ਬੀਰੋ : ਮੇਰੇ ਪਤੀ ਦਾ ਦੋਸਤ ਕਹਿ ਰਿਹਾ ਸੀ ਕਿ ਉਸ ਦੇ ਇਕ ਰਿਸ਼ਤੇਦਾਰ ਦੇ ਗੁਰਦੇ ਖ਼ਰਾਬ ਹੋ ਗਏ ਨੇ। ਜੇ ਕੁਝ ਦਿਨਾਂ ਵਿਚ ਉਸ ਨੂੰ ਇਕ ਗੁਰਦਾ ਕਿਤੋਂ ਨਾ ਮਿਲਿਆ ਤਾਂ ਉਸ ਦੀ ਜਾਨ ਚਲੀ ਜਾਏਗੀ। ਪੈਸੇ ਪੱਖੋਂ ਉਸਦਾ ਰਿਸ਼ਤੇਦਾਰ ਕਾਫ਼ੀ ਰੱਜਿਆ ਪੁੱਜਿਆ ਏ।



ਕਿਰਨ : ਉਂਜ ਤਾਂ ਕਿਸੇ ਦੀ ਜਾਨ ਵੀ ਰੱਬ ਕਰੇ ਨਾ ਜਾਵੇ, ਪਰ ਉਹ ਤੇਰੇ ਪਤੀ ਨੂੰ ਇਹ ਸਭ ਕੁਝ ਕਿਉਂ ਦੱਸ ਰਿਹਾ ਸੀ।

ਬੀਰੋ : ਉਹ ਕਹਿ ਰਿਹਾ ਸੀ ਕਿ ਜੇ ਮੇਰਾ ਪਤੀ ਆਪਣਾ ਇਕ ਗੁਰਦਾ ਉਸ ਦੇ ਉਸ ਰਿਸ਼ਤੇਦਾਰ ਨੂੰ ਦੇ ਦਵੇ ਤਾਂ ਉਹ ਉਸ ਨੂੰ ਢਾਈ ਤਿੰਨ ਲੱਖ ਦੇ ਦੇਵੇਗਾ। ਇਕ ਗੁਰਦਾ ਦੇ ਦੇਣ ਨਾਲ ਉਸ ਦੀ ਜਾਨ ਬਚ ਜਾਏਗੀ ਤੇ ਸਾਨੂੰ ਏਨੀ ਰਕਮ ਮਿਲ ਜਾਏਗੀ ਕਿ ਅਸੀਂ ਆਪਣੇ ਕਿਸੇ ਨਿੱਕੇ ਮੋਟੇ ਕੰਮ ਦਾ ਜੁਗਾੜ ਕਰ ਲਵਾਂਗੇ। ਕਹਿੰਦਾ ਸੀ ਫ਼ਿਕਰ ਕਰਨ ਵਾਲੀ ਕੋਈ ਗੱਲ ਨਹੀਂ । ਕੋਈ ਬੰਦਾ ਇਕ ਗੁਰਦੇ ਨਾਲ ਵੀ ਚੰਗੀ ਤਰ੍ਹਾਂ ਜੀਅ ਸਕਦਾ ਏ।

ਕਿਰਨ : ਫੇਰ ਤੁਸੀਂ ਕੀ ਸੋਚਿਆ ?

ਬੀਰੋ : ਨਹੀਂ ਨਹੀਂ... ਦੀਦੀ ਅਸੀਂ ਨਹੀਂ ਇਹ ਕੰਮ ਕਰਨਾ। ਆਏ ਦਿਨ ਖ਼ਬਰਾਂ ਵੇਖਦੇ ਸੁਣਦੇ ਰਹਿੰਦੇ ਆ ਕਿ ਗਰੀਬ ਲੋਕਾਂ ਦੇ ਗੁਰਦੇ ਕੱਢ-ਕੱਢ ਕੇ ਵੇਚੇ ਜਾ ਰਹੇ ਨੇ ਤੇ ਧਨਾਢ ਮਰੀਜ਼ਾਂ ਤੋਂ ਲੱਖਾਂ ਰੁਪਏ ਕਮਾਏ ਜਾ ਰਹੇ ਨੇ। ਅਸੀਂ ਨਹੀਂ ਇਹ ਕੰਮ ਕਰਨਾ। ਮੇਰਾ ਪਤੀ ਕਹਿੰਦਾ ਏ ਕਿ ਸਾਡੇ ਨਾਲ ਧੋਖਾ ਨਹੀਂ ਹੁੰਦਾ। ਸਾਡੇ ਬਿਮਾਰ ਬੱਚੇ ਦੀਆਂ ਮਹਿੰਗੀਆਂ ਦਵਾਈਆਂ ਕਿਥੋਂ ਆਉਣੀਆਂ ਨੇ। ਉਸ ਦਾ ਅਪਰੇਸ਼ਨ ਕਿਵੇਂ ਕਰਾਵਾਂਗੇ? ਉਂਜ ਵੀ ਜੇ ਫ਼ਿਕਰਾਂ ਵਿਚ ਜਾਨ ਚਲੀ ਗਈ ਤਾਂ ਕੀ ਹੋਏਗਾ। ਇੰਜ ਕਰਨ ਨਾਲ ਕੁਝ ਤਾਂ ਸੁਰਖ਼ਰੂ ਹੋਵਾਂਗੇ। ਹੱਥੀਂ ਜੰਮਿਆਂ ਦੀ ਜੂਨ ਤਾਂ ਖ਼ਰਾਬ ਨਹੀਂ ਹੋਏਗੀ। ਉਹ ਕਹਿੰਦਾ ਮੈਂ ਪਿਓ ਆਂ, ਇਹ ਕੁਰਬਾਨੀ ਤਾਂ ਸਾਨੂੰ ਦੇਣੀ ਈ ਪੈਣੀ ਏ।

ਕਿਰਨ : ਰੋ ਨਾ ਬੀਰੋ , ਪ੍ਰਮਾਤਮਾ ਕੋਈ ਨਾਂ ਕੋਈ ਰਾਹ ਜ਼ਰੂਰ ਕਢੇਗਾ।

ਬੀਰੋ : ਨਹੀਂ ਦੀਦੀ ਮੈਂ ਨਹੀਂ ਉਹਨੂੰ ਗੁਰਦਾ ਵੇਚਣ ਦੇਣਾ, ਮੈਨੂੰ ਤੇ ਸਾਹਮਣੀ ਕੋਠੀ ਵਾਲੀ ਮੈਡਮ ਕਹਿ ਰਹੀ ਸੀ ਕਿ ਹੁਣ ਲੋੜਵੰਦ ਔਰਤਾਂ ਕੁੱਖ ਵੀ ਕਿਰਾਏ 'ਤੇ ਦੇਣ ਲੱਗ ਪਈਆਂ ਨੇ। ਕਿਸੇ ਹੋਰ ਮਰਦ ਦਾ ਮਰਦ ਅੰਸ਼

ਆਪਣੀ ਕੁੱਖ ਵਿਚ ਰਖਵਾ ਕੇ ਨੌਂ ਮਹੀਨਿਆਂ ਪਿੱਛੋਂ ਬੱਚਾ ਜੰਮ ਕੇ ਉਸੇ ਮਾਂ ਬਾਪ ਨੂੰ ਦੇ ਦਿੱਤਾ ਜਾਂਦਾ ਏ, ਜਿਸ ਨੇ ਕਿਸੇ ਔਰਤ ਦੀ ਕੁੱਖ ਕਿਰਾਏ 'ਤੇ ਲਈ ਹੋਵੇ। ਇੰਜ ਕਰਨ ਨਾਲ ਲੋੜਵੰਦ ਮਾਂ-ਬਾਪ ਆਪਣੀ ਕੁੱਖ ਕਿਰਾਏ 'ਤੇ ਦੇਣ ਵਾਲੀ ਔਰਤ ਨੂੰ ਤੈਅ ਕੀਤੀ ਰਕਮ ਦੇ ਦਿੰਦੇ ਨੇ। ਇਹ ਸਾਰਾ ਕੁਝ ਗੁਪਤ ਢੰਗ ਨਾਲ ਹੀ ਹੁੰਦਾ ਏ। ਤੇ ਕਹਿੰਦੇ ਨੇ ਦੋਹਾਂ ਧਿਰਾਂ ਨੂੰ ਇਕ ਦੂਜੇ ਬਾਰੇ ਕੁਝ ਪਤਾ ਨਹੀਂ ਹੁੰਦਾ। ਦੋਵ੍ਹਾਂ ਵਿਚ ਸਾਂਝੀ ਕੜੀ ਸਿਰਫ਼ ਉਹ ਡਾਕਟਰ ਈ ਹੁੰਦਾ ਏ, ਜਿਸ ਨੇ ਕੁੱਖ ਦਾ ਇਹ ਸੌਦਾ ਕਰਵਾਇਆ ਹੁੰਦਾ ਏ।

ਕਿਰਨ : ਪਰ ਤੂੰ ਇਹ ਸਭ ਕੁਝ ਮੈਨੂੰ ਕਿਉਂ ਦਸ ਰਹੀ ਏਂ?

ਬੀਰੋ : ਮੈਂ ਸੋਚਦੀ ਆਂ ਜੇ ਮੈਂ ਇੰਜ ਕਿਸੇ ਦਾ ਬੱਚਾ ਆਪਣੀ ਕੁੱਖ ਵਿਚ ਰੱਖ ਕੇ ਜੰਮ ਦੇਵਾਂ ਤਾਂ ਸਾਨੂੰ ਚੋਖੇ ਪੈਸੇ ਵੀ ਮਿਲ ਜਾਣ ਤਾਂ ਕੀ ਮਾੜਾ ਏ? ਨਾਲੇ ਮੇਰੇ ਪਤੀ ਨੂੰ ਗੁਰਦਾ ਵੀ ਨਹੀਂ ਵੇਚਣਾ ਪਏਗਾ। ਮੈਂ ਕਿਸੇ ਦਾ ਬੱਚਾ ਜੰਮ ਕੇ, ਆਪਣੇ ਜੰਮੇ ਦੀ ਜਾਨ ਬਚਾ ਸਕਾਂ ਤਾਂ ਇਸ ਤੋਂ ਹੋਰ ਚੰਗੀ ਗੱਲ ਕਿਹੜੀ ਹੋ ਸਕਦੀ ਏ।

ਕਿਰਨ : ਹਾਏ ਮੇਰੇ ਰੱਬਾ..., ਮੈਂ ਕੀ ਸੁਣ ਰਹੀ ਆਂ ਕਿਸੇ ਗਰੀਬ ਦੀ ਮੰਦਹਾਲੀ ਦਾ ਇੰਜ ਹੀ ਮਜ਼ਾਕ ਉੱਡਵਾਉਣਾ ਸੀ? ਤੂੰ ਆਪਣੇ ਪਤੀ ਨੂੰ ਗੁਰਦਾ ਮੈਨੂੰ ਵੇਚਣ ਨਹੀਂ ਦੇ ਰਹੀ ਤੇ ਆਪ ਤੂੰ ਕਿਸੇ ਪਰਾਏ ਮਰਦ ਦਾ ਬੀਜ ਆਪਣੀ ਕੁੱਖ ਵਿਚ ਨੌਂ ਮਹੀਨੇ ਰੱਖ ਕੇ ਉਹਦਾ ਬੱਚਾ ਜੰਮ ਕੇ ਦੇਵੇਂਗੀ? ਤੇਰਾ ਸਮਾਜ ਤੈਨੂੰ ਕੀ ਕਹੇਗਾ?

ਬੀਰੋ : ਜਦੋਂ ਅੱਜ ਅਸੀਂ ਆਪਣੀਆਂ ਲੋੜਾਂ ਤੇ ਥੁੜਾਂ ਨਾਲ ਘੁਲ ਘੁਲ ਮਰ ਰਹੇ ਆਂ ਤੇ ਬਾਹਰਲੀ ਲੋਕ ਲਾਜ ਸਾਡੇ ਲਈ ਕੀ ਕਰ ਰਹੀ ਏ? ਕੌਣ ਭਰੇਗਾ ਸਾਡੇ ਬੱਚਿਆਂ ਦੀਆਂ ਫ਼ੀਸਾਂ? ਕੌਣ ਆਏਗਾ ਇਨ੍ਹਾਂ ਮਾਸੂਮਾਂ ਦੀਆਂ ਉਦਾਸੀਆਂ ਵਿਚ ਕਿਲਕਾਰੀਆਂ ਭਰਨ ਲਈ? ਕੌਣ ਆਏਗਾ ਮੇਰੇ ਜਾਏ ਦੀ ਜਾਨ ਬਚਾਉਣ ਲਈ? ਮੈਂ ਤਾਂ ਆਪਣੀ ਕੁੱਖ ਵੇਚਣੀ ਏ, ਆਪਣਾ ਜਿਸਮ ਨਹੀਂ। ਕੁੱਖ ਵਿਚ ਬੱਚਾ ਕਿਸਦਾ ਏ, ਕਿਰਾਏ 'ਤੇ ਦਿੱਤੀ ਕੁੱਖ ਵਾਲੀ



ਔਰਤ ਨੂੰ ਇਸ ਦਾ ਕੀ ਪਤਾ ਏ ? ਉਸ ਔਰਤ ਦੇ ਉਸ ਮਰਦ ਨਾਲ ਜਿਸਮਾਨੀ ਸੰਬੰਧ ਵੀ ਨਹੀਂ ਬਣਨੇ। ਆਪਣੀ ਕੁੱਖ ਦਾ ਸੇਕ ਵੇਚਣ ਨਾਲ ਆਪਣੇ ਮਨ ਦਾ ਕੁੱਝ ਨਹੀਂ ਵਿਕ ਜਾਂਦਾ। ਜੇ ਮਨ ਦੀ ਲਾਜ ਸਾਂਭੀ ਰਹੇ ਤਾਂ ਜਿਸਮ ਦੀ ਲਾਜ ਆਪਣੇ ਆਪ ਹੀ ਬਚੀ ਰਹਿੰਦੀ ਏ। ਮੇਰੀ ਕੁੱਖ ਤਾਂ ਹਰੀਭਰੀ ਈ ਰਹਿਣੀ ਏ। ਕਿਸੇ ਬਾਂਝ ਕੁੱਖ 'ਚੋਂ ਤਾਂ ਕੁਝ ਨਹੀਂ ਵਿਗਸਣਾ। ਬਸ ਇਕ ਬਾਂਝ ਕੁੱਖ ਦਾ ਵਿਰਲਾਪ ਹੀ ਕਿਸੇ ਦੀ ਹਰੀ ਕੁੱਖ ਨੇ ਸੁਣਨਾ ਏਂ। ਨਾ ਮੇਰੇ ਮਨ ਨੇ ਮੈਲਾ ਹੋਣਾ ਏ ਤੇ ਨਾ ਮੇਰੇ ਤਨ ਨੇ। ਮੇਰੀ ਕੁੱਖ ਦੇ ਸੇਕ 'ਚੋਂ ਕਿਸੇ ਹੋਰ ਦੇ ਬੀਜ ਦੀ ਕੋਂਪਲ ਈ ਫੁੱਟਣੀ ਏਂ। ਉਸ ਬੀਜ ਨੂੰ ਮੇਰੇ ਜਿਸਮ ਦੇ ਪਾਣੀਆਂ ਨੇ ਸਿੰਜਣਾ ਜ਼ਰੂਰ ਏ।

ਕਿਰਨ : ਫੇਰ ਵੀ ਤੂੰ ਪਹਿਲਾਂ ਆਪਣੇ ਪਤੀ ਨਾਲ ਸਲਾਹ ਕਰ ਲੈ। ਤੁਹਾਨੂੰ ਕੋਈ ਕਾਹਲੀ ਕਰਨ ਦੀ ਲੋੜ ਨਹੀਂ।

ਬੀਰੋ : ਹੁਣ ਸੋਚਣਾ ਕੀ ਏ ਦੀਦੀ? ਹੁਣ ਜਾਂ ਮੇਰਾ ਪਤੀ ਆਪਣਾ ਗੁਰਦਾ ਵੇਚੇਗਾ ਜਾਂ ਮੈਂ ਆਪਣੀ ਕੁੱਖ ਕਿਰਾਏ 'ਤੇ ਦੇਵਾਂਗੀ। ਲੜਾਈ ਤਾਂ ਸਾਡੀ ਗੁਰਬਤ ਨਾਲ ਈ ਏ... ਤੇ ਇਹ ਲੜਾਈ ਸਾਨੂੰ ਲੜਨੀ ਪੈਣੀ ਏਂ।

(ਬੀਰੋ ਬਾਹਰ ਜਾਂਦੀ ਹੈ)

ਜੀਤ : ਕਿਰਨ ਤੂੰ ਬੀਰੋ ਦੀਆਂ ਗੱਲਾਂ ਸੁਣਕੇ ਉਦਾਸ ਕਿਉਂ ਹੋ ਗਈ ਏਂ? ਸੱਚ ਬੀਜੀ ਦੀ ਆਵਾਜ਼ ਨਹੀਂ ਸੁਣ ਰਹੀ ਕਿੱਥੇ ਗਏ ਨੇ? ਕਿਰਨ ਕੀ ਗੱਲ ਅੱਜ ਫੇਰ ਬੀਜੀ ਨੇ ਕੁਝ ਕਿਹਾ ਏ?

ਕਿਰਨ : ਬੀ ਜੀ ਨੇ ਕੀ ਕਹਿਣਾ ਸੀ। ਮੈਂ ਈ ਆਪਣੀ ਕੁੱਖ ਨੂੰ ਮਿਲਿਆ ਸਰਾਪ ਹੰਢਾਉਣਾ ਏ। ਸਾਰੇ ਦੋਸ਼ਾਂ ਦੀ ਭਾਗੀ ਮੈਂ ਈ ਆਂ। ਮੈਂ ਤਾਂ ਕਿਸੇ ਦਾ ਬੁਰਾ ਨਹੀਂ ਚਿਤਵਿਆ। ਫੇਰ ਕੁਦਰਤ ਨੇ ਮੈਨੂੰ ਈ ਬੰਜਰ ਤੇ ਬਾਂਝ ਹੋਣ ਦਾ ਸਰਾਪ ਕਿਉਂ ਦੇ ਦਿੱਤਾ। (ਰੋਣ ਲੱਗਦੀ ਏ।)

ਜੀਤ : ਹੋਇਆ ਕੀ ਏ? ਜ਼ਰੂਰ ਬੀ ਜੀ ਨਾਲ ਤੇਰੀ ਝੜਪ ਹੋਈ ਹੋਵੇਗੀ। ਤੂੰ ਉਨ੍ਹਾਂ ਦੇ ਕਹੇ ਦਾ ਬੁਰਾ ਨਾ ਮਨਾ। ਮੈਂ ਜੁ ਤੇਰੇ ਨਾਲ ਆਂ। ਮੈਨੂੰ ਦੱਸ ਗੱਲ ਕੀ ਹੋਈ ਏ?

ਕਿਰਨ : ਗੱਲ ਤਾਂ ਕੋਈ ਨਹੀਂ ਹੋਈ। ਆਪਣੀ ਥਾਂ ਉਹ ਵੀ ਸੱਚੇ ਨੇ। ਉਨ੍ਹਾਂ ਨੂੰ ਵੀ ਦਾਦੀ ਅੰਮਾ ਬਣਨ ਦੀ ਰੀਝ ਏ। ਸਵੇਰੇ ਤੁਹਾਡੇ ਕਿਸੇ ਰਿਸ਼ਤੇਦਾਰ ਦੇ ਘਰ ਬੇਟਾ ਪੈਦਾ ਹੋਣ ਤੇ ਮਠਿਆਈ ਦਾ ਡੱਬਾ ਆਇਆ ਸੀ। ਬਸ ਓਥੋਂ ਈ ਗੱਲ ਸ਼ੁਰੂ ਹੋ ਗਈ। ਬੀਜੀ ਕਹਿੰਦੇ ਨੇ ਕਿ ਇਹ ਪਿਛਲੇ ਜਨਮਾਂ ਦੇ ਮਾੜੇ ਕਰਮਾਂ ਦਾ ਫ਼ਲ ਏ। ਸਾਡੀ ਕਿਸਮਤ ਈ ਮਾੜੀ ਏ। ਸਾਡੇ 'ਤੇ ਕੋਈ ਕਰੋਪੀ ਏ। ਸਾਡੀ ਕਿਸਮਤ ਈ ਮਾੜੀ ਏ।

ਜੀਤ : ਚੱਲ ਛੱਡ, ਤੂੰ ਦਿਲ 'ਤੇ ਨਾ ਲਾ। ਹੁਣ ਕਿਥੇ ਨੇ ਬੀ ਜੀ ?

ਕਿਰਨ : ਆਪਣੇ ਉਨ੍ਹਾਂ ਰਿਸ਼ਤੇਦਾਰਾਂ ਦੇ ਘਰ ਈ ਗਏ ਨੇ ਵਧਾਈ ਦੇਣ, ਜਿਨ੍ਹਾਂ ਦੇ ਘਰ ਪੋਤਰਾ ਹੋਇਆ ਏ। ਸ਼ਾਇਦ ਤਿਲਕ ਨਗਰ ਵਾਲੀ ਤੁਹਾਡੀ ਮਾਸੀ ਦੇ ਘਰ।

ਜੀਤ : ਚੱਲ ਉੱਠ, ਪਹਿਲਾਂ ਕੁਝ ਖਵਾ ਪਿਆ। ਫੇਰ ਮੈਂ ਵੀ ਤੈਨੂੰ ਇਕ ਖ਼ੁਸ਼ਖ਼ਬਰੀ ਸੁਣਾਵਾਂਗਾ।

ਕਿਰਨ : ਪਹਿਲਾਂ ਐਹ ਵਧਾਈ ਵਾਲੀ ਮਠਿਆਈ ਖਾ ਲਓ। ਮੈਂ ਹੋਰ ਕੁਝ ਬਣਾ ਕੇ ਲਿਆਉਨੀ ਆਂ।

ਜੀਤ : ਵਧਾਈ ਵਾਲੀ ਇਹ ਮਠਿਆਈ ਵੀ ਖਾ ਲਵਾਂਗਾ ਪਰ ਅਸੀਂ ਵੀ ਇਕ ਨਾ ਇਕ ਦਿਨ ਆਪਣੇ ਘਰ ਆਈਆਂ ਖ਼ੁਸ਼ੀਆਂ ਦੀ ਮਠਿਆਈ ਜ਼ਰੂਰ ਵੰਡਾਂਗੇ। ਕੁਦਰਤ ਸਾਡੇ 'ਤੇ ਵੀ ਮਿਹਰਬਾਨ ਹੋਵੇਗੀ।

ਕਿਰਨ : ਹੁਣ ਤੁਸੀਂ ਦੱਸੋ। ਕੀ ਖ਼ੁਸ਼ਖ਼ਬਰੀ ਲਿਆਏ ਓ। ਹੁਣ ਤਾਂ ਕੋਈ ਖ਼ੁਸ਼ਖ਼ਬਰੀ ਸੁਣਨ ਦੀ ਈ ਰੀਝ ਏ। ਹੁਣ ਤਾਂ ਖ਼ੁਸ਼ਖ਼ਬਰੀ ਵੀ ਤੁਹਾਡੇ ਮੂੰਹੋਂ ਹੀ ਸੁਣਨੀ ਏਂ, ਮੈਂ ਤਾਂ ਸੁਣਾਉਣ ਜੋਗੀ ਰਹੀ ਨਹੀਂ।

ਜੀਤ : ਇਉਂ ਨਾ ਕਹਿ ਕਿਰਨ, ਸਾਰੀਆਂ ਖੁਸ਼ੀਆਂ ਆਪਣੀਆਂ ਸਾਂਝੀਆਂ ਈ ਨੇ।

ਕਿਰਨ : ਰੱਬ ਕਰੇ ਸਾਡੇ ਘਰ ਵੀ ਖ਼ੁਸ਼ੀਆਂ ਦਾ ਫੇਰਾ ਪਵੇ ਤੇ ਮੇਰੀ ਵੀ ਤਾਨਿਆਂ ਮਿਹਣਿਆਂ ਤੋਂ ਮੁਕਤੀ ਹੋਵੇ। ਕੋਈ ਵੀ ਔਰਤ ਮਾਂ ਦਾ ਰੁਤਬਾ ਮਿਲਣ ਤੋਂ ਇਨਕਾਰ ਨਹੀਂ ਕਰ ਸਕਦੀ। ਲੋਕੀ ਤਾਂ ਆਪਣੀਆਂ ਧੀਆਂ ਨੂੰ ਕੁੱਖਾਂ ਵਿਚ



ਹੀ ਦਫ਼ਨ ਕਰੀ ਜਾ ਰਹੇ ਨੇ ਤੇ ਮੈਂ ਆਪਣੀ ਕੁੱਖ ਦੇ ਹਰੀ ਹੋਣ ਲਈ ਤਰਸ ਰਹੀ ਆਂ।

ਜੀਤ : ਚੱਲ ਦਿਲ ਛੋਟਾ ਨਾ ਕਰ। ਹੁਣ ਖ਼ੁਸ਼ਖ਼ਬਰੀ ਸੁਣ। ਜਦੋਂ ਮੈਂ ਡਾਕਟਰ ਵੱਲ ਗਿਆ ਸੀ, ਤਾਂ ਉਸ ਦੱਸਿਆ ਸੀ ਕਿ, ਇਕ ਅਜੇਹੀ ਲੋੜਵੰਦ ਔਰਤ ਉਹਨਾਂ ਕੋਲ ਹੈਗੀ ਏ, ਜਿਹੜੀ ਸਾਡੇ ਬੱਚੇ ਨੂੰ ਜਨਮ ਦੇਵੇਗੀ। ਉਹ ਬੱਚਾ ਮੇਰਾ ਅੰਸ਼ ਤਾਂ ਹੋਏਗਾ ਈ, ਮਾਂ ਬਣਨ ਦੀਆਂ ਤੇਰੀਆਂ ਇੱਛਾਵਾਂ ਦਾ ਆਲਾ ਭੋਲਾ ਰੂਪ ਹੀ ਹੋਵੇਗਾ। ਤੇਰੀ ਹਿੱਕ ਦੇ ਨਿੱਘ ਵਿਚ ਹੀ ਉਹ ਪਰਵਾਨ ਚੜ੍ਹੇਗਾ।

ਕਿਰਨ : (ਇਕਦਮ ਭਾਵੁਕ ਹੋਕੇ) ਜੀਤ, ਉਸ ਬੱਚੇ ਨੂੰ ਮੇਰੀ ਹਿਕ ਦਾ ਨਿੱਘ ਤੇ ਜ਼ਰੂਰ ਮਿਲਜੂ, ਪਰ ਉਸ ਕੁੱਖ ਦਾ ਵਿਰਲਾਪ ਕੌਣ ਸੁਣੇਗਾ, ਤੁਸੀਂ ਜਿਹਦੇ ਕੋਲੋਂ ਖੋਹਕੇ ਉਸਨੂੰ ਤੁਸੀਂ ਮੇਰੀ ਝੋਲੀ 'ਚ ਪਾਉਗੇ।

ਜੀਤ : ਪਰ ਕਿਰਨ, ਉਸ ਔਰਤ ਨੂੰ ਅਸੀਂ ਪੈਸੇ ਦੇਣੇ ਨੇ।

ਕਿਰਨ : ਕੀ ਹੁਣ ਪੈਸਿਆਂ ਨਾਲ ਕੁੱਖਾਂ ਦਾ ਵਿਉਪਾਰ ਹੋਏਗਾ, ਨਹੀਂ ਜੀਤ, ਮੈਂ ਕੁੱਖ ਦਾ ਸੌਦਾ ਨਹੀਂ ਕਰਨਾ ਤੇ ਨਾਂ ਹੀ ਕਿਸੇ ਕੁੱਖ ਦੀ ਮਜਬੂਰੀ ਦਾ ਫੈਦਾ ਉਠਾਉਣਾ ਏਂ।

ਜੀਤ : ਫੇਰ ਕੀ ਚਾਹੁੰਨੀ ਏਂ ਤੂੰ।

ਕਿਰਨ : ਜੀਤ ਅਸੀਂ ਕਿਸੇ ਗਰੀਬ ਦੀ ਮਦਦ ਕਰੀਏ। ਆਪਣੇ ਘਰ ਕੰਮ ਵਾਲੀ ਬੀਰੋ ਦੇ ਪੁੱਤ ਦੇ ਦਿਲ 'ਚ ਛੇਕ ਏ, ਉਹਨਾਂ ਕੋਲ ਏਨੇਂ ਪੈਸੇ ਨਹੀਂ ਕਿ ਉਹ ਬੱਚੇ ਦਾ ਅਪ੍ਰੇਸ਼ਨ ਕਰਵਾ ਸਕਣ, ਕਿਉਂ ਨਾਂ ਅਸੀਂ ਉਸਦੇ ਬੱਚੇ ਦਾ ਇਲਾਜ ਕਰਵਾ ਦੇਈਏ, ਫੇਰ ਬੀਰੋ ਨੂੰ ਵੀ ਕੁੱਖ ਕਿਰਾਏ 'ਤੇ ਨਹੀਂ ਦੇਣੀ ਪਵੇਗੀ ਤੇ ਨਾਂ ਹੀ ਉਹਦੇ ਪਤੀ ਨੂੰ ਗੁਰਦਾ ਵੇਚਣਾ ਪਵੇਗਾ।

ਜੀਤ : ਪਰ ਤੇਰੀ ਝੋਲੀ ਕਿੰਝ ਭਰੇਗੀ, ਤੂੰ ਮਾਂ ਤੇ ਮੈਂ ਪਾਪਾ ਕਿਸ ਤਰ੍ਹਾਂ ਬਣ ਸਕਾਂਗੇ।

ਕਿਰਨ : ਜੀਤ, ਹਰ ਰੋਜ਼ ਲੋਕ ਸੈਂਕੜੇ ਬੱਚਿਆਂ ਨੂੰ ਜੰਮਣ ਤੋਂ ਬਾਅਦ ਕੂੜੇ ਦੇ ਢੇਰਾਂ 'ਚ ਸੁੱਟ ਦੇਂਦੇ ਨੇ, ਕਈ ਰੈੱਡ ਕਰਾਸ ਦੇ ਪੰਘੂੜਿਆਂ 'ਚ ਪਾ ਦੇਂਦੇ ਨੇ, ਕੋਈ

ਯਤੀਮਖ਼ਾਨੇ ਸੁੱਟ ਦਿੰਦੇ ਨੇ। ਅਸੀਂ ਉਥੋਂ ਕਿਸੇ ਬੱਚੇ ਨੂੰ ਗੋਦ ਲਵਾਂਗੇ।

ਜੀਤ : ਪਰ ਤੂੰ ਤੇ ਕਹਿੰਦੀ ਸੀ, ਕਿ ਬੱਚੇ ਵਿਚ ਮੇਰਾ ਹੀ ਅੰਸ਼ ਹੋਵੇ।

ਕਿਰਨ : ਜੀਤ, ਬੱਚੇ ਅੰਦਰ ਮਾਂ ਦੀ ਮਮਤਾ ਤੋਂ ਵੱਡਾ ਅੰਸ਼ ਕੋਈ ਨਹੀਂ ਹੋ ਸਕਦਾ, ਸਾਡੀ ਪਰਵਰਿਸ਼ ਹੀ ਉਸ ਨੂੰ ਤੁਹਾਡੇ ਵਾਲੇ ਗੁਣ ਦੇਵੇਗੀ। ਤੁਸੀਂ ਬੀਜੀ ਤੇ ਭਾਪਾ ਜੀ ਨਾਲ ਗੱਲ ਕਰ ਲਓ, ਅਸੀਂ ਅੱਜ ਹੀ ਪਤਾ ਕਰਨ ਜਾਵਾਂਗੇ। (ਬੀਜੀ ਭਾਪਾ ਜੀ ਆਉਂਦੇ ਨੇ।)

ਭਾਪਾ ਜੀ : (ਬਾਹਰੋਂ ਆਉਂਦੇ ਹੋਏ) ਬੱਚਿਓ ਤੁਹਾਡੀ ਖੁਸ਼ੀ ਵਿਚ ਹੀ ਸਾਡੀ ਖੁਸ਼ੀ ਹੈ, ਤੁਹਾਡੀ ਮਮਤਾ ਹੀ ਸਾਡਾ ਵੰਸ਼ ਬਣੇਗੀ।

ਬੀਜੀ : ਹਾਂ ਧੀਏ, ਔਰਤ ਦੀ ਵਿਲਕਦੀ ਆਤਮਾ ਤੇ ਧੜਕਦੇ ਦਿਲ ਤਾਂ ਪਹੁੰਚਣਾ ਬੰਦਿਆਂ ਦੇ ਵੱਸ ਦੀ ਗੱਲ ਨਹੀਂ। (ਕਿਰਨ ਨੂੰ ਸਿਰ ਤੇ ਪਿਆਰ ਦੇਂਦੇ ਹੋਏ) ਤੁਹਾਡੀ ਹਰ ਮਮਤਾ ਨੂੰ ਜੀ ਆਇਆਂ ਧੀਏ।

**(ਪਰਦਾ)**



## ਲੇਬਰ ਚੌਂਕ ਦੀਆਂ ਅੱਖਾਂ

**-ਸੁਖਮਿੰਦਰ ਸੇਖੋਂ**

ਪਾਤਰ : ਪੰਜਾਬ ਸਿੰਘ
ਭਰਤ ਰਾਮ
ਫਕੀਰੀਆ

(ਇਹ ਚੌਰਸਤਾ ਹੈ। ਇਕ ਥਾਂ ਫਰਜ਼ੀ ਦੁਕਾਨ ਹੈ। ਫਕੀਰੀਆ ਆਪਣੀ ਪੁਰਾਣੀ ਕਾਪੀ ਪੜ੍ਹ ਰਿਹਾ ਹੈ । ਪਿੱਠ ਵਰਤੀ ਪੰਜਾਬ,ਭਾਰਤ ਅਤੇ ਦੁਨੀਆਂ ਦੀਆਂ ਖਬਰਾਂ ਸੁਣਾਈ ਦਿੰਦੀਆਂ ਹਨ। ਆਉਂਦੇ ਜਾਂਦੇ ਲੋਕ ਕਿਸੇ ਵੀ ਢੰਗ ਨਾਲ ਦਿਖਾਏ ਜਾ ਸਕਦੇ ਹਨ। ਮੰਚ 'ਤੇ ਪੰਜਾਬ ਸਿੰਘ ਤੇ ਭਰਤ ਰਾਮ ਆਉਂਦੇ ਹਨ । ਦੋਨ੍ਹਾਂ ਦੇ ਹੱਥ ਵਿਚ ਟਿਫਨ ਹਨ।)

ਪੰਜਾਬ : ਭਰਤ ਰਾਮ! ਮੈਨੂੰ ਤਾਂ ਐਂ ਲਗਦੈ ਬੀ ਅੱਜ ਵੀ ਆਪਣੀ ਦਿਹਾੜੀ ਸੁੱਕੀ ਈ ਜਾਊਗੀ।

ਭਰਤ ਰਾਮ : ਹਾਂ! ਲਗਦਾ ਤਾਂ ਮੈਨੂੰ ਵੀ ਕੁਛ ਐਦਾਂ ਈ ਐ,ਪਰ ਆਪਾਂ ਕਰ ਬੀ ਕੀ ਸਕਦੇ ਆਂ ਜਦੋ ਆਪਣੀ ਕਿਸਮਤ ਈ ਉਪਰਆਲੇ ਨੇ–

ਪੰਜਾਬ : ਤੂੰ ਆਹ ਗੱਲਾਂ ਜੀਆਂ ਗੱਲਾਂ ਨਾ ਕਰਿਆ ਕਰ ਕਿਸਮਤ ਕੁਸਮਤ ਆਲੀਆਂ। ਐਹ ਦੇਖ! ਆਪਣੇ ਹੱਥ ਈ ਕਿਸਮਤ ਨੇ। ਉਏ ਨਾਲੇ ਹਾਂ! ਰੱਬ ਰੁੱਬ ਕਿਤੇ ਨੀ ਹੁੰਦਾ, ਨਾ ਉਪਰ ਨਾ ਥੱਲੇ, ਨਾ ਏਧਰ ਨਾ ਓਧਰ ਕਿਤੇ ਵੀ–

ਭਰਤ : ਕਿਤੇ ਵੀ? ਜੇ ਫੇਰ ਕਿਤੇ ਨੀ ਤਾਂ ਆਪਣੇ ਅੰਦਰ ਈ ਕਿਤੇ ਬੈਠਾ ਹੋਊ ਮੇਰੇ ਸਾਲੇ ਦਾ

ਪੰਜਾਬ : ਉਏ ਗਾਲ੍ਹ ਨਾ ਕੱਢ, ਚਾਹੇ ਕੋਈ ਰੱਬ ਨੂੰ ਮੰਨੇ ਜਾਂ ਨਾ,ਪਰ ਰੱਬ ਨੂੰ ਗਾਲ ਬੁਰੀ ਬਾਤ!

ਭਰਤ : ਚੱਲ ਠੀਕੈ! ਕੁਦਰਤ ਈ ਹੋਊ ਫੇਰ ਰੱਬ? ਰੱਬ ਦੀ ਸੌਂਹ!

ਪੰਜਾਬ : ਉਏ ਸੌਂਹਾਂ ਨੀ ਖਾਈਦੀਆਂ ਹੁੰਦੀਆਂ, ਸੌਂਹਾਂ ਜਾਂ ਕਸਮਾਂ

ਤਾਂ ਝੂਠੇ ਬੰਦੇ ਖਾਂਦੇ ਹੁੰਦੇ ਨੇ।

ਭਰਤ : ਚੱਲ ਇਹ ਵੀ ਤੇਰੀ ਮੰਨੀ, ਪਰ ਆਪਣੀ ਕਿਸਮਤ ਤਾਂ–

ਪੰਜਾਬ : ਫੇਰ ਕਿਸਮਤ–ਕਿਸਮਤ ? ਆਪਣੀ ਕਿਸਮਤ ਨੂੰ ਕੀ ਹੋਇਆ, ਚੰਗੇ ਭਲੇ ਤੁਰਦੇ ਫਿਰਦੇ ਆਂ, ਹੈਂਡੀਕੈਪਡ ਤਾਂ ਨੀ ਕਿਤੇ, ਹੱਥ ਪੈਰ ਚਲਦੇ ਨੇ ਹਾਲੇ–

ਭਰਤ : ਪੰਜਾਬ ਸਿੰਹਾਂ! ਮੈਨੂੰ ਹੈਂਡੀਕੈਪਡ ਤੋ ਯਾਦ ਆਇਆ, ਕਿ ਜੇ ਆਪਣੇ ਸਰੀਰ ਦਾ ਇਕ ਅੰਗ ਨਾ ਹੁੰਦਾ, ਭਾਵ ਅਪਾਹਜ ਹੁੰਦੇ ਤਾਂ ਆਪਾਂ ਨੂੰ ਸਰਕਾਰੀ ਨੌਕਰੀ ਮਿਲ ਜਾਣੀ ਸੀ ?

ਪੰਜਾਬ : ਚੱਲ ਫੇਰ ਇਹ ਪੁੰਨ ਦਾ ਕੰਮ ਪਹਿਲਾਂ ਆਪਾਂ ਈ ਕਰਦੇ ਆਂ, ਚੱਲ! ਚੱਕ ਕੋਈ ਤੇਜ਼ਧਾਰ ਹਥਿਆਰ ਤੇ ਓਹ ਲਾਹ ਕੇ ਮਾਰ ਮੇਰੀ ਇਕ ਬਾਂਹ ?

ਭਰਤ : (ਹਸਕੇ) ਉਏ ਪਤੰਦਰ ਦਿਆ! ਚਾਹੇ ਤੂੰ ਆਪਣੀ ਬਾਂਹ ਵਢਾ,ਚਾਹੇ ਟੰਗ ਜਾਂ ਅੱਖ, ਕੰਨ–ਪਰ ਅੱਜ ਦੀਆਂ ਸਰਕਾਰਾਂ ਨੇ ਤੈਨੂੰ ਨੌਕਰੀ ਦੇ ਨਾਉਂ 'ਤੇ ਡੰਡੇ ਤੇ ਡਾਂਗਾਂ ਈ ਦੇਣੀਆਂ ਨੇ ?

ਪੰਜਾਬ : (ਉਦਾਸ ਹੋਕੇ) ਅੱਛਾ! ਫੇਰ ਕੀ ਕਰੀਏ ਆਪਾਂ ?

ਭਰਤ : ਮੈ ਤਾਂ ਐਂ ਸੋਚਦੈਂ ਬੀ ਤੂੰ ਆਵਦੇ ਪਿੰਡ ਆਲੀ ਬੰਜਰ ਦਾ ਕੀ ਚਾਰ ਪੌਣੇ, ਪਾਂਧਾ ਨਾ ਪੁੱਛ––ਵੇਚ ਪਰ੍ਹਾਂ!

ਪੰਜਾਬ : ਹਾਂ ਮੈ ਵੀ ਕਦੇ ਕਦੇ ਸੋਚਦੈਂ ਕਿ ਜਮੀਨ ਦਿੰਦੀ ਤਾਂ ਕੁਛ ਹੈ ਨੀ ਕਿਉ ਨਾ––

ਭਰਤ : ਇਸ ਨੂੰ ਵੇਚ ਛੱਡਾਂ ? ਕਿਉ ਕੀ ਆਂਹਦੈ ?

ਪੰਜਾਬ : ਹਾਂ! ਉਤਮ ਖੇਤੀ ਵਾਲੀ ਗੱਲ ਤਾਂ ਹੁਣ ਮੱਧਮ ਪੈ ਗੀ ਲਗਦੀ ਐ, ਆਪਣੇ ਵਪਾਰ ਵਰਗੀ ਰੀਸ ਨੀ। ਵਪਾਰੀ ਲੋਗਾਂ ਦੀਆਂ ਬੀ ਕਿਆਂ ਬਾਤਾਂ ਨੇ । ਬੱਸ ਐਂ ਸਮਝ ਲੈ ਵੀ ਮੌਜਾਂ ਈ ਮੌਜਾਂ! (ਗਾਉਂਦੇ ਹਨ)

ਭਰਤ : (ਦੋ ਬੰਦਿਆਂ ਵੱਲ ਦੇਖਕੇ) ਲੈ ਔਹ ਤੁਰੀਆਂ ਔਂਦੀਆਂ ਆਪਣੀਆਂ ਮੌਜਾਂ! ਅੱਜ ਤਾਂ ਦਿਹਾੜੀ ਲਗਦੈ ਪੱਕੀ–––



(ਦੋਨੋਂ ਜਣੇ ਦੌੜਕੇ ਓਧਰ ਜਾਂਦੇ ਹਨ,ਪਰ ਉਹ ਹੱਥਾਂ ਨਾਲ ਇਸ਼ਾਰਾ ਕਰਕੇ ਹੋਰ ਕਿਸੇ ਨੂੰ ਆਪਣੇ ਨਾਲ ਲੈ ਜਾਦੇ ਹਨ ।)

ਭਰਤ : (ਬਦਲਕੇ) ਕਿਉ ਨਾ ਆਪਾਂ ਮਿਲਕੇ ਈ ਕੋਈ ਬਿਜਨੈਸ ਕਰੀਏ ?ਪਰ ਕਾਹਦਾ ਕਰੀਏ ?

ਪੰਜਾਬ : ਕੋਈ ਹੋਟਲ ਰੈਸਟੋਰੈਂਟ ?

ਭਰਤ : ਨਹੀ ਕੋਈ ਸ਼ੋਅ ਰੂਮ!

ਪੰਜਾਬ : ਤੂੰ ਸ਼ੋ ਰੂਮਾਂ ਦੀ ਛੱਡ, ਪ੍ਰਾਪਰਟੀ ਦਾ ਕੰਮ ਸੁਰੂ ਕਰਾਂਗੇ।

ਭਰਤ : ਪ੍ਰਾਪਰਟੀ ? ਪਰ ਅੱਜਕੱਲ੍ਹ ਸੁਣਿਐ ਇਸ ਕੰਮ 'ਚ ਕਾਫੀ ਮੰਦਾ ਚੱਲ ਰਿਹੈ।

ਪੰਜਾਬ : ਮੰਦੇ ਦਾ ਕੀ ਐ ? ਪ੍ਰਾਪਰਟੀ ਡੀਲਰੀ 'ਚ ਨਜਾਰੇ ਈ ਬੌਤ ਨੇ, ਨਾ ਹਿੰਗ ਲੱਗੇ ਨਾ ਫਟਕੜੀ ਰੰਗ ਵੀ ਚੋਖਾ ਆਏ ? ਕੀ ਕਹਿੰਦੈ ?

ਭਰਤ : ਕਹਿਣ ਨੂੰ ਤਾਂ ਮੈ ਖੈਰ ਕੀ ਕਹਿਣੈ, ਪਰ––

ਪੰਜਾਬ : ਪਰ ਕੀ–ਭਰਤਿਆ ?

ਭਰਤ : ਪਰ ਪਹਿਲਾਂ ਆਪਾਂ ਨੂੰ ਇਕ ਦਕਾਨ ਦਾ ਜੁਗਾੜ ਕਰਨਾ ਪਊ ।

ਪੰਜਾਬ : ਦੁਕਾਨ ? ਦਕਾਨ ਨੂੰ ਕੀ ਐ, ਦੁਕਾਨਾਂ ਬੌਤ–ਬੱਸ ਤੂੰ ਪਰਾਪਰਟੀ ਡੀਲਰ ਵਾਸਤੇ ਆਪਣਾ ਦਿਮਾਗ ਤਿਆਰ ਕਰ!

ਭਰਤ : ਪਰਾਪਰਟੀ ਡੀਲਰੀ ਦਾ ਕੰਮ ਦਿਮਾਗੀ ਤੇ ਚਾਲਾਕ ਕਿਸਮ ਦੇ ਸ਼ਿਕਾਰੀਆਂ ਨੂੰ ਬਹੁਤ ਰਾਸ ਆਇਆ ਸੀ ਤੇ ਉਹ ਦਿਨਾ ਚ ਈ ਵੱਡੇ ਆਦਮੀ ਬਣ ਬੈਠੇ ।

ਪੰਜਾਬ : ਵੱਡੇ ਆਦਮੀ ?

ਭਰਤ : ਮੇਰਾ ਮਤਲਬ ਐ ਪੈਸੇ ਵਾਲੇ ।

ਪੰਜਾਬ : ਅੱਛਾ ਅੱਛਾ! ਤਾਂ ਵੱਡੇ ਆਦਮੀ ਪੈਸੇ ਵਾਲਿਆਂ ਨੂੰ ਲੋਕ ਸਮਝਦੇ ਨੇ ?

ਭਰਤ : ਹੋਰ ਕੀ! ਤੂੰ ਸਮਝਦੈ ਵੀ ਜਿਹੜੇ ਸਰੀਫ ਤੇ ਆਪਣੇ ਅਰਗੇ ਗਰੀਬੀਆਂ ਭੋਗਦੇ ਬੰਦੇ ਨੇ ਉਹ ਵੱਡੇ ਆਦਮੀ ਕਹਾਉਣ ਦੇ ਹੱਕਦਾਰ ਨੇ ? (ਇਸ਼ਾਰਾ ਕਰਕੇ) ਚੱਲ ਛੱਡ,ਪਰਾਪਰਟੀ ਦੀ ਤਾਂ ਬਾਅਦ

'ਚ ਦੇਖਾਂਗੇ, ਤੂੰ ਉਹ ਦੇਖ ਸਾਹਮਣੇ ਲਗਦੈ ਜਿਹੜੇ ਉਹ ਦੋ ਬੰਦੇ ਤੁਰੇ ਔਂਦੇ ਨੇ ਉਹ ਜ਼ਰੂਰ ਆਪਾਂ ਨੂੰ ਲੈਕੇ ਜਾਣਗੇ।

ਪੰਜਾਬ : ਚਲੋ ਅੱਜ ਦੀ ਦਿਹਾੜੀ ਤਾਂ ਫੇਰ.....

ਭਰਤ : ਪਰ ਆਪਣੀ ਕਿਸਮਤ ਚ ਕਮਾਈਆਂ ਕਿੱਥੇ ? ਲੈ ਉਹ ਤੁਰ ਗਏ ਹੋਰ ਈ ਪਾਸੇ–(ਦੋਨੋਂ ਜਣੇ ਸਿਰ ਸੁੱਟਕੇ ਬੈਠ ਜਾਂਦੇ ਹਨ। ਫਕੀਰੀਆ ਆਉਂਦਾ ਹੈ)

ਫਕੀਰੀਆ : ਸਬਰ ਰੱਖੋ ਭਾਈ, ਸਬਰ ਸੰਤੋਖ ਨਾਲ ਈ ਪ੍ਰਮਾਤਮਾ ਦੀ ਪ੍ਰਾਪਤੀ ਹੁੰਦੀ ਐ । ਫਕੀਰੀਆ ਸਭ ਜਾਣਦੈ !

ਦੋਨੋਂ : ਉਏ ਰਹਿਣ ਦੇ, ਰਹਿਣ ਦੇ ਵੱਡਿਆ ਸੇਠਾ ! ਤੈਨੂੰ ਤਾਂ ਹਾਲੇ ਤੱਕ ---ਕੀ ਕਹਿੰਦੇ ਐਂ ਪ੍ਰਮਾਤਮਾ ਦੀ ਪ੍ਰਾਪਤੀ ਹੋਈ ਨੀ। ਭੁੱਖਾ ਮਰਦੈ ਸਾਡੇ ਵਾਂਗ ਈ।

ਭਰਤ : ਮੇਰੇ ਅਰ ਪੰਜਾਬਿਆ ! ਤੂੰ ਹੁਣ ਲਗਦੇ ਹੱਥ ਆਪਣਾ ਜਮੀਨ ਦਾ ਟੁਕੜਾ ਵੇਚ ਈ ਛੱਡ,ਆਪਾਂ ਐਥੇ ਈ ਕਿਤੇ ਥਾਂ ਖਰੀਦਕੇ ਦੁਕਾਨਾਂ ਖੜ੍ਹੀਆਂ ਕਰ ਦਿਆਂਗੇ।

ਪੰਜਾਬ : ਦੁਕਾਨਾਂ-- ? ਹਾਂ–ਹਾਂ--ਨਵੀ ਮਾਰਕੀਟ 'ਚ ਦੁਕਾਨਾਂ ਬਣਾਕੇ ਉਨ੍ਹਾਂ ਨੂੰ ਆਪਾਂ ਚਾੜ੍ਹ ਦਿਆਂਗੇ ਕਿਰਾਏ ਤੇ।

ਭਰਤ : ਜਾਂ ਫੇਰ ਨੀਲਾਮੀ ਤੇ ਲਾ ਦਿਆਂਗੇ--
(ਪਿੱਠ ਵਰਤੀ ਦੁਕਾਨਾ ਦੀ ਬੋਲੀ ਦੀਆਂ ਆਵਾਜ਼ਾਂ ਆਉਣ ਲਗਦੀਆਂ ਹਨ)
ਇਹ ਮੈਂ ਕੀ ਸੁਣ ਰਿਹਾ ਸੀ ?

ਪੰਜਾਬ : ਜੋ ਤੂੰ ਸੁਣ ਰਿਹਾ ਸੀ, ਉਹੀ ਤਾਂ ਮੈ--(ਹੱਸਕੇ) ਪਤਾ ਨੀ ਕਿਹੋ ਕਿਹੋ ਜਿਹੇ ਦਿਨੇ ਈ ਸੁਪਨੇ .......

ਫਕੀਰੀਆ : ਮੈਨੂੰ ਵੀ ਸੁਪਨੇ ਔਂਦੇ ਨੇ ਛੋਕਰਿਓ !

ਦੋਨੋਂ : ਤੈਨੂੰ ਸੁਪਨੇ–ਕਿਹੜੇ ? ।

ਫਕੀਰੀਆ : ਫਕੀਰੀਆ ਕੀ ਜਾਣੇ ਜੱਗ ਕੀਆਂ ਬਾਤਾਂ ? ਪਰ ਮੈਨੂੰ ਪ੍ਰਮਾਤਮਾ ਸੱਚੇ ਪਾਤਸ਼ਾਹ ਦੇ ਸੁਪਨੇ–
(ਦੋਨੋ ਜਣੇ ਠਹਾਕਾ ਲਗਾਕੇ ਹੱਸਦੇ ਹਨ, ਜਿਵੇਂ ਫਕੀਰੀਆ ਦਾ ਮਜ਼ਾਕ ਉਡਾ ਰਹੇ ਹੋਣ)

ਪੰਜਾਬ : ਉਏ ਫਕੀਰੀਏ !! ਤੇਰਾ ਨੀ ਕੁਛ ਬਣਦਾ ਦੀਂਹਦਾ--



ਪਰ ਤੂੰ ਵੀ ਫਿਕਰ ਨਾ ਕਰੀਂ ਤੈਨੂੰ ਵੀ ਇਕ ਦੁਕਾਨ ਕਰਾਏ 'ਤੇ ਦੇ ਦਿਆਂਗੇ–

ਭਰਤ : ਐਥੇ ਬੈਠਾ ਮੱਖੀਆ ਮਾਰਦਾ ਰਹਿਨੈ–ਨਵੀ ਮਾਰਕੀਟ 'ਚ ਤੇਰਾ ਪ੍ਰਮਾਤਮਾ ਨਾਲ ਮੇਲ ਜਰੂਰ ਹੋ ਜੁਗਾ--

ਫਕੀਰੀਆ : (ਖੁਸ਼ ਹੋਕੇ) ਤੁਸੀ ਸੱਚ ਆਖਦੇ ਓਂ ਵੀ ਮੁੰਡਿਓ– ? ਥੋਡੇ ਮੂੰਹ ਮਾ ਘਿਓ ਸ਼ੱਕਰ ! ਫਕੀਰੀਆ ਸਭ ਜਾਣਦੈ !

ਪੰਜਾਬ : ਇਹ ਕੀ ਲਾਲੇ ਫਕੀਰੀਆ ? ਤੂੰ ਇਸ ਮਾਡਰਨ ਜਮਾਨੇ 'ਚ ਘਿਓ ਸ਼ੱਕਰ ਦੀਆਂ ਗੱਲਾਂ ਕਰ ਰਿਹੈ ? ਜੇ ਕਰਨੀਐ ਤਾਂ ਬਰਗਰ ਪਾਸਤੇ ਕੀਆਂ ਬਾਤਾਂ ਕਰ। ਹੁਣ ਤਾਂ ਛੱਤੀ ਪ੍ਰਕਾਰ ਦੇ ਪਕਵਾਨ ਆਗੇ ਨੇ ਮਾਰਕੀਟ 'ਚ ?

ਭਰਤ : ਐਨੇ ਆਧੁਨਿਕ ਪਕਵਾਨ ਕਿ ਰਹੇ ਰੱਬ ਦਾ ਨਾਂ ! ਮੇਰੇ ਤਾਂ ਮੂੰਹ 'ਚ ਪਾਣੀ....

ਫਕੀਰੀਆ : ਕਿੱਥੇ ਨੇ ਪਕਵਾਨ ? ਜ਼ਰਾ ਸਵਾਦ ਤਾ ਚਖਾਓ ਕਾਕਿਓ ? ਦੋਨੋਂ ਕਿਉ ਲਾਰਾਂ ਟਪਕਦੀਆਂ ਤੇਰੇ ਫਕੀਰੀਆ ? ਪਿੰਡ ਵਸਿਆ ਨੀ ਮੰਗਤੇ ਪਹਿਲਾਂ ?

ਭਰਤ : ਚਲੋ ਜਿਮੇ ਕਿਸੇ ਵੀ ਐ ਆਪਣੀਆਂ ਦੁਕਾਨਾਂ ਤਾਂ ਸਮਝੋ ਬਣ ਈ ਗਈਆਂ।

ਪੰਜਾਬ : ਹੁਣ ਤਾਂ ਬਸ ਇਨ੍ਹਾਂ ਦਕਾਨਾ ਚੋਂ ਇਕ ਦੁਕਾਨ 'ਚ ਆਪਾਂ ਮਾਲ ਪਾ ਈ ਲੈਣੈ।

ਭਰਤ : ਮਾਲ ? ਕਿਹੜਾ ਮਾਲ– ?
(ਕੋਲੋਂ ਲੰਘਦੀ ਇਕ ਔਰਤ ਅੱਖਾਂ ਦਿਖਉਦੀ ਹੈ)

ਫਕੀਰੀਆ : ਸੋਚਕੇ ਗੱਲ ਕਰਿਆ ਕਰੋ ਬਰਖੁਰਦਾਰੋ ? ਤੁਸੀਂ ਤਾਂ ਹਾਲੇ ਕੁਆਰੇ ਹੋ, ਮੈ ਤਾਂ ਵਿਆਹਿਆ ਵਰ੍ਹਿਆ ਆਂ-- ਜਵਾਕਾਂ ਆਲਾ–ਕਿਤੇ ਮੈ ਨਾ ਲਪੇਟਿਆਂ ਜਾਵਾਂ ਥੋਡੀਆਂ ਮਸ਼ਕਰੀਆਂ 'ਚ-- ? ਫਕੀਰੀਆ ਸਭ ਜਾਣਦੈ !

ਪੰਜਾਬ : ਕੰਮ ਤਾਂ ਕੋਈ ਵੀ ਮਾੜਾ ਚੰਗਾ ਨੀ ਹੁੰਦਾ ਬੱਸ ਬੰਦੇ ਦੀ ਨੀਤ ਚੰਗੀ ਹੋਣੀ ਚਾਹੀਦੀ ਐ।

ਭਰਤ : ਫੇਰ ਤਾਂ ਚਾਹ ਪਕੌੜਿਆਂ ਦੀ ਦੁਕਾਨ ਪਾ ਲਓ ?

ਪੰਜਾਬ : ਚਾਹ ਪਕੌੜੇ ? ਕੰਮ ਤਾਂ ਮਾੜਾ ਨੀ ਪਰ....

**ਭਰਤ** : ਪਰ ਕੀ-- ?

**ਪੰਜਾਬ** : ਪਰ ਇਹ ਕੰਮ ਕਰਦੇ ਕਰਦੇ ਆਪਾਂ ਵੀ ਕਿਤੇ ਕੋਈ ਲੀਡਰ ਜਾਂ ਮੰਤਰੀ ਨਾ ਬਣ ਜੀਏ ?

(ਭਰਤ ਤੇ ਪੰਜਾਬ ਹਸਦੇ ਹਨ,ਫਕੀਰੀਆ ਵੀ ਉਨ੍ਹਾਂ ਦਾ ਸਾਥ ਦਿੰਦਾ ਹੈ)

**ਭਰਤ** : ਐਂ ਕਰਦੇ ਆਂ ਆਪਾਂ ਪੌਲੇਟਿਕਸ--ਜੀਹਨੂੰ ਪੰਜਾਬੀ ਅਰ ਹਿੰਦੀ ਉਰਦੂ ਮਾ ਰਾਜਨੀਤੀ ਜਾਂ ਸਿਆਸਤ ਬੀ ਕਹਿੰਦੇ ਨੇ, ਉਸ ਵਿਚ ਲੰਗੋਟ ਕੱਸ ਕੇ ਕੁੱਦ ਪੀਏ ?

**ਪੰਜਾਬ** : ਚੱਲ ਫੇਰ ਚੱਲੀਏ ਸਿਆਸਤ ਦੇ ਅਖਾੜੇ ਚ ਭਲਵਾਨੀਆਂ ਕਰਨ....

**ਫਕੀਰੀਆ** : ਉਹੋ ਰਾਜਨੀਤੀ ਦੇ ਭਲਵਾਨੋ ! ਕਿਤੇ ਕੁਰਸੀਆਂ ਮੱਲ ਕੇ ਫਕੀਰੀਏ ਨੂੰ ਭੁਲਾ ਨਾ ਦੇਣਾ ? (ਪਰਦੇ ਪਿੱਛਿਓਂ ਗਾਣਾ--ਭੁਲਾ ਨਹੀ ਦੇਨਾ ਜੀ-ਭੁਲਾ ਨਹੀ ਦੇਨਾ-ਜਮਾਨਾ ਖਰਾਬ ਹੈ ਭੁਲਾ ਨੀ ਦੇਨਾ--)

**ਭਰਤ** : ਤੈਨੂੰ ਕਿੱਥੋ ਭੁਲਾ ਦਿਆਂਗੇ ਫਕੀਰੀਏ ਜਾਨ ! ਤੈਨੂੰ ਤਾਂ ਅਸੀ ਰੱਬ ਆਲੀ ਕੁਰਸੀ 'ਤੇ ਬਿਠੌਣਾ ?

**ਪੰਜਾਬ** : ਬੱਸ ਹੁਣ ਤੂੰ ਫਕੀਰੀਏ ਜਾਗਦਿਆਂ ਸੌਂਦਿਆਂ ਕੁਰਸੀ ਰਾਣੀ ਦੇ ਸੁਪਨੇ ਦੇਖਿਆ ਕਰ ਤੇ ਜੈ ਮਾਤਾ ਦੀ ਥਾਵੇਂ ਇਹ ਨਾਅਰਾ ਹਵਾ ਮਾ ਗੁੰਜਾਇਆ ਕਰ---ਜੈ ਮਾਤਾ ਕੁਰਸੀ ਰਾਣੀ ਕੀ !

(ਪਿੱਠ ਵਰਤੀ--ਜੈ ਹੋ--ਜੈ ਹੋ--ਜੈ ਹੋ ਹੁੰਦੀ ਹੈ)

**ਭਰਤ** : ਪੰਜਾਬ ਸਿੰਹਾਂ ! ਅੱਜਕੱਲ੍ਹ ਤੇਰਾ ਦਿਮਾਗ ਸਾਰੇ ਪਾਸੇ ਈ ਚੱਲਣ ਲੱਗ ਪਿਐ। ਕਦੇ ਤੂੰ ਵਪਾਰ ਕੀਆਂ ਬਾਤਾਂ ਕਰਦੈ ਤੇ ਕਦੇ ਸਿਆਸਤ ਕੀਆਂ--ਜੀਅ 'ਚ ਔਂਦੈ ਤੇਰੇ ਪੈਰ ਚੁੰਮ ਲਾਂ--

**ਪੰਜਾਬ** : (ਹਸਕੇ) ਨਾ ਚੁੰਮ ਲੈ ਫੇਰ ?

**ਭਰਤ** : ਨਾ ਕਮਲਾ ਨਾ ਸਿਆਣਾ ! ਇਹ ਸੱਚ ਥੋੜ੍ਹੀ ਹੁੰਦੈ ਇਹ ਤਾਂ ਉਈਂ ਕਹਿਨੈ ਕੀਆਂ ਬਾਤੀਂ.....

**ਪੰਜਾਬ** : (ਗੰਭੀਰ ਹੋ ਕੇ) ਕੰਮ ਤਾਂ ਬੌਤ ਨੇ। ਹੁਣ ਤੂੰ ਦੇਖ ਤਾਂ ਰਿਹੈ ਬਜਾਰ ਭਰੇ ਪਏ ਨੇ ਦੁਕਾਨਾ ਨਾਲ। ਖਾਣ ਪੀਣ ਤੋ



ਲੈਕੇ ਹਰ ਤਰ੍ਹਾਂ ਦੇ ਪਹਿਣਨ ਵਾਲੇ ਕੱਪੜੇ। ਜੁੱਤੀਆਂ ਬੂਟ, ਕਰਿਆਨੇ ਤੇ ਜਨਰਲ ਸਟੋਰ।

**ਭਰਤ** : ਪਰ ਹੁਣ ਤਾਂ ਵੱਡੇ ਵੱਡੇ ਮਾਲਾਂ ਦਾ ਜਮਾਨਾ ਆ ਗਿਐ । ਇਹ ਨਿੱਕੀਆਂ ਛੋਟੀਆਂ ਦੁਕਾਨਾਂ ਤਾਂ ਸਮਝੋ ਫੇਲ੍ਹ !

**ਪੰਜਾਬ** : ਫੇਲ੍ਹ ਵਰਗੀਆਂ ਫੇਲ੍ਹ !

**ਫਕੀਰੀਆ** : (ਰੋਣਹਾਕਾ ਹੋਕੇ) ਹੁਣ ਤੁਸੀ ਦੇਖ ਈ ਰਹੇ ਓਂ ਮੇਰੀ ਦੁਕਾਨ ਕਾ ਹਾਲ--ਗਾਹਕੀ ਦੀ ਗੱਲ ਤਾਂ ਦੂਰ ਮਾਲ ਪੌਣੇ ਨੂੰ ਵੀ ਪੈਸੇ ਨੀ ਜੇਬ ਮਾ-ਫਕੀਰੀਆ ਸਭ ਜਾਣਦੈ !

**ਭਰਤ** : ਤੂੰ ਤਾਂ ਢਕਿਆ ਈ ਰਹਿ ਫਕੀਰੀਏ ! ਥੋਡੇ ਸੇਠਾਂ ਨੂੰ ਰੋਣੇ ਤੋ ਸਿਵਾ ਹੋਰ ਕੁਛ ਔਂਦੈ ?

**ਪੰਜਾਬ** : ਨਹੀ ਭਰਤਿਆ ! ਇਹ ਸੇਠ ਵੀ ਕੀਹਦੀ ਮਾਂ ਨੂੰ ਮਾਸੀ ਕਹਿਣ ? ਛੋਟੀ ਦੁਕਾਨਦਾਰੀ ਅਰ ਵਪਾਰੀ ਦਾ ਤਾਂ ਦਵਾਲਾ ਨਿਕਲਿਆ ਪਿਐ !

**ਫਕੀਰੀਆ** : ਹੋਰ ਕੀ-- ? ਬਪਾਰ ਮਾ ਕੁਛ ਨੀ ਰੱਖਿਆ ਜੋਧਿਓ !

**ਭਰਤ** : ਪਰ ਨੌਕਰੀਆਂ 'ਚ ਵੀ ਕੀ ਰੱਖਿਐ ?

**ਪੰਜਾਬ** : ਨੌਕਰੀ ? ਨੌਕਰੀਆਂ 'ਚ ਤਾਂ ਫੇਰ ਵੀ--ਪਰ ਨੌਕਰੀ ਮਿਲੇ ਤਾਂ ਨਾ ?

**ਭਰਤ** : ਹੁਣ ਆਪਾਂ ਕਿੰਨੀਆਂ ਕਿੰਨੀਆਂ ਜਮਾਤਾਂ--ਮਾਰਕੇ ਡਿਪਲੋਮੇ ਡਿਗਰੀਆਂ ਵੀ ਕਰੀ ਫਿਰਦੇ ਆਂ, ਪਰ ਨੌਕਰੀਆਂ ਰੁਜਗਾਰ ਕਿੱਥੇ ? ਸਰਕਾਰੀ ਨੌਕਰੀਆਂ ਦਾ ਤਾਂ ਜਿਵੇ ਭੋਗ ਈ ਪਿਐ ਹੋਇਐ ।

**ਪੰਜਾਬ** : ਨੌਕਰੀਆਂ ਦੇ ਨਾਉ ਤੇ ਡੰਡੇ !

**ਭਰਤ** : ਠੁੱਡੇ ਤੇ ਪਾਣੀ ਦੀਆਂ ਬੁਛਾੜਾਂ
ਕਿੱਥੇ ਗਈਆਂ ਚੁਣੀਆਂ ਸਰਕਾਰਾਂ ?

(ਪਿੱਠ ਵਰਤੀ ਚੋਣ ਪ੍ਰਚਾਰ ਦੀਆਂ ਆਵਾਜ਼ਾਂ---ਸਾਡਾ ਚੋਣ ਨਿਸ਼ਾਨ ਉਲੂ ! ਸਾਡਾ ਚੋਣ ਨਿਸ਼ਾਨ ਕਾਂ ! ਕਾਂ ਕਾਂ ਦੀਆਂ ਆਵਾਜ਼ਾਂ ਵੀ ਆਉਂਦੀਆਂ ਹਨ। ਬਾਬੂ ਰਾਮ ਪ੍ਰਸਾਦ ਅਤੇ ਸਰਦਾਰ ਬਘੇਲ ਸਿੰਘ ਨੂੰ ਜਿਤਾ ਕੇ ਕਾਮਯਾਬ ਬਣਾਓ ਦੇ ਲੁਭਾਊ ਨਾਅਰੇ ਵੀ ਲਗਦੇ ਹਨ)

**ਭਰਤ** : ਤੂੰ ਸੁਣਿਆ ਕੁਛ-- ?

ਪੰਜਾਬ : ਹਾਂ! --ਜੋ ਤੂੰ ਸੁਣਿਆ ਉਹੀ ਮੈ ਸੁਣਿਆ । ਜੋ ਮੈ ਸੁਣਿਓ ਉਹੀ ਜਨਤਾ ਨੇ ਸੁਣਿਆ-

ਭਰਤ : ਸਾਡੀ ਰਾਜਨੀਤੀ ਤੇ ਸਿਆਸਤ ਕਿੰਨੀ ਉਸਾਰੂ ਤੇ ਮਹਾਨ ਹੁੰਦੀ ਜਾ ਰਹੀ ਐ।

ਪੰਜਾਬ : ਹਰ ਤਰਫ ਜਬਰ ਤੇ ਜੁਰਮ

ਭਰਤ : ਰੇਪ ਤੇ ਬਲਾਤਕਾਰ!

ਪੰਜਾਬ : ਗੁੰਡਾਗਰਦੀ ਤੇ ਭ੍ਰਿਸ਼ਟਾਚਾਰ

ਭਰਤ : ਬੇਈਮਾਨੀ ਤੇ ਧੋਖੇਬਾਜੀਆਂ

ਪੰਜਾਬ : ਦੰਗੇ ਤੇ ਫਸਾਦ!

(ਫਕੀਰੀਆ ਚੀਕਦਾ ਹੈ)

ਫਕੀਰੀਆ : ਬੰਦ ਕਰੋ ਇਹ ਬਕਵਾਸ, ਰਾਮ ਗਏ ਬਨਵਾਸ!

(ਪਿੱਠ ਵਰਤੀ-ਕਹਿ ਗਏ ਰਾਮ ਸੀਆ ਸੇ---ਇਕ ਦਿਨ ਐਸਾ ਆਏਗਾ--ਹੰਸ ਚੁਗੇ ਗਾ ਦਾਨਾ ਤੁਨਕਾ--ਕਊਆ ਮੋਤੀ ਖਾਏਗਾ--)

ਭਰਤ : ਉਹ-ਉਹ ਦੇਖ ਇਕ ਲਾਲਾ ਤੁਰਿਆ ਔਂਦੈ--

ਪੰਜਾਬ : ਇਕ ਸਰਦਾਰ ਜੀ ਵੀ ਨੇ-

ਭਰਤ : ਹੋਰ ਵੀ ਖਾਸੇ ਲੋਗ ਤੁਰੇ ਔਂਦੇ ਨੇ-

ਪੰਜਾਬ : (ਉਦਾਸ ਹੋ ਕੇ) ਇਹ ਵੀ ਗਏ--- ? ਸਾਡੇ ਕੋਲ ਕੋਈ ਕੰਮ ਕਰਵਾਉਣ ਵਾਲਾ ਕਿਉ ਨੀ ਔਂਦਾ ? ਅਸੀ ਕੀ ਰੱਬ ਦੇ ਮਾਂਹ-

ਫਕੀਰੀਆ : ਰੱਬ ਦਾ ਨਾਉਂ ਈ ਪਰਮਾਤਮਾ ਹੈ---ਪਰਮਾਤਮਾ ਦਾ ਨਾਉਂ ਲਿਆ ਕਰੋ---ਉਹ ਕਰੂਗਾ--ਸਾਰਿਆਂ ਨੂੰ ਖਾਣੇ ਲਈ ਰੋਟੀ ਦੇਵੇਗਾ--ਫਕੀਰੀਆ ਸਭ ਜਾਣਦੈ! ਜਰੂਰ ਭਲੀ

ਦੋਨੋਂ ਜਣੇ : (ਆਪਣੇ ਹੱਥ ਵਿਚ ਪਕੜੇ ਡੱਬਿਆਂ ਵੱਲ ਦੇਖਕੇ) ਰੋਟੀ- ? ਹਾਂ ਭੁੱਖ ਤਾਂ ਲੱਗੀ ਐ ਪਰ-ਪਰ ਕੋਈ ਮਜਦੂਰੀ ਕਰਵੌਣੇ ਆਲਾ ਗਾਹਕ ਬਹੁੜ ਪਵੇ ਫੇਰ ਰਾਮ ਨਾਲ ਵੇਹਲੇ ਟੈਮ ਉਸਦੇ ਘਰ ਵਿਚ ਬੈਠਕੇ ਈ ਰੋਟੀ ਖਾਵਾਂਗੇ--ਲਾਲਾ ਸਿਆਂ!

ਫਕੀਰੀਆ : ਰੋਟੀ ਤਾਂ ਫਕੀਰੀਆ ਵੀ ਖਾਊਗਾ ਹਾਲੇ ਬਿੰਦ ਅਟਕ



ਕੇ--ਅੰਬ ਦੇ ਚਾਰ ਨਾਲ--ਪਰ-ਪਰ ਹਾਲੇ ਕੋਈ ਗਾਹਕ ਤਾਂ ਆ ਲੈਣ ਦਿਓ ਪਤੰਦਰੋ! ਫਕੀਰੀਆ ਸਭ ਜਾਣਦੈ!

ਦੋਨੋਂ ਜਣੇ : ਗਾਹਕ ? ਗਾਹਕ ਬਥੇਰੇ ਔਣਗੇ---ਜਦੋਂ --

ਭਰਤ : ਜਦੋਂ ਆਪਣੀਆਂ ਦੁਕਾਨਾਂ ਚੜ੍ਹੀਆਂ ਕਰਾਏ 'ਤੇ ?

ਪੰਜਾਬ : ਫੇਰ ਜਦੋਂ ਆਪਣਾ ਬਿਜਨਸ ਨਿਕਲ ਤੁਰਿਆ--

ਭਰਤ : (ਹਸਕੇ) ਨਿਕਲ ਤੁਰਿਆ--ਤੁਰੂਗਾ ਨੀ--ਭੱਜੂਗਾ--ਦੌੜੂਗਾ ਆਪਣਾ ਵਪਾਰ---

(ਆਵਾਜ਼ਾਂ ਆਉਦੀਆਂ ਹਨ-ਰਾਮ ਨਾਮ ਸੱਤ ਹੈ--ਰਾਮ ਨਾਮ ਸੱਤ ਹੈ)

ਪੰਜਾਬ : ਇਹ ਕੀਹਦੀ ਅਰਥੀ ਚੱਲੀ ਸੀ ?

ਭਰਤ : ਅਰਥੀ ? ਤੇਰਾ ਮਤਲਬ ਐ ਕੀਹਦਾ ਜਨਾਜਾ ਨਿਕਲਿਆ ਸੀ ?

ਪੰਜਾਬ : ਹਾਂ ਹਾਂ---ਅਰਥੀ ਹੋਈ ਕਿ ਜਨਾਜਾ ?

ਭਰਤ : ਇਹ ਅਰਥੀਆਂ ਜਾਂ ਜਨਾਜੇ ਤਾਂ ਰੋਜ ਈ....

ਪੰਜਾਬ : ਆਮ ਤੌਰ 'ਤੇ ਦੇਖਿਆ ਗਿਐ-ਕਦੇ ਬੇਰੋਜਗਾਰ ਨੌਜਵਾਨ, ਕਦੇ ਮੁਲਾਜਮ, ਕਦੇ ਦੁਕਾਨਦਾਰ, ਕੋਈ-ਕਦੇ ਕੋਈ-ਕਦੇ ਕੋਈ--ਇਨ੍ਹਾਂ ਨੇਤਾਵਾਂ ਲੀਡਰਾਂ ਦੀਆਂ ਅਰਥੀਆਂ ਕੱਢਦਾ ਈ ਰਹਿੰਦੈ ।

ਭਰਤ : ਪੁਤਲੇ ਬਣਾਕੇ ਅੱਗ ਲਾ ਦਿੰਦੇ ਨੇ। ਪੰਜਾਬ ਅੱਗ ਦੇ ਧੂੰਏ ਨਾਲ ਤਾਂ ਫੇਰ ਪ੍ਰਦੂਸ਼ਣ-- ਭਰਤ ਪ੍ਰਦੂਸਣ ਕਿਤੇ ਥੋੜ੍ਹੈ ? ਕਿਰਸਾਨਾਂ ਨੂੰ ਕਾਹਦਾ ਦੋਸ਼ ? ਇਹ ਟਰੈਫਿਕ ਦਾ ਧੂੰਆਂ ਈ ਨੀ ਮਾਣ! ਕਾਰਖਾਨੇ ਫੈਕਟਰੀਆਂ ਵਾਲੇ ਅੱਡ-

ਪੰਜਾਬ : ਪਰ ਆਪਾਂ ਦੇਖਣ ਨੂੰ ਆਮ ਜਿਹੇ ਲੋਕ ਕਿਹੜਾ ਘੱਟ ਗੁਜ਼ਾਰਦੇ ਆਂ ? (ਰੋਹ ਨਾਲ) ਮੈ ਤਾਂ ਅੱਗ ਲਾਕੇ ਫੂਕ ਦੂੰ ਲੰਕਾ!

ਭਰਤ : ਕਿਉ ਅੱਗਾਂ ਦੀ ਗੱਲ ਕਰਦੈ ਫਕੀਰੀਆ ? ਪਹਿਲਾਂ ਕਿਤੇ ਘੱਟ ਹੋ ਰਹੀ ਐ ਆਪਣੇ ਮੁਲਕ 'ਚ ।

ਪੰਜਾਬ : ਹਰ ਥਾਂ ਦੰਗੇ ਫਸਾਦ ਆਦਮੀ ਹੋਇਆ ਬੇਹਾਲ!

(ਪਿੱਠ ਵਰਤੀ ਦੰਗੇ ਫਸਾਦਾਂ ਦਾ ਮਾਹੌਲ। ਮਾਰੋ-ਮਾਰੀ ਦੇ ਨਾਅਰੇ ਗੂੰਜਦੇ ਹਨ)

ਭਰਤ : ਮੈ ਤਾਂ ਡਾਹਢਾ ਹੀ ਡਰ ਗਿਆ ਸਾਂ । ਮੇਰੇ ਡਰ ਦੀ ਹੈ ਨਿੱਕੀ ਜਿੰਨੀ ਕਹਾਣੀ । ਨਾ ਰੋਟੀ ਨਾ ਪਾਣੀ । ਮੈ ਬੇਜ਼ਮੀਨਾ, ਸੀਰੀ ਦਾ ਪੁੱਤਰ। ਮੇਰੀ ਮਾਂ ਕਰਦੀ ਸੀ ਲੋਕਾਂ ਦੇ ਗੋਹਾ ਕੂੜਾ । ਮਰ ਮਰਕੇ ਉਨ੍ਹਾਂ ਮੈਨੂੰ ਪੜ੍ਹਾਇਆ । ਪਰ ਪੜ੍ਹ ਲਿਖਕੇ ਨੌਕਰੀ 'ਤੇ ਉਠੇ ਸਵਾਲ । ਹੁਣ ਤੱਕ ਹਾਂ ਬੇਰੋਜ਼ਗਾਰ!

ਪੰਜਾਬ : ਮੇਰੀ ਵੀ ਛੋਟੀ ਜਿੰਨੀ ਕਹਾਣੀ । ਮੈਂ ਇਕ ਗਰੀਬ ਕਿਰਸਾਨ ਦਾ ਪੁੱਤਰ। ਮੇਰਾ ਪਿਓ ਗਰੀਬੀ ਹੰਢਾਉਦਾ ਤਿਲ ਤਿਲ ਕਰਕੇ ਗੰਭੀਰ ਬੀਮਾਰੀ ਦੀ ਭੇਟ ਚੜਿਆ । ਮੇਰੀ ਮਾਂ ਨੇ ਲੋਕਾਂ ਦੇ ਕੱਪੜੇ ਸੀ ਸੀ ਕੇ ਮੈਨੂੰ ਪੜ੍ਹਾਇਆ ਲਿਖਾਇਆ ਤੇ ਇਸ ਯੋਗ ਬਣਾਇਆ--ਕਿ ਮੇਰੀ ਯੋਗਤਾ ਹੀ ਮੇਰੇ ਰਾਹ ਦੀ ਰੁਕਾਵਟ ਹੋ ਗਈ । ਹਾਲੇ ਤੱਕ ਵੇਹਲਾ ਹਾਂ,ਨੌਕਰੀਆਂ ਦੀਆਂ ਲਾਈਨਾਂ ਵਿਚ ਲਗਕੇ ਖੁਦ ਈ ਇਕ ਲਾਈਨ ਹੋ ਗਿਆ ਹਾਂ।

ਫਕੀਰੀਆ : ਮੁੰਡਿਓ! ਕੁੜੀਓ! ਮੇਰੀ ਵੀ ਹੈ ਇਕ ਅਜਬ ਕਹਾਣੀ,ਨਾ ਰਾਸ਼ਨ ਨਾ ਪਾਣੀ। ਮੇਰੇ ਪਾਸ ਹੈ ਪੁਰਖਿਆਂ ਦੀ ਇਕ ਨਿੱਕੀ ਜਿੰਨੀ ਦੁਕਾਨ । ਸੌਦੇ ਪੱਤੇ ਤੋਂ ਹਾਂ ਬੇਹਾਲ, ਖਾ ਲਿਆ ਮੈਨੂੰ ਸਮੇਂ ਦੀ ਸਰਕਾਰ! ਫਕੀਰੀਆ ਸਭ ਜਾਣਦੈ

(ਰਲਕੇ ਗਾਣਾ ਗਾਉਦੇ ਹਨ--ਹਾਲ ਚਾਲ ਠੀਕ ਠਾਕ ਹੈ, ਬੀ.ਏ ਕੀਆ ਐਮ. ਏ ਕੀਆ ਫਿਰ ਵੀ ਲਗਤਾ ਹੈ ਐਵੇ ਕੀਆ--ਹਾਲ ਚਾਲ ਠੀਕ ਠਾਕ ਹੈ)

ਭਰਤ : ਪੰਜਾਬ ਸਿੰਹਾਂ! ਸਿਆਣੇ ਕਹਿੰਦੇ ਨੇ ਜੇ ਮਿੱਟੀ ਨੂੰ ਹੱਥ ਲਾਈਏ ਤਾਂ ਇਹ ਵੀ ਸੋਨਾ ਬਣ ਜਾਂਦੀ ਐ ?

ਪੰਜਾਬ : ਹੱਥ ਲਾਈਏ ਤਾਂ ਸੋਨਾ ?

ਭਰਤ : ਹੋਰ ਕੀ! ਮਿੱਟੀ ਹੱਥ ਲਾਉਂਦਿਆਂ ਹੀ ਸੋਨਾ ਬਣ ਜਾਂਦੀ ਐ । ਬੇਸ਼ਕ ਤੂੰ ਪਰਤਿਆ ਕੇ ਦੇਖ ਲੈ ?

ਪੰਜਾਬ : ਮੈ ਕਿਉ ਲਾਵਾਂ, ਤੂੰ ਲਾ--ਤੂੰ ਈ ਤਾਂ ਕਹਿਣੈ ਕਿ ਮਿੱਟੀ ਨੂੰ ਹੱਥ ਲਾਇਆਂ ਸੋਨਾ-- ?



ਭਰਤ : ਹੋਰ ਕੀ ਮੈ ਝੂਠ ਬੋਲਦੈਂ ? (ਦਰਸ਼ਕਾਂ ਵੱਲ) ਚਾਹੇ ਇਨ੍ਹਾਂ ਲੋਗਾਂ ਨੂੰ ਪੁੱਛ ਲੈ---ਜੇ ਮੈ ਝੂਠ ਬੋਲਾਂ ਤਾਂ ਮੇਰਾ ਸਿਰ ਤੇ ਤੇਰੀਆਂ ਜੁੱਤੀਆਂ

ਪੰਜਾਬ : ਲਾਹਵਾਂ ਫੇਰ ਜੁੱਤੀ-- ?

ਭਰਤ : (ਹਸਕੇ) ਉਏ ਨਹੀ ਨਹੀਂ! ਭਰਤਿਆ ਮੈ ਤਾਂ ਉਈਂ ਹਸਦਾ ਸੀ--ਪਰ-

ਪੰਜਾਬ : ਪਰ ਕੀ ?

ਭਰਤ : ਤੂੰ ਕੀ ਅੰਨੈ-ਹੁਣ ਤੂੰ ਦੇਖ ਤਾਂ ਰਿਹੈਂ, ਆਹ ਪਰਾਪਰਟੀਆਂ ਜ਼ਮੀਨਾ ਜੈਦਾਦਾਂ ਵੇਚ-ਵੱਟ ਕੇ ਦਲਾਲਾਂ ਨੇ ਸੋਨਾ ਈ ਤਾਂ ਬਣਾਇਐ ?ਕੀ ਇਹ ਮਿੱਟੀ ਨੀ ਸੀ ? ਮਿੱਟੀ ਚੋ ਸੋਨਾ ਨੀ ਪੈਦਾ ਕੀਤਾ ?

ਪੰਜਾਬ : (ਗੰਭੀਰ ਹੋ ਕੇ) ਪਰ ਆਪਣੇ ਮਾਪਿਆਂ ਨੇ---ਮਿੱਟੀ ਨਾਲ ਮਿੱਟੀ ਹੋ ਕੇ ਕੀ ਖੱਟਿਆ ?

ਭਰਤ : ਸੋਨਾ ਤਾਂ ਦੂਰ---ਦੁੱਖ ਦਲਿੱਦਰ ਤੇ ਗਰੀਬੀ ਦੀ ਦਲਦਲ

ਫਕੀਰੀਆ : ਇਸ ਦਲਦਲ ਵਿਚ ਤਾਂ ਮੈ ਧਸਦਾ ਜਾ ਰਿਹਾ ਹਾਂ-- (ਦਰਸ਼ਕਾਂ ਨੂੰ) ਮੈਨੂੰ ਬਚਾਓ ਓਏ ਲੋਕੋ! ਰੱਬ ਦੀ ਸੌਂਹ ਫਕੀਰੀਏ ਨੂੰ ਕੁਛ ਨੀਂ ਪਤਾ

(ਮੰਚ ਪਿੱਛੋਂ ਆਵਾਜ਼ਾਂ ਆਉਦੀਆਂ ਹਨ--ਜਿੱਤੇ ਗਾ ਵੀ ਜਿੱਤੇਗਾ--ਫੁੱਲ ਗੁਲਾਬ ਦਾ ਜਿੱਤੇਗਾ--ਖਿੜਿਆ ਫੁੱਲ ਗੁਲਾਬ ਦਾ ਚੰਡੀਗੜ੍ਹ ਪੰਜਾਬ ਦਾ---। ਫੁੱਲ ਜਿੱਤੇਗਾ-- ? ਜਿੱਤਦੀ ਐ ਮੇਰੀ ਜੁੱਤੀ- ? )

ਭਰਤ : ਮੈਨੂੰ ਲੱਗਿਆ ਇਹ ਕਿਤੇ ਲੀਡਰਾਂ ਦਾ ਜਨਾਜ਼ਾ ਨਿਕਲਿਆ ਸੀ ?

ਪੰਜਾਬ : ਹਾਂ ਅਰਥੀ ਤਾਂ ਮੈਨੂੰ ਵੀ ਜਾਂਦੀ ਦਿਖੀ ਸੀ ?

ਫਕੀਰੀਆ : ਐਥੇ ਨਿੱਤ ਦਿਨ ਅਰਥੀਆਂ ਨਿਕਲਦੀਆਂ ਨੇ, ਹਰ ਰੋਜ਼ ਜਨਾਜ਼ੇ!

(ਤਿੰਨੋ ਜਣੇ ਸਿਰ ਸੁੱਟਕੇ ਬੈਠ ਜਾਂਦੇ ਹਨ, ਜਿਵੇਂ ਮੁਰਦਾ ਫੂਕ ਜਾਂ ਦੱਬਕੇ ਆਏ। ਪਿੱਠ ਵਰਤੀ ਨੀਲਾਮੀ ਦੀਆਂ ਅਵਾਜ਼ਾਂ ਆਉਦੀਆਂ ਹਨ। ਤਿੰਨੋ ਜਣੇ ਇਕ ਇਕ ਕਰਕੇ ਖੜ੍ਹੇ ਹੁੰਦੇ ਹਨ, ਕਦੇ ਏਧਰ ਓਧਰ ਤੇ ਕਦੇ ਦਰਸ਼ਕਾਂ ਵੱਲ ਵੇਖਦੇ ਹਨ)

ਭਰਤ : ਕਬਾੜ ਦੀ ਨੀਲਾਮੀ ਹੋ ਰਹੀ ਹੈ, ਆਪਾਂ ਵੀ ਬੋਲੀ ਦਿਆਂਗੇ।

ਪੰਜਾਬ : ਹਾਂ ਆਪਾਂ ਕਬਾੜ ਦੀ ਬੋਲੀ ਲਾਵਾਂਗੇ।

ਫਕੀਰੀਆ : ਕਬਾੜ ਕੱਠਾ ਕਰਕੇ ਵੇਚਾਂਗੇ--

ਤਿੰਨੋ ਜਣੇ : ਹਾਂ ਅਸੀ ਕਬਾੜ ਕੱਠਾ ਕਰਾਂਗੇ--ਕਬਾੜੀਏ ਬਣਾਂਗੇ--ਹਰ ਮਾੜੀ ਤੇ ਜੰਗਾਲੀ ਚੀਜ਼ ਖਰੀਦਾਂਗੇ।

ਭਰਤ : ਪਰ ਕਬਾੜ ਖਰੀਦਣ ਲਈ ਵੀ ਤਾਂ ਪੈਸੇ ਦੀ ਜ਼ਰੂਰਤ ਹੁੰਦੀ ਐ ?

ਪੰਜਾਬ : ਤੇ ਫਕੀਰੀਆ-ਹਾਂ ਇਸ ਕੰਮ ਲਈ ਵੀ ਰੁਪੱਈਏ ਚਾਹੀਦੇ ਨੇ ?

ਭਰਤ : ਨਹੀ-ਇਸ ਕੰਮ ਲਈ ਮੈ ਦੇਖਿਐ ਬੰਦਿਆਂ ਨੂੰ,ਜਨਾਨੀਆਂ ਨੂੰ । ਉਹ ਗਲੀਆਂ, ਸੜਕਾਂ, ਖਾਲੀ ਪਲਾਟਾਂ ਤੇ ਏਥੋਂ ਤੱਕ ਕਿ ਰੂੜੀਆਂ ਅਤੇ ਹੋਰ ਗੰਦ ਦੇ ਢੇਰਾਂ ਵਿਚੋ ਤਰ੍ਹਾਂ ਤਰ੍ਹਾਂ ਦਾ ਕਬਾੜ ਕੱਠਾ ਕਰਦੇ ਨੇ । ਇਵੇਂ ਉਨ੍ਹਾਂ ਕੋਲ ਮੁਲਕ ਭਰ ਦਾ ਕਾਫੀ ਕਬਾੜ ਕੱਠਾ ਹੋ ਜਾਂਦਾ ਹੈ । ਫੇਰ ਉਹ ਕਬਾੜ ਕਿਸੇ ਨਿੱਕੇ ਵੱਡੇ ਕਬਾੜੀਏ ਕੋਲ---।ਅਤੇ ਇਵੇ ਹੌਲੀ ਹੌਲੀ ਉਹ ਵੀ ਨਿੱਕੇ ਵੱਡੇ ਕਬਾੜੀਏ ਬਣ ਕੇ ਕੁਰਸੀਆਂ 'ਤੇ ਬੈਠ ਜਾਂਦੇ ਨੇ!

ਫਕੀਰੀਆ : ਕੁਰਸੀਆਂ ?

ਭਰਤ : ਹਾਂ ਕੁਰਸੀਆਂ, ਕੁਰਸੀਆਂ ਦੀ ਵੀ ਬੋਲੀ ਲਾਈ ਹੋਵੇਗੀ । ਪੁਰਾਣੀਆਂ ਤੇ ਟੁੱਟੀਆਂ ਹੋਈਆਂ ਕੁਰਸੀਆਂ ਦੀ ਨੀਲਾਮੀ ਕੀਤੀ ਜਾਵੇਗੀ।

ਫਕੀਰੀਆ : ਬੋਲੀ ? ਨੀਲਾਮੀ ?

ਭਰਤ : ਹਾਂ ਪੁਰਾਣੀਆਂ, ਟੁੱਟੀਆਂ ਹੋਈਆਂ ।ਘੁਣ ਖਾਧੀਆਂ ਤੇ ਜੰਗਾਲੀਆਂ ਕੁਰਸੀਆਂ ਨੀਲਾਮ ਕੀਤੀਆਂ ਜਾਣਗੀਆਂ। ਜਿਸ ਵੀ ਮਾਈ ਭਾਈ ਨੇ ਇਹ ਖਰੀਦਣੀਆਂ ਹੋਣ ਤਾਂ ਉਹ ਆਪਣਾ ਨਾਂ ਸਾਡੇ ਕੋਲ ਦਰਜ ਕਰਵਾ ਸਕਦਾ ਹੈ। ਅਸੀ ਕਰਾਂਗੇ ਪੁਰਾਣੀਆਂ ਤੇ ਘੁਣ ਖਾਧੀਆਂ ਕੁਰਸੀਆਂ ਦੀ ਨੀਲਾਮੀ!



ਪੰਜਾਬ : ਤਾਂ ਹੁਣ ਨੀਲਾਮੀ ਦਾ ਕੰਮ ਆਰੰਭ ਹੁੰਦਾ ਹੈ।

ਫਕੀਰੀਆ : ਸਾਰਿਆਂ ਨੂੰ ਇਸ ਸੁਨਿਹਰੀ ਮੌਕੇ ਦਾ ਲਾਭ ਉਠਾਉਣ ਦੀ ਪੂਰੀ ਖੁੱਲ੍ਹ ਦਿੱਤੀ ਜਾਂਦੀ ਹੈ।(ਨੀਲਾਮੀ ਹੁੰਦੀ ਹੈ,ਪਰ ਤੁਰੰਤ ਪਿੱਠ ਵਰਤੀ ਆਵਾਜ਼ਾਂ ਆਉਦੀਆਂ ਹਨ)

ਆਵਾਜ਼ਾਂ : ਦੋ ਟਕੇ ਦੇ ਕਬਾੜੀਓ! ਤੁਸੀ ਸਾਡੀਆਂ ਕੁਰਸੀਆਂ ਨੀਲਾਮ ਕਰਨ ਲੱਗੇ ਹੋ ? ਤੁਸੀਂ ਸੰਵਿਧਾਨ ਦੀ ਉਲੰਘਣਾ ਕੀਤੀ ਹੈ ।ਤੁਸੀ ਨਾਗਰਿਕਤਾ ਕਾਨੂੰਨ ਦੇ ਵੀ ਦੋਸ਼ੀ ਪਾਏ ਜਾਂਦੇ ਹੋ। ਤੁਹਾਨੂੰ ਹੁਣੇ ਤੇ ਇਸੇ ਵਕਤ ਦੇਸ਼ ਨਿਕਾਲੇ ਦੇ ਹੁਕਮ ਦਿੱਤੇ ਜਾਂਦੇ ਹਨ--

(ਫਕੀਰੀਆ ਪੁਲੀਸ ਬਣ ਜਾਂਦਾ ਹੈ ਤੇ ਦੂਸਰੇ ਦੋਨੋ੍ਹ ਦੋਸ਼ੀ। ਪੁਲੀਸ ਵਾਲਾ ਦੋਹਾਂ ਦੇ ਟਿਫਨ ਖੋਹ ਲੈਂਦਾ ਹੈ। ਪਿੱਠ ਵਰਤੀ ਨਗਮਾ ਗੂੰਜਦਾ ਹੈ---ਯੇ ਦੇਸ਼ ਹੈ ਵੀਰ ਜਵਾਨੋ ਕਾ, ਅਲਬੇਲੋਂ ਕਾ ਮਸਤਾਨੋ ਕਾ, ਇਸ ਦੇਸ਼ ਕਾ ਯਾਰੋ ਕਯਾ ਕਹਿਨਾ, ਯੇ ਦੇਸ਼ ਹੈ ਭਾਰਤ ਕਾ ਗਹਿਨਾ)

(ਪਰਦਾ)

# ਮਾਸਟਰ ਲਿਆਕਤ ਗੁਲ

**ਸਤਿੰਦਰ ਸਿੰਘ ਨੰਦਾ**

**ਪਾਤਰ**

ਮਾਸਟਰ
ਲੰਮਾ ਮੁੰਡਾ
ਛੋਟਾ ਮੁੰਡਾ
ਮੋਟਾ ਮੁੰਡਾ
ਪੇਂਡੂ ਮੁੰਡਾ
ਸੋਨੂੰ
ਘੁੰਨੂੰ
ਔਰਤ
ਪਿਤਾ

(ਮੰਚ ਉਤੇ ਤਿੰਨ ਕੁ ਡੈਸਕ, ਇਕ ਕੁਰਸੀ, ਇਕ ਬਲੈਕ ਬੋਰਡ ਅਤੇ ਸਾਹਮਣੀ ਦੀਵਾਰ ਉਤੇ ਕੁਝ ਮਾਟੋ "ਸਿੱਖਿਆ ਲਈ ਆਉ-ਸੇਵਾ ਲਈ ਜਾਉ, ਅਧਿਆਪਕਾਂ ਦੀ ਮਾਪਿਆਂ ਸਮਾਨ ਸੇਵਾ ਕਰੋ, ਸਦਾ ਸੱਚ ਬੋਲੋ' ਅਤੇ 'ਵਿਦਿਆ ਮਨੁੱਖ ਦਾ ਤੀਜਾ ਨੇਤਰ ਹੈ" ਟੰਗੇ ਹੋਏ ਦਿਖਾਈ ਦਿੰਦੇ ਹਨ। ਜ਼ਿਆਦਾ ਵਿਦਿਆਰਥੀਆਂ ਦਾ ਪ੍ਰਭਾਵ ਪਰਦੇ ਪਿਛੇ ਸਮੇਂ ਸਮੇਂ ਸ਼ੋਰ ਜਾਂ ਹਾਸੇ ਨਾਲ ਦਰਸਾਇਆ ਜਾ ਸਕਦਾ ਹੈ ।)
(ਵਿਦਿਆਰਥੀ ਖਿਚਕਿਲੀ ਪਾਉਂਦੇ ਹੋਏ ਪ੍ਵੇਸ਼ ਕਰਦੇ ਹਨ ਅਤੇ ਆਪੋ ਆਪਣੀ ਥਾਂ ਉਤੇ ਬੈਠ ਜਾਂਦੇ ਹਨ। ਲੰਮਾ ਮੁੰਡਾ ਕੁਰਸੀ ਉਤੇ ਬੈਠਦਾ ਹੈ ।ਸਾਰੇ ਹਸਦੇ ਹਨ ।)

ਲੰਮਾ ਮੁੰਡਾ : ਅਸੀਂ ਹਾਜ਼ਰ, ਪਰ........

ਘੁੰਨੂੰ : (ਵਿਚੋਂ) ਅੱਜ ਤੂੰ ਹੀ ਮਾਸਟਰ ਬਣ ਜਾ ।

ਲੰਮਾ ਮੁੰਡਾ : (ਮੂੰਹ ਬਣਾ ਕੇ) ਚੁੱਪ ਕਰ ਉਏ...ਆਖਦੈ ਮਾਸਟਰ ਬਣ ਜਾ...... ਹੁੰਹ, ਮੈਂ ਕਿਉਂ ਮਾਸਟਰ ਬਣਾਂ ? ਮੈਂ ਤਾਂ ਇਨਕਮ ਟੈਕਸ ਇੰਸਪੈਕਟਰ ਬਣਾਂਗਾ।

ਸੋਨੂੰ : ਫਿਰ ?

ਲੰਮਾ ਮੁੰਡਾ : ਫਿਰ ਕੀ ? ਮੈਂ ਵੀ ਤੇਰੇ ਡੈਡੀ ਵਾਂਗ........

ਸੋਨੂੰ : (ਵਿਚੋਂ) ਕਿਉਂ ? ਕੀ ਮੇਰੇ ਡੈਡੀ ਰਿਸ਼ਵਤ ਲੈਂਦੇ ਨੇ ?



ਲੰਮਾ ਮੁੰਡਾ : ਮੈਂ ਤਾਂ ਨਹੀਂ : ਪਰ ਲੋਕੀਂ ਇਹੋ ਆਖਦੇ ਨੇ ।

ਸੋਨੂੰ : ਡੈਡੀ ਤਾਂ ਨਹੀਂ ਲੈਂਦੇ, ਲੋਕੀਂ ਆਪੇ ਦੇ ਜਾਂਦੇ ਨੇ ਘਰ ਆ ਆ ਕੇ।

(ਸਾਰੇ ਹਸਦੇ ਹਨ ਤਾਂ ਸੋਨੂੰ ਛਿੱਥਾ ਪੈ ਜਾਂਦਾ ਹੈ)

ਘੁੰਨੂੰ : ਸੱਚ ਜਿਨਾ ਮਰਜ਼ੀ ਲੁਕਾਉ, ਸੌ ਪਰਦੇ ਪਾੜ ਕੇ ਵੀ ਸਾਹਮਣੇ ਆ ਜਾਂਦਾ ਹੈ।

ਲੰਮਾ ਮੁੰਡਾ : ਐਵੇਂ ਥੋੜ੍ਹਾ ਖ਼ਰਚੇ ਚਲਦੇ ਨੇ ਵੱਡੇ ਘਰਾਂ ਦੇ......ਖ਼ਰਚੇ ਅਸਮਾਨ ਨੂੰ ਛੂੰਹਦੇ ਨੇ ਤੇ ਤਨਖ਼ਾਹ ਜ਼ਮੀਨ 'ਤੇ ਵੀ ਨਜ਼ਰ ਨਹੀਂ ਪੈਂਦੀ । ਆਖ਼ਰ ਖ਼ਰਚੇ ਨਾਲ ਮਿਲਣ ਵਾਸਤੇ ਕੁਝ ਨਾ ਕੁਝ ਤੇ ਕਰਨਾ ਹੀ ਪੈਂਦੈ ਨਾ........

ਮੋਟਾ ਮੁੰਡਾ : ਯਾਰ ਤੂੰ ਤਾਂ ਲੈਕਚਰ ਬੜਾ ਸਹੁਣਾ ਦੇ ਲੈਂਦੈਂ ਤੂੰ ਇੰਸਪੈਕਟਰ ਨਹੀਂ, ...... ਮਾਸਟਰ ਹੀ ਚੰਗਾ ਲਗਦੈਂ।

ਲੰਮਾ ਮੁੰਡਾ : ਹੁੰਹ, ਮਾਸਟਰ... ਸਾਰਾ ਦਿਨ ਜਮਦੂਤਾਂ ਵਾਂਗ ਡੰਡੇ ਮਾਰੀ ਜਾਉ - ਮਾਰੀ ਜਾਉ ....ਪੜ੍ਹਾਉਂਦੇ ਹੈ ਨਹੀਂ......ਆਖਦੇ ਨੇ ਟਿਊਸ਼ਨ ਰਖੋ। ਘਰ ਗੱਲ ਕਰਦੇ ਹਾਂ ਤਾਂ ਜੁਤੀਆਂ ਪੈਂਦੀਆਂ ਨੇ (ਮੂੰਹ ਬਣਾ ਕੇ) ਜੋ ਟਵੀਸ਼ਨਾਂ ਰਖਣੀਆਂ ਨੇ ਤਾਂ ਮਾਸਟਰ ਕੀ ਪੜ੍ਹਾਂਦੇ ਨੇ.....ਮੋਇਆਂ ਦਾ ਸਿਰ ? ਤੇ ਜੇ ਟਵੀਸ਼ਨਾਂ ਨਾ ਰਖੀਏ ਤਾਂ ਮਾਸਟਰਾਂ ਤੋਂ... (ਸਿਰ ਝਟਕਦਿਆਂ) ਆਪਾਂ ਤਾਂ ਦੁੱਖੀ ਹੋ ਗਏ ਹਾਂ।

ਛੋਟਾ ਮੁੰਡਾ : ਯਾਰ ਘਰਦਿਆਂ ਦੀ ਵੀ ਗੱਲ ਠੀਕ ਹੈ......ਆਪਣੇ ਮਾਸਟਰ ਲਿਆਕਤ ਗੁਲ ਨੂੰ ਹੀ ਲੈ ਲਉ ......ਪੜ੍ਹਾਂਦੇ ਹੈ ਨਹੀਂ......ਆਪਣੇ ਘਰਾਂ ਦੇ ਹੀ ਕੰਮ ਜ਼ਿਆਦਾ ਕਰਵਾਂਦੇ ਰਹਿੰਦੇ ਨੇ...... 'ਸਮਝੇ ਕੀ ਸਮਝੇ, ਖ਼ਾਕ...... ਤੁਸੀਂ ਤਾਂ ਕੀ ਤੁਹਾਡੇ ਮਾਪੇ ਨਹੀਂ ਸਮਝ ਸਕਦੇ, ਚਲੋ ਅਗੇ' ਹੀ ਕਰਕੇ ਟਾਲ ਛਡਦੇ ਨੇ।

ਪੇਂਡੂ ਮੁੰਡਾ : ਤੇ ਅਸੀਂ ਡੰਡੇ ਤੋਂ ਡਰਦਿਆਂ ਕੁਸਕਦੇ ਨਹੀਂ।

ਘੁੰਨੂੰ : ਤੇ ਸਕੂਲ ਦਾ ਕੰਮ ਗਾਈਡਾਂ ਵੇਖ ਵੇਖ ਕੇ ਕਰਦੇ ਹਾਂ।

ਸੋਨੂੰ : ਉਸ ਦਿਨ ਮਾਸਟਰ ਜੀ ਕਹਿ ਰਹੇ ਸੀ 'ਸਫ਼ਲਤਾ ਦੀ ਕੁੰਜੀ' ਲੈ ਲਉ, ਨਵੀਂ ਗਾਈਡ ਬੁੱਕ ਆਈ ਹੈ ।

ਲੰਮਾ ਮੁੰਡਾ : ਜੇ ਕੁੰਜੀ ਜਾਂ ਗਾਈਡਾਂ ਹੀ ਲੈਣੀਆਂ ਨੇ ਤਾਂ ਫਿਰ

ਸਕੂਲ ਆ ਕੇ ਕੀ ਝੱਖ ਮਾਰਨੀ ਹੋਈ ? ਫਿਰ ਮਾਸਟਰਾਂ ਦਾ ਕੀ ਅਚਾਰ ਪਾਣੈ ?

ਸੋਨੂੰ : ਸਕੂਲ ਤਾਂ ਅਸੀਂ ਤੁਰਨ ਫਿਰਨ ਆਂਦੇ ਹਾਂ।

ਪੇਂਡੂ ਮੁੰਡਾ : ਤੇ ਪੜ੍ਹਾਈ ?

ਮੋਟਾ ਮੁੰਡਾ : ਉਹ ਤੇ ਘਰ ਮਾਸਟਰ ਰਖੇ ਹੋਏ ਨੇ।

ਸੋਨੂੰ : ਤਾਂ ਹੀ ਤੇ ਫਸਟ ਆਈਦਾ ਹੈ ।

ਛੋਟਾ ਮੁੰਡਾ : ਸਾਨੂੰ ਤੇ ਕੋਈ ਪੜ੍ਹਾਉਣ ਵਾਲਾ ਵੀ ਨਹੀਂ । ਇਸੇ ਜਮਾਤ ਵਿਚ ਤੀਜਾ ਸਾਲ ਹੈ ਤੇ ਹੁਣ ਵੀ......

ਘੁੰਨੂੰ : ਤੇ ਹੁਣ ਵੀ ਤੂੰ ਪਾਸ ਨਹੀਂ ਹੋਣਾ ।

ਪੇਂਡੂ ਮੁੰਡਾ : ਤੇ ਆਪਾਂ ਮਾਸਟਰਾਂ ਦੇ ਘਰ ਸਾਗ ਤੇ ਗੰਨੇ ਹੀ ਢਉਂਦੇ ਰਹਿਣੈ ।

ਛੋਟਾ ਮੁੰਡਾ : ਪਰ ਤੂੰ ਪਾਸ ਤਾਂ ਹੋ ਈ ਜਾਂਦੈਂ ਨਾ।

ਪੇਂਡੂ ਮੁੰਡਾ : ਉਹ ਤਾਂ ਸਾਗ ਤੇ ਗੰਨੇ ਆਪੇ ਕਰਾ ਦਿੰਦੇ ਨੇ ।

ਛੋਟਾ ਮੁੰਡਾ : ਉਹ ਕਿਵੇਂ ?

ਲੰਮਾ ਮੁੰਡਾ : ਤੇਰੀ ਵੀ ਮਤ ਜ਼ਮੀਨ ਤੋਂ ਥਲੇ ਰਹਿੰਦੀ ਏ । ਗੱਲ ਸਿੱਧੀ ਹੈ ਕਿ ਮਾਸਟਰ ਰਸੂਖ ਵਰਤ ਕੇ ਨਕਲ ਕਰਾ ਦਿੰਦੇ ਨੇ।.........ਆਖ਼ਰ ਲਿਹਾਜ਼ ਵੀ ਕੋਈ ਚੀਜ਼ ਹੁੰਦੀ ਏ ...

(ਸਾਰੇ ਹਸਦੇ ਹਨ)

ਸੋਨੂੰ : ਪਰ ਮੇਰੇ ਤੋਂ ਵੱਧ ਨੰਬਰ ਕਦੇ ਨਹੀਂ ਆਏ ਇਸ ਦੇ ।

ਪੇਂਡੂ ਮੁੰਡਾ : ਨੰਬਰ ਕੀ ਕਰਨੇ ਨੇ ...... ਆਪਾਂ ਤਾਂ ਆਖ਼ਰ ਬਲਦਾਂ ਦੀਆਂ ਪੂਛਾਂ ਹੀ ਮਰੋੜਨੀਆਂ ਨੇ।

ਮੋਟਾ ਮੁੰਡਾ : ਨਾ ਮੇਰਾ ਕੀ ਬਣੂ ?

ਲੰਮਾ ਮੁੰਡਾ : ਤੈਨੂੰ ਕਾਹਦੀ ਚਿੰਤਾ......ਤੇਰਾ ਪਿਉ ਮਾਸਟਰ...ਤੂੰ ਪੇਪਰ ਕਰ ਜਾਂ ਨਾ, ਪਰ ਨੰਬਰ ......

ਸਾਰੇ : ਸਭ ਤੋਂ ਜ਼ਿਆਦਾ......

(ਸਾਰੇ ਹਸਦੇ ਹਨ)

ਛੋਟਾ ਮੁੰਡਾ : ਮਾਸਟਰਾਂ ਦੀ ਤਾਂ ਔਲਾਦ ਸਾਰਾ ਸਾਲ ਐਸ਼ ਕਰਦੀ ਹੈ .........ਵਿਰਲਾ ਹੀ ਕੋਈ ਮਿਹਨਤ ਕਰਦਾ ਹੋਵੇਗਾ......

ਪੇਂਡੂ ਮੁੰਡਾ : (ਵਿਚੋਂ) ਤੇ ਇਮਤਿਹਾਨਾਂ ਵਿਚ.....



ਛੋਟਾ ਮੁੰਡਾ : ਤੇ ਇਮਤਿਹਾਨਾਂ ਵਿਚ ਇਨ੍ਹਾਂ ਦੇ ਬੱਚੇ ਵਜ਼ੀਫ਼ੇ ਹਾਸਲ ਕਰਦੇ ਨੇ ।

ਸੋਨੂੰ : ਤੇ ਨੰਬਰ ਮੇਰੇ ਬਰਾਬਰ ਜਾਂ ਇਸ ਤੋਂ ਵੀ ਵੱਧ ਦੀ ਕੋਸ਼ਿਸ਼

ਘੁੰਨੂੰ : ਆਪਾਂ ਤਾਂ ਸੀਨਾ ਠੋਕ ਕੇ ਨਕਲ ਕਰਦੇ ਹਾਂ.. ਮਜਾਲ ਕੀ ਕਿ ਕੋਈ ਚੂੰ ਵੀ ਕਰੇ।

ਸੋਨੂੰ : ਉਹ ਕਿਵੇਂ ?

(ਘੁੰਨੂੰ ਬਸਤੇ ਵਿਚ ਹੱਥ ਮਾਰ ਕੇ ਚਾਕੂ ਕਢਦਾ ਹੈ ਅਤੇ ਸੋਨੂੰ ਘਬਰਾ ਜਾਂਦਾ ਹੈ ।)

ਘੁੰਨੂੰ : (ਚਾਕੂ ਖੋਲ੍ਹਦਿਆਂ) ਇਸ ਤਰ੍ਹਾਂ...ਸਾਰਾ ਸਾਲ ਪੜ੍ਹਾਂਦੇ ਤਾਂ ਹੈ ਨਹੀਂ ਤੇ ਫ਼ਿਰ ਆਖਦੇ ਨੇ ਨਕਲਾਂ ਨਾ ਮਾਰੋ ......ਮੈਂ ਪੁਛਦਾਂ ਕਿ ਸਾਰਾ ਸਾਲ ਡੰਡੇ ਤੇ ਝਿੜਕਾਂ ਸਕੂਲੋਂ ਖਾਈਏ..ਫਿਰ ਪੇਪਰਾਂ ਤੋਂ ਬਾਅਦ ਘਰੋਂ ਖਾਈਏ..ਕਿਉਂ ?

ਸੋਨੂੰ : ਇਹ ਗੱਲ ਗ਼ਲਤ ਹੈ ਕਿ ਚਾਕੂ ਦਿਖਾ ਕੇ ਨਕਲਾਂ ਮਾਰ ਕੇ ਪਾਸ ਹੋਈਏ ।

ਛੋਟਾ ਮੁੰਡਾ : ਕਿਉਂ ਬਈ, ਇਹ ਮਾੜੀ ਗੱਲ ਕਿਵੇਂ ਹੋਈ ?

ਸੋਨੂੰ : ਮਾੜੀ ਗੱਲ ਇਸ ਕਰਕੇ ਕਿ ਤੁਹਾਡੇ ਵਿਚੋਂ ਹੀ ਕਿਸੇ ਨੇ ਅਗੇ ਜਾ ਕੇ ਡਾਕਟਰ ਬਣਨੈ, ਇੰਜੀਨੀਅਰ ਬਣਨੈ...ਜੇ ਨਕਲਾਂ ਮਾਰ ਕੇ ਪਾਸ ਹੋਵੋਗੇ ਤਾਂ ਅਗੇ ਜਾ ਕੇ ਸੁਆਹ ਹੀ ਉਡਾਉਗੇ ।

ਛੋਟਾ ਮੁੰਡਾ : ਹੋਰ ਕੀ ਕਰੀਏ ਬਈ ? ਟਵੀਸ਼ਨਾਂ ਤਾਂ ਸਾਡੇ ਘਰ ਦੇ ਰੱਖ ਨਹੀਂ ਸਕਦੇ...

ਘੁੰਨੂੰ : ਤੇ ਫਿਰ ਇਕੋ ਆਸਰਾ ਰਹਿ ਜਾਂਦੈ ਨਕਲ ਦਾ......

ਛੋਟਾ ਮੁੰਡਾ : ਇਸ ਚਾਕੂ ਦੇ ਸਹਾਰੇ ਸਾਡਾ ਵੀ ਕਲਿਆਣ ਹੋ ਜਾਂਦੈ ।

ਲੰਮਾ ਮੁੰਡਾ : ਮਾਸਟਰ ਆਪ ਹੀ ਤਾਂ ਜਾਚ ਸਖਾਂਦੇ ਨੇ ਸਾਨੂੰ ਤੇ ਆਸ ਰਖਦੇ ਨੇ ਯੁਧਿਸ਼ਟਰਾਂ ਦੀ...ਸਾਨੂੰ ਕਹਿੰਦੇ ਨੇ ਹੜਤਾਲਾਂ ਨਾ ਕਰੋ, ਪਰ ਆਪ ਰੋਜ਼ਾਨਾ ਧਰਨੇ ਮਾਰਦੇ ਨੇ...ਹੜਤਾਲਾਂ ਕਰਦੇ ਨੇ...ਸਕੂਲ ਆਣ ਤਾਂ ਆਣ – ਨਾ ਆਣ ਤਾਂ ਹਫ਼ਤਾ ਹਫ਼ਤਾ ਨਾ ਆਣ...ਵੇਖ

ਲਉ, ਹਾਲੇ ਤਕ ਨਹੀਂ ਆਏ ।

ਪੇਂਡੂ ਮੁੰਡਾ : ਚੰਗੈ ਯਾਰ ਨਹੀਂ ਆਇਆ ਤੇ...ਐਵੇਂ ਸਿਰ ਖਾਊ ਜਾਹ ਉਏ ਮੁੰਡਿਆ ਫਲਾਣੀ ਚੀਜ਼ ਲਿਆ, ਢਿਮਕਾਣੀ ਚੀਜ਼ ਲਿਆ ।"ਸਮਝੇ, ਕੀ ਸਮਝੇ, ਖ਼ਾਕ, ਚਲੋਂ ਅਗੇ" ਹੀ ਕਰੀ ਜਾਏਗਾ ।

ਸੋਨੂੰ : ਜੇ ਕੋਈ ਦਾਅ ਨਾ ਚਲੇ ਤਾਂ ਫਿਰ ਤੈਨੂੰ ਹੀ ਆਖੇਗਾ (ਮੂੰਹ ਬਣਾ ਕੇ) ਯਾਰਾ, ਤੇਰੇ ਪਿੰਡ ਘਲ੍ਹਾੜੀ ਨਹੀਂ ਚਲਦੀ ? ਰਸ ਪੀਣ ਨੂੰ ਚਿਤ ਕਰਦੈ ।(ਸਾਰੇ ਹਸਦੇ ਹਨ)

ਘੁੰਨੂੰ : ਪੁਛੋ ਬਈ, ਰਸ ਸ਼ਹਿਰੋਂ ਨਹੀਂ ਮਿਲਦਾ ? ਥਾਂ ਥਾਂ ਰੇਹੜੀਆਂ ਵਾਲੇ ਖੜ੍ਹੇ ਨੇ ਰਸ ਕੱਢਣ।

ਲੰਮਾ ਮੁੰਡਾ : ਆਪਣੇ ਪਿੰਡੇ ਦੀ ਮਰੀ ਜੂੰ ਤਕ ਨਹੀਂ ਦਵਾਲ ਮਾਸਟਰ......ਪਿੰਡੋਂ ਮੁਫ਼ਤ ਆਉਣੈ ਤੇ ਸ਼ਹਿਰ ਪੈਸੇ ਦੇਣੇ ਪੈਣਗੇ ।

ਸੋਨੂੰ : ਬੜੇ ਕੰਜੂਸ ਨੇ ਮਾਸਟਰ ਜੀ ।

ਛੋਟਾ ਮੁੰਡਾ : ਕੰਜੂਸ ਨਹੀਂ......ਬਲਕਿ ......ਬਲਕ......

ਮੋਟਾ ਮੁੰਡਾ : (ਵਿਚੋਂ) ਤੂੰ ਬਲਕਿ ਬਲਕਿ ਹੀ ਕਰਦਾ ਰਹੇਂਗਾ ਕਿ ਕੁਝ ਕਹੇਂਗਾ ਵੀ ?

ਛੋਟਾ ਮੁੰਡਾ : ਬਲਕਿ ......

ਘੁੰਨੂੰ : (ਵਿਚੋਂ) ਬਲਕਿ ਰਖ ਮੂੰਹ ਵਿਚ ਤੇ ਸਿਧਾ ਕਹਿ ਕਿ ਮੱਖੀ ਚੂਸ ਨੇ

ਛੋਟਾ ਮੁੰਡਾ : ਹਾਂ ਯਾਰ, ਮੱਖੀ ਚੂਸ ਨੇ ।

ਲੰਮਾ ਮੁੰਡਾ : ਯਾਰ ਮੱਖੀ ਚੂਸ ਨੇ ਜਾਂ ਮਾਸਟਰ ਮੱਖੀ ਚੂਸ ਨੇ ?

ਮੋਟਾ ਮੁੰਡਾ : ਸਾਰੇ ਹੀ ਮੱਖੀ ਚੂਸ ਨੇ

ਸੋਨੂੰ : ਅਸੀਂ ਤਾਂ ਕੋਈ ਮੁੱਖੀ ਚੂਸ ਨਹੀਂ

ਘੁੰਨੂੰ : ਫਿਰ ਕੀ ਸਿਆਹੀ ਚੂਸ ਹੋ ?

(ਸਾਰੇ ਹਸਦੇ ਹਨ)

ਸੋਨੂੰ : ਕਿਉਂ ਅਸੀਂ ਤੇ ਐਸ਼ ਕਰਦੇ ਹਾਂ । ......ਏਸ ਮਾਸਟਰ ਵਰਗੇ ਦਸ ਮਾਸਟਰ ਰਖ ਸਕਦੇ ਹਾਂ ਅਸੀਂ।

ਲੰਮਾ ਮੁੰਡਾਂ : ਤੁਹਾਡੀਆਂ ਕੀ ਰੀਸਾਂ ਬਈ......

ਪੇਂਡੂ ਮੁੰਡਾ : ਰੀਸਾਂ ਤਾਂ ਮਾਸਟਰ ਜੀ ਦੀਆਂ ਵੀ ਨਹੀਂ..ਫਿਰ ਤੁਹਾਡੀਆਂ ਕਿਵੇਂ ਹੋ ਸਕਦੀਆਂ ਨੇ ?



ਘੁੰਨੂੰ : ਮਾਸਟਰ ਜੀ ਦੇ ਮਾਂ ਬਾਪ ਨੇ ਨਾਂ ਵੀ ਚੁਣ ਕੇ ਰਖਿਐ...ਲਿਆਕਤ ਗੁਲ।

ਮੋਟਾ ਮੁੰਡਾ : ਸਿਰ ਖਾ ਜਾਂਦੈ ਸਾਰਾ ਦਿਨ...ਸਮਝੇ ਨਹੀਂ ਸਮਝੇ ਕਰ ਕਰਕੇ ।...ਮੈਨੂੰ ਤਾਂ (ਉਬਾਸੀ ਲੈਂਦਿਆਂ) ਨੀਂਦ ਆਣ ਲਗ ਪੈਂਦੀ ਹੈ।

ਲੰਮਾ ਮੁੰਡਾ : ਜਦੋਂ ਘਰੋਂ ਲੜ ਕੇ ਆਵੇ ਤਾਂ ਸਾਨੂੰ 'ਵੱਢੂੰ ਖਾਊਂ–ਵੱਢੂੰ ਖਾਊ' ਕਰਦਾ ਰਹਿੰਦੈ ।

ਪੇਂਡੂ ਮੁੰਡਾ : ਅਖੈ, ਡਿੱਗੀ ਮੱਝ ਤੋਂ ਤੇ ਗ਼ੁੱਸਾ ਵਿਚਾਰੇ ਜੱਟ 'ਤੇ !

ਛੋਟਾ ਮੁੰਡਾ : ਹੂੰਹ, ਇਹ ਕਿਥੋਂ ਦਾ ਇਨਸਾਫ਼ ਹੋਇਆ ਕਿ ਮੱਝ ਦੁੱਧ ਨਹੀਂ ਦਿੰਦੀ, ਕੱਟੇ ਦੇ ਗਿੱਟੇ ਭੰਨ ? (ਬਸਤੇ ਵਿਚੋਂ ਡੱਬਾ ਕੱਢ ਕੇ ਮੋਟਾ ਮੁੰਡਾ ਕਹਿੰਦਾ ਹੈ।)

ਮੋਟਾ ਮੁੰਡਾ : (ਖਾਂਦਿਆਂ) ਅਖੇ, ਰੋਟੀ ਖਾਂਦਿਆਂ ਦਾਹੜੀ ਕਿਉਂ ਹਿਲਦੀ ਹੈ ?

ਘੁੰਨੂੰ : ਉਹ ਤਾਂ ਯਾਰ, ਡੰਡੇ ਮਾਰਨ ਦਾ ਬਹਾਨਾ ਲੱਭਦਾ ਰਹਿੰਦੈ ।

ਸੋਨੂੰ : ਅਖੇ ਥੋਥਾ ਚਣਾਂ ਤੇ ਬਾਜੇ ਘਣਾ......ਜਦ ਪੜ੍ਹਾਣਾ ਨਹੀਂ ਤਾਂ ਰੋਹਬ ਵੀ ਤਾਂ ਰਖਣਾ ਹੀ ਹੋਇਆ ਨਾ...ਪੜ੍ਹਾਣ ਵਾਲੀਆਂ ਸੂਰਤਾਂ ਹੋਰ ਹੁੰਦੀਆਂ ਨੇ... ਉਨ੍ਹਾਂ ਨੂੰ ਦੇਖ ਕੇ ਤਾਂ ਮੁੰਡਿਆਂ ਦਾ ਮੂਤ ਨਿਕਲ ਜਾਂਦੈ।

ਲੰਮਾ ਮੁੰਡਾ : ਉਹ ਯਾਰ, ਡੰਡੇ ਵੀ ਮਾਰੇ, ਪਰ ਪੜ੍ਹਾਵੇ ਵੀ ਤਾਂ ਸਹੀ ।ਪੜ੍ਹਾਣ ਦਾ ਤਾਂ ਨਾਂ ਨਹੀਂ।

ਪੇਂਡੂ ਮੁੰਡਾ : ਲਿਆਕਤ ਗੁਲ ਤਾਂ ਵਿਚਾਰਾ ਝਮੇਲਿਆਂ ਵਿਚ ਹੀ ਫਸਿਆ ਰਹਿੰਦੈ । ਹਾਂ, ਟਿਊਸ਼ਨ ਰਖ ਲਉ ਤਾਂ ਜੀ–ਜੀ ਕਰਦਾ ਨਹੀਂ ਥੱਕਦਾ।

ਸੋਨੂੰ : ਮੈਂ ਇਕ ਦਿਨ ਪੁੱਛਿਆ, ਨੌਟੰਕੀ ਕੀ ਹੁੰਦੀ ਹੈ ? ਤਾਂ ਦਸਿਆ ਕਿ ਨੌਟੰਕੀ ਗ਼ਲਤ ਛੱਪ ਗਿਆ ਹੋਣੈ...ਨੌਟੰਗੀ ਸ਼ਬਦ ਹੁੰਦੈ, ਜਿਸ ਦਾ ਮਤਲਬ ਨੌਂ ਟੰਗਾਂ ਵਾਲੀ ਹੈ।

(ਸਾਰੇ ਹਸਦੇ ਹਨ)

ਫਿਰ ਮੈਂ ਘਰ ਟਿਊਸ਼ਨ ਵਾਲੇ ਮਾਸਟਰ ਜੀ ਤੋਂ ਪੁਛਿਆ ਤਾਂ ਉਨ੍ਹਾਂ ਨੇ ਠੀਕ ਦਸਿਆ ।

ਮੋਟਾ ਮੁੰਡਾ : ਯਾਰ ਕੀ ਹੁੰਦੀ ਏ ਨੌਟੰਕੀ......

ਘੁੰਨੂੰ : ਤੂੰ ਪਹਿਲਾਂ ਰੋਟੀ ਤਾਂ ਖਾ ਲੈ।

ਛੋਟਾ ਮੁੰਡਾ : ਉਏ ਚੁੱਪ !

(ਘੁਸਰ ਮੁਸਰ ਕਰਦਿਆਂ ਸਾਰੇ ਠੀਕ ਤਰ੍ਹਾਂ ਬੈਠ ਜਾਂਦੇ ਹਨ)

(ਪੰਜਾਹ ਕੁ ਸਾਲਾਂ ਦਾ ਬਜ਼ੁਰਗ ਮਾਸਟਰ ਹੱਥ ਵਿਚ ਰੂਲ ਫੜੀ ਆਉਂਦਾ ਹੈ।)

ਸੋਨੂੰ : ਮਾਸਟਰ ਜੀ ਆ ਗਏ, ਕਲਾਸ ਸਟੈਂਡ :

(ਸਾਰੇ ਖੜ੍ਹੇ ਹੋ ਕੇ 'ਜੈ ਹਿੰਦ' ਬੋਲਦੇ ਹਨ ।)

ਬੜੀ ਬੀਬੀ ਜਮਾਤ ਹੈ । ਗ਼ੈਰ ਹਾਜ਼ਰੀ ਵਿਚ ਜ਼ਰਾ ਵੀ ਸ਼ਤਾਨੀ ਨਹੀਂ ਕਰਦੇ ...ਪਰ ਹੈ ਅਚੰਭੇ ਵਾਲੀ ਗੱਲ ।

ਲੰਮਾ ਮੁੰਡਾ : ਉਹ ਕਿਵੇਂ ਜੀ ?

ਮਾਸਟਰ : ਉਏ ਕਹਿੰਦੇ ਨੇ ਬੱਚੇ ਭੂਤ ਹੁੰਦੇ ਨੇ ।

ਘੁੰਨੂੰ : (ਹੈਰਾਨ ਹੁੰਦਿਆਂ) ਭੂਤ......

(ਸਾਰੇ 'ਭੂਤ ਭੂਤ' ਕਰਦੇ ਹਨ।)

ਮਾਸਟਰ : ਚੁਪ ਕਰੋ ਉਏ......ਮਾਂ ਨੇ ਕਾਂ ਖਾ ਕੇ ਜੰਮਿਆ ਸੀ ਜੋ ਸ਼ੋਰ ਪਾਣ ਲਗੇ ਹੋ ?

(ਮੋਟਾ ਮੁੰਡਾ ਬਸਤਾ ਚੁੱਕ ਕੇ ਜਾਣ ਲਗਦਾ ਹੈ ।)

ਮਾਸਟਰ : ਉਏ ਤੂੰ ਕਿਥੇ ਚਲਿਐਂ ?

ਮੋਟਾ ਮੁੰਡਾ : ਘਰ ਚਲਿਆਂ ਮਾਸਟਰ ਜੀ !

ਮਾਸਟਰ : ਕਿਉਂ ?

ਮੋਟਾ ਮੁੰਡਾ : ਭੂਤ ਜੋ ......

ਮਾਸਟਰ : (ਵਿਚੋਂ) ਕਿਥੇ ਜੇ ਭੂਤ ?

ਮੋਟਾ ਮੁੰਡਾ : ਤੁਸੀਂ ਹੁਣੇ ਆਖਿਐ।

ਮਾਸਟਰ : ਉਹ ਹੋ...ਬੈਠ ਜਾ, ਨਹੀਂ ਤੇ ਤੈਨੂੰ ਦੁੰਬਾ ਬਣਾ ਦਿਆਂਗਾ ਮਾਰ ਮਾਰ ਕੇ... ਭੇਜ ਦਿੰਦੀਆਂ ਨੇ ਮਾਵਾਂ ਚਾਰ ਚਾਰ ਪਰੌਂਠੀਆਂ ਖੁਆ ਕੇ ਮਾਸਟਰਾਂ ਦਾ ਸਿਰ ਖਾਣ... ਸੌਰੀ ਦੇ ਇਥੇ ਆ ਕੇ ਸੁਸਤੀ ਖਲਾਰਦੇ ਰਹਿੰਦੇ ਨੇ...ਤੇ ਮਾਵਾਂ ਮਾਸਟਰਾਂ ਦਾ ਕਸੂਰ ਕਢਦੀਆਂ ਰਹਿੰਦੀਆਂ ਨੇ...

ਸੋਨੂੰ : ਮਾਸਟਰ ਜੀ ਦੁੰਬਾ ਕੀ ਹੁੰਦਾ ਏ ?

ਮਾਸਟਰ : ਬੈਠ ਜਾ ਟਿਕ ਕੇ, ਸਿਰ ਨਾ ਖਾ......ਸ਼ੈਤਾਨ ਦੀਆਂ ਟੂਟੀਆਂ



ਛੋਟਾ ਮੁੰਡਾ : ਪਾਣੀ ਦੀਆਂ ਟੂਟੀਆਂ ' ਤੇ ਸਾਡੇ ਘਰ ਲੱਗੀਆਂ ਹੋਈਆਂ ਨੇ ਮਾਸਟਰ ਜੀ, ਪਰ......

ਲੰਮਾ ਮੁੰਡਾ : (ਟੋਕਦਿਆਂ) ਪਰ ਸ਼ੈਤਾਨ ਦੀ ਕਿਹੜੀ ਟੂਟੀ ਹੁੰਦੀ ਏ ਮਾਸਟਰ ਜੀ ?

ਮਾਸਟਰ : (ਗ਼ੁੱਸੇ ਵਿਚ) ਇਧਰ ਆ ਖਾਂ, ਤੈਨੂੰ ਦਸਦਾਂ ਟੂਟੀ ਕੀ ਹੁੰਦੀ ਏ ?

ਲੰਮਾ ਮੁੰਡਾ : ਆਪੇ ਤਾਂ ਤੁਸੀਂ ਕਹਿੰਦੇ ਹੁੰਦੇ ਹੋ ਕਿ ਜਿਸ ਗੱਲ ਦੀ ਸਮਝ ਨਾ ਪਵੇ ਤਾਂ ਪੁਛ ਲਿਆ ਕਰੋ, ਭਾਵੇਂ ਦਸ ਵਾਰੀ ਪੁਛੋ, ਪਰ ਤੁਸੀਂ ਤਾਂ ਦਸਦੇ ਇਕ ਵਾਰੀ ਵੀ ਨਹੀਂ ।

ਮਾਸਟਰ : ਇਧਰ ਆ ਤੈਨੂੰ ਦਸਦਾਂ ।

(ਲੰਮਾ ਮੁੰਡਾ ਮਾਸਟਰ ਕੋਲ ਜਾਂਦਾ ਹੈ ਅਤੇ ਸਾਰੇ ਸਹਿਮ ਜਾਂਦੇ ਹਨ।)

ਹੱਥ ਅਗੇ ਕਰ, ਨਹੀਂ ਤਾਂ ਗਿੱਟੇ ਭੰਨ ਦਿਆਂਗਾ ਤੇਰੇ ।

(ਲੰਮਾ ਮੁੰਡਾ ਝਟਪੱਟ ਆਪਣੇ ਗਿੱਟੇ ਫੜ ਕੇ ਬੈਠ ਜਾਂਦਾ ਹੈ ।)

ਉਏ, ਹੇਠਾਂ ਕੀ ਕਰਦੈਂ ?

ਲੰਮਾ ਮੁੰਡਾ : ਉਹ ਤਾਂ ਜੀ ਮੈਂ ਆਪਣੀ ਅਕਲ ਨੂੰ ਪਿਆ ਸੰਭਾਲਦਾਂ।

ਮਾਸਟਰ : ਉਏ, ਅਕਲ ਇਥੇ ਪਈ ਏ ਤੇਰੀ ?

ਲੰਮਾ ਮੁੰਡਾ : ਨਹੀਂ ਜੀ ?

ਮਾਸਟਰ : ਫਿਰ ?

ਲੰਮਾ ਮੁੰਡਾ : (ਭੋਲਾ ਬਣਦਿਆਂ) ਤੁਸੀਂ ਮੇਰੇ ਗਿੱਟੇ ਜੋ ਭੰਨ ਦੇਣ ਬਾਰੇ ਕਿਹਾ ਹੈ ... ਤਾਂ ਮੈਨੂੰ ਡਰ ਲੱਗਣ ਲੱਗ ਪਿਆ ।

ਮਾਸਟਰ : ਕਾਹਦਾ ਡਰ ?

ਲੰਮਾ ਮੁੰਡਾ : ਤੁਸੀਂ ਆਪੇ ਹੀ ਤਾਂ ਕਹਿੰਦੇ ਰਹਿੰਦੇ ਹੋ ਮੈਨੂੰ.....

ਮਾਸਟਰ : ਉਏ ਕੀ ਕਹਿੰਦਾ ਹੁੰਦਾਂ ਮੈਂ ਤੈਨੂੰ ?

ਲੰਮਾ ਮੁੰਡਾ : ਇਹੋ ਹੀ ਕਿ ਮੇਰੀ ਅਕਲ ਗਿੱਟਿਆਂ ਵਿਚ ਹੈ !

(ਸਾਰੇ ਹਸਦੇ ਹਨ)

ਮਾਸਟਰ : ਫਿਰ ?

ਲੰਮਾ ਮੁੰਡਾ : ਫਿਰ ਮੈਂ ਸੋਚਿਆ ਕਿ ਆਪਣੀ ਅਕਲ ਨੂੰ ਸੰਭਾਲ ਲਵਾਂ.. ਤੁਹਾਡਾ ਕੀ ਜਾਣੈ...ਪਰ ਮੈਂ ਅਕਲ ਤੋਂ ਬਿਨਾਂ ਕੀ ਕਰਾਂਗਾ ਜੀ ?

(ਸਾਰੇ ਹਸਦੇ ਹਨ ਅਤੇ ਮਾਸਟਰ ਸਿਰ ਪਕੜ ਲੈਂਦਾ ਹੈ।)

ਮਾਸਟਰ : ਚੁੱਪ......ਅਕਲਾਂ ਬਾਝੋਂ ਖੂਹ ਖਾਲੀ........

(ਚੁੱਪ ਪਸਰਦੀ ਹੈ)

ਚਲ ਜਾਹ ਬੈਠ ਜਾ ਆਪਣੀ ਸੀਟ ਤੇ.....ਕਿਧਰੇ ਅਕਲ ਤੋਂ ਹੱਥ ਨਾ ਧੋ ਬੈਠੀ ।

(ਲੰਮਾ ਮੁੰਡਾ ਬੈਠ ਜਾਂਦਾ ਹੈ ।)

ਘੁੰਨੂੰ : ਮਾਸਟਰ ਜੀ, ਪਾਣੀ ਪੀ ਆਵਾਂ ?

ਮਾਸਟਰ : ਜਾਹ ਮਰ, ਪੀ ਆ

(ਘੁੰਨੂੰ ਦੌੜ ਜਾਂਦਾ ਹੈ ।)

ਸੋਨੂੰ : ਹਾਜ਼ਰੀ ਲਾ ਲਉ ਮਾਸਟਰ ਜੀ !

ਮਾਸਟਰ : ਕਿਹੜਾ ਮਨੀਟਰ ਹੈ ਤੁਹਾਡਾ ?

(ਸਾਰੇ ਹੀ 'ਮੈਂ-ਮੈਂ' ਕਰਨ ਲਗ ਪੈਂਦੇ ਹਨ।)

ਮਾਸਟਰ : ਉਏ ਬਕਰੀਆਂ ਵਾਂਗ "ਮੈਂ-ਮੈਂ" ਕਿਉਂ ਕਰਨ ਲਗ ਪਏ ਹੋ ? ਤੂੰ ਖੜ੍ਹਾ ਉਏ ਲੰਮਢੀਂਗਾ......ਗਿਣਤੀ ਕਰਕੇ ਦਸ ਸਾਰਿਆਂ ਦੀ...

ਲੰਮਾ ਮੁੰਡਾ : ਜੀ ਸਾਰੀ ਕਲਾਸ ਹਾਜ਼ਰ ਹੈ, ਸਿਵਾਏ ਘੁੰਨੂੰ ਤੋਂ ।

ਪੇਂਡੂ ਮੁੰਡਾ : ਮਾਸਟਰ ਜੀ, ਉਹ ਤਾਂ ਪਾਣੀ ਪੀਣ ਗਿਐ।

ਮਾਸਟਰ : ਮੈਨੂੰ ਪਤੈ... ਹੈਂ, ਅਜ ਕੋਈ ਵੀ ਛੁੱਟੀ 'ਤੇ ਨਹੀਂ, ਸਾਰੇ ਹੀ ਹਾਜ਼ਰ ਨੇ ?

ਛੋਟਾ ਮੁੰਡਾ : ਤੁਹਾਡੇ ਹੁੰਦਿਆਂ ਕੋਈ ਵੀ ਛੁੱਟੀ ਨਹੀਂ ਕਰਦਾ ਮਾਸਟਰ ਜੀ ।

ਪੇਂਡੂ ਮੁੰਡਾ : ਛੁੱਟੀਆਂ ਤਾਂ ਕੰਮ ਤੋਂ ਡਰਦਿਆਂ ਕਰੀਦੀਆਂ ਨੇ।

ਮਾਸਟਰ : ਉਏ ਪਹਿਲਾਂ ਤੂੰ ਦਸ ਖ਼ਾਂ ......ਘਰ ਕਿਉਂ ਨਹੀਂ ਸੀ ਆਇਆ ? ਮੈਂ ਤੈਨੂੰ ਉਡੀਕਦਾ ਰਿਹਾ ।

ਲੰਮਾ ਮੁੰਡਾ : ਮੈਂ ਬੈਠ ਜਾਵਾਂ ਮਾਸਟਰ ਜੀ

(ਮਾਸਟਰ ਬੈਠਣ ਦਾ ਇਸ਼ਾਰਾ ਕਰਦਾ ਹੈ ।)

ਪੇਂਡੂ ਮੁੰਡਾ : ਉਹ ਤਾਂ ਜੀ, ਮੇਰੀ ਬੇਬੇ ਬਿਮਾਰ ਹੋ ਗਈ ਸੀ।

ਮਾਸਟਰ : ਬਿਮਾਰ ਤੇਰੀ ਬੇਬੇ ਸੀ, ਪਰ ਤੂੰ ਕਿਉਂ ਨਾ ਘਰ ਆਇਆ...ਖਾਹਮਖਾਹ ਮੇਰੀ ਛੁੱਟੀ ਖ਼ਰਾਬ ਕਰਾ ਦਿੱਤੀ। ਤੈਨੂੰ ਪਤਾ ਹੈ, ਮੇਰੀ ਛੁੱਟੀ ਢੇਡ ਸੌ ਰੁਪਏ ਦੀ ਪੈਂਦੀ ਹੈ ?

ਪੇਂਡੂ ਮੁੰਡਾ : ਗੰਨੇ ਤਾਂ ਮੈਂ ਆਪ ਹੀ ਤੋੜ ਲਏ ਸਨ, ਪਰ ਸਾਗ ਕੌਣ



ਤੋੜਦਾ ਜੀ ?

ਮਾਸਟਰ : ਉਏ, ਮੈਂ ਤਾਂ ਤੈਨੂੰ ਆਪਣੀਆਂ ਕਿੱਕਰਾਂ ਵੱਢਣ ਨੂੰ ਕਿਹਾ ਸੀ ।

ਪੇਂਡੂ ਮੁੰਡਾ : ਕੋਈ ਨਾ ਮਾਸਟਰ ਜੀ, ਪਰਸੋਂ ਕਿੱਕਰਾਂ ਵੀ ਵੱਢ ਦਊਂ ਤੇ ਸਾਗ ਵੀ ਦੇ ਜਾਊਂ .. ਮਾਸਟਰ ਹੁਣ ਮੇਰੀ ਬੇਬੇ ਨੂੰ ਵੀ ਅਰਾਮ ਹੈ ।(ਸਾਰੇ ਹਸਦੇ ਹਨ।)

ਮਾਸਟਰ : ਜਾਹ ਬੈਠ ਜਾ......ਭੁਲੀਂ ਨਾ ਹੁਣ।

(ਪੇਂਡੂ ਮੁੰਡਾ ਬੈਠ ਜਾਂਦਾ ਹੈ।)

(ਲੰਮਾ ਮੁੰਡਾ ਬਾਹਰ ਝਾਕ ਕੇ ਦਸਦਾ ਹੈ)

ਲੰਮਾ ਮੁੰਡਾ : ਮਾਸਟਰ ਜੀ, ਬਾਹਰ ਮੱਟੂ ਦੀਨੇ ਦੀ ਮਾਂ ਜੀ ਆਏ ਨੇ ।

ਮਾਸਟਰ : ਕਿਥੇ ? ਕਿਥੇ ?

(ਚਾਲੀ ਕੁ ਸਾਲ ਦੀ ਔਰਤ ਦਾ ਪ੍ਰਵੇਸ਼ ਅਤੇ ਮਾਸਟਰ ਉਸ ਦੇ ਕੋਲ ਜਾਂਦਾ ਹੈ। ਬੱਚੇ ਘੁਸਰ ਮੁਸਰ ਕਰਨ ਲਗ ਪੈਂਦੇ ਹਨ ।)

ਮਾਸਟਰ : ਤੁਸੀਂ, ਤੁਸੀਂ ਕਿਉਂ ਕਸ਼ਟ ਕੀਤਾ ਭੈਣ ਜੀ......ਤੁਹਾਡਾ ਮੁੰਡਾ ਤਾਂ ਪੜ੍ਹਾਈ'ਚ ਠੀਕ ਹੈ।

(ਮੋਟਾ ਮੁੰਡਾ ਵੀ ਕੋਲ ਆ ਜਾਂਦਾ ਹੈ ।)

ਔਰਤ : ਸਵਾਹ ਠੀਕ ਏ...ਪੜ੍ਹਦਾ ਈ ਨਹੀਂ, ਬੰਟੇ ਛਡਦਾ ਏ ਤਾਂ ਗੁਲੀ ਡੰਡਾ ਲੈ ਬਹਿੰਦਾ ਏ..ਫਿਰ ਪੀਲ ਪਲਾਂਘੜੇ......ਪੜ੍ਹਨ ਦਾ ਤਾਂ ਨਾਂ ਨਹੀਂ ਲੈਂਦਾ ..... (ਪਰਚੇ ਵਿਖਾਉਂਦਿਆਂ) ਆਂਦਾ ਜਾਂਦਾ ਹੈ ਕੁਝ ਨਹੀਂ ਤੇ ਤੁਸੀਂ ਨੰਬਰ ਸੌ ਵਿਚੋਂ ਛਿਅਤਰ ਦੇ ਦਿਤੇ ਨੇ...... ਲਿਖਿਆ ਸਾਰਾ ਹੀ ਊਟ ਪਟਾਂਗ ਏ .....ਫ਼ਿਲਮੀ ਕਹਾਣੀਆਂ ਹੀ ਲਿਖੀਆਂ ਹੋਈਆਂ ਨੇ . ...ਕੀ ਤੁਸੀਂ ਪੇਪਰ ਚੈੱਕ ਨਹੀਂ ਕਰਦੇ ? ਗਿੱਠਾਂ ਮਾਪ ਕੇ ਨੰਬਰ ਦਿੰਦੇ ਹੁੰਦੇ ਹੋ ?

ਮਾਸਟਰ : ਬੱਚੇ ਧਿਆਨ ਹੀ ਨਹੀਂ ਦਿੰਦੇ. .ਮਾਸਟਰ ਵਿਚਾਰੇ ਕੀ ਕਰਨ ।

ਔਰਤ : ਮਾਸਟਰਾਂ ਨੂੰ ਟਵੀਸ਼ਨਾਂ ਤੋਂ ਵਿਹਲ ਮਿਲੇ ਤਦ ਨਾ ਤੁਹਾਡੇ ਕੋਲ ਟਵੀਸ਼ਨ ਰਖੀ ਸੀ ਤਾਂ ਜੋ ਕਲਾਸ ਵਿਚ ਧਿਆਨ ਰਖ ਸਕੇ ......ਪਰ ਐ ਵੇਖ ਪੇਪਰ, ਕੀ ਚੰਨ ਚੜ੍ਹਾਏ ਹੋਏ ਨੇ......

ਮੋਟਾ ਮੁੰਡਾ : (ਮਾਸੂਮ ਬਣਦਿਆਂ) ਮੈਂ ਤਾਂ ਮੰਮੀ ਉਹੀ ਲਿਖਿਆ ਸੀ, ਜੋ ਮਾਸਟਰ ਜੀ ਨੇ ਪੜ੍ਹਾਇਆ ਸੀ ।

ਔਰਤ : ਕੀ ਇਹੀ ਪੜ੍ਹਾਂਦੇ ਹੋ, ਜੋ ਇਸ ਨੇ ਲਿਖਿਆ ਹੈ ?

ਮਾਸਟਰ : ਬੱਚੇ ਲਾਪ੍ਰਵਾਹ ਹੁੰਦੇ ਨੇ ਭੈਣ ਜੀ ......

ਔਰਤ : ਫਿਰ ਤੁਸੀਂ ਕੀ ਕਰਦੇ ਹੋ ?

ਮਾਸਟਰ : ਪੜ੍ਹਾਂਦੇ ਹਾਂ ਜੀ ।

ਔਰਤ : ਇਹੀ ਪੜ੍ਹਾਂਦੇ ਹੋ ਨਾ......'ਸਮਝੇ, ਕਿਆ ਸਮਝੇ, ਖ਼ਾਕ–ਤੁਸੀਂ ਤਾਂ ਕੀ ਤੁਹਾਡੇ ਮਾਪੇ ਨਹੀਂ ਸਮਝ ਸਕਦੇ–ਚਲੋ ਅਗੇ ?'

ਮਾਸਟਰ : ਮੈਂ......ਮੈਂ......ਮੈਂ....

ਮੋਟਾ ਮੁੰਡਾ : ਮੰਮੀ ਜੀ, ਇਹੀ ਸਬਕ ਪੜ੍ਹਾਂਦੇ ਨੇ...ਪੁਛ ਲਉ ਭਾਵੇਂ ਸਾਰਿਆਂ ਤੋਂ...... : ਹਾਂ ਜੀ, ਇਹੋ ਹੀ ਪੜ੍ਹਾਂਦੇ ਨੇ ।

ਮਾਸਟਰ : ਚੁੱਪ ਕਰੋ ਉਏ......

ਔਰਤ : ਬੱਚੇ ਤੁਹਾਡੇ ਕੋਲ ਪੜ੍ਹਾਣੇ ਨੇ ..ਜੇ ਉਪਰ ਸ਼ਕੈਤ ਕਰੀਏ ਤਾਂ ਤੁਸੀਂ ਬੱਚਿਆਂ ਉਤੇ ਗ਼ੁੱਸਾ ਕੱਢਣ ਲੱਗ ਪੈਂਦੇ ਹੋ ਤੁਸੀਂ ਤਾਂ ਹੱਦ ਹੀ ਮੁਕਾ ਦਿੱਤੀ ਏ...ਧੋ ਪੂੰਝ ਕੇ..ਪਰ ਤੁਸੀਂ ਤਾਂ ਲਾਹ ਰਖੀ ਏ...ਜੇ ਇਸ ਵਾਰੀ ਮੁੰਡਾ ਬੋਰਡ ਦਾ ਇਮਤਿਹਾਨ ਪਾਸ ਨਾ ਕਰ ਸਕਿਆ ਤਾਂ ਮੈਂ ਇਹ ਪੇਪਰ ਪਰੈਸ ਵਿਚ ਦੇ ਦਿਆਂਗੀ.... ਚਲ ਮੁੰਡਿਆ, ਮੈਨੂੰ ਹੈਡਮਾਸਟਰ ਕੋਲ ਲੈ ਚਲ ।

ਮਾਸਟਰ : ਮੈਂ ਅੱਗੇ ਤੋਂ ਧਿਆਨ ਰਖਾਂਗਾ ਜੀ ।

(ਔਰਤ ਮੋਟੇ ਮੁੰਡੇ ਨੂੰ ਨਾਲ ਲੈ ਕੇ ਪ੍ਰਸਥਾਨ ਕਰ ਜਾਂਦੀ ਹੈ ।)

(ਮਾਸਟਰ ਸ਼ਰਮਿੰਦਗੀ ਮਹਿਸੂਸ ਕਰਦਾ ਹੈ ।)

ਸੋਨੂੰ : ਮੈਂ ਵੀ ਕਿਹਾ, ਦੀਨਾ ਪੜ੍ਹਦਾ ਪੁੜ੍ਹਦਾ ਤਾਂ ਹੈ ਨਹੀਂ, ਪਰ ਨੰਬਰ ਸਾਡੇ ਤੋਂ ਜ਼ਿਆਦਾ...ਇਹ ਕਿਵੇਂ ਹੁੰਦਾ ਏ ਮਾਸਟਰ ਜੀ ?

ਮਾਸਟਰ : ਬੈਠ ਜਾ ਚੁੱਪ ਕਰਕੇ...ਸਮਝੇ ਕਿਆ ਸਮਝੇ ?...

ਸੋਨੂੰ : ਸਭ ਸਮਝਦਾਂ ਮਾਸਟਰ ਜੀ, ਮਿਹਨਤ ਅਸੀਂ ਕਰੀਏ । ਟਿਊਸ਼ਨਾਂ ਅਸੀਂ ਭਰੀਏ ਤੇ ਨੰਬਰ......

ਮਾਸਟਰ : (ਵਿਚੋਂ) ਉਹ ਹੋ, ਪਾਗਲੋ, ਇਹ ਤਾਂ ਮੈਨੂੰ ਪਤੈ ਕਿ ਤੁਸੀਂ ਮਿਹਨਤੀ ਹੋ, ਪਰ ਇਹੋ ਜਿਹੇ ਗੋਬਰ ਗਣੇਸ਼ਾਂ ਨੂੰ ਵੀ



ਖ਼ੁਸ਼ ਤਾਂ ਕਰਨਾ ਹੀ ਹੋਇਆ ਨਾ... ਪਰ ਇਹ ਕੀ ਪਤਾ ਸੀ ਕਿ ਬਲਾ ਗਲੇ ਪੈ ਜਾਵੇਗੀ.. ਸਮਝੇ, ਕਿਆ ਸਮਝੇ ...

ਸਾਰੇ : (ਵਿਚੋਂ) ਹੁਣ ਸਮਝ ਗਏ ਜੀ ਸਭ ਕੁਝ...

ਸੋਨੂੰ : ਮੈਂ ਇਕ ਨੰਬਰ ਜਾ ਆਵਾਂ ਜੀ ?

ਮਾਸਟਰ : (ਨੱਕ ਵਟਦਿਆਂ) ਜਾਹ ਮਰ ਉਏ ਭੂਤਨੀ ਦਿਆ...ਗੀਸ ਤਾਂ ਵਾਹਵਾ ਕਰਨੀ ਆਉਂਦੀ ਹੈ...ਤੂੰ ਕੋਈ ਕਿਸੇ ਦੀ ਨੂੰਹ ਧੀ ਨਾਲੋਂ ਘੱਟ ਥੋੜ੍ਹਾ ਏਂ ? ਜਾਹ ਤੂੰ ਵੀ...ਸੌਂਗੀ ਦੇ ਸਾਰਾ ਦਿਨ ਖਾਂਦੇ ਰਹਿੰਦੇ ਨੇ ਤੇ ਦਿਰਕਦੇ ਰਹਿੰਦੇ ਨੇ... ਹੁਣ ਜਾਹ ਮਰ ਵੀ...ਹਾਂ ਸੁਣ, ਘੁੰਨੂੰ ਨੂੰ ਭੇਜ ਦੇਵੀਂ, ਕਿਧਰੇ ਉਹ ਵੀ ਦੀਨੇ ਨਾਲ ਨਾ ਚਲਾ ਜਾਵੇ । ਘੁੰਨੂੰ ਕੋਲੋਂ ਰਸੀਦ ਲੈਣੀ ਏਂ ਬਿਲ ਦੀ......

(ਸੋਨੂੰ ਬੋਲਦਾ ਹੋਇਆ ਚਲਾ ਜਾਂਦਾ ਹੈ ।)

ਮਾਸਟਰ : ਅਜ ਤੁਹਾਨੂੰ ਸਾਧਾਰਨ ਗੱਲਾਂ ਸਮਝਾਣੀਆਂ ਨੇ...ਅੱਛਾ ਤਾਂ ਦਸੋ ਫਿਰ, ਫਲੱਸ਼ ਦੇ ਕੀ ਕੀ ਫ਼ਾਇਦੇ ਹੁੰਦੇ ਨੇ ?

ਆਵਾਜ਼ : ਮਾਸਟਰ ਜੀ, ਆ ਸਕਦਾ ਹਾਂ ਜੀ ?

ਮਾਸਟਰ : ਮਰੋ ਜਲਦੀ ਕਰੋ . . . ਸਿਰ ਖਾ ਜਾਂਦੇ ਨੇ ।

(ਮੋਟਾ ਮੁੰਡਾ ਆਉਂਦਾ ਹੈ ਜਿਸ ਨੂੰ ਦੇਖ ਕੇ ਮਾਸਟਰ ਆਪਣਾ ਪੈਂਤੜਾ ਬਦਲ ਲੈਂਦਾ ਹੈ ।)

ਮੈਂ ਕਿਹਾ ਦੀਨਾ ਨਾਥ, ਤੇਰੀ ਮਾਤਾ ਜੀ ਚਲੇ ਗਏ ਨੇ ?

ਮੋਟਾ ਮੁੰਡਾ : ਹਾਂ ਮਾਸਟਰ ਜੀ, ਚਲੇ ਗਏ ਨੇ ।

ਮਾਸਟਰ : ਹੈਡਮਾਸਟਰ ਸਾਹਿਬ ਨੂੰ ਕੀ ਕਿਹਾ ਤੇਰੀ ਮਾਤਾ ਜੀ ਨੇ ?

ਮੋਟਾ ਮੁੰਡਾ : ਹੈਡਮਾਸਟਰ ਸਾਹਿਬ ਤਾਂ ਮਿਲੇ ਹੀ ਨਹੀਂ... ਉਹ ਤਾਂ ਡੀ.ਈ.ਓ. ਸਾਹਿਬ ਕੋਲ ਗਏ ਹੋਏ ਸਨ ...

ਮਾਸਟਰ : (ਗੱਲ ਬਦਲ ਕੇ) ਅੱਛਾ ਤਾਂ ਮੈਂ ਕੀ ਦਸ ਰਿਹਾ ਸੀ । (ਗੱਲ ਬਦਲ ਕੇ) ਦੀਨਾ ਨਾਥ, ਤੇਰੇ ਮਾਤਾ ਜੀ ਫਿਰ ਕਿਸ ਦਿਨ ਆਉਣਗੇ ?

ਮੋਟਾ ਮੁੰਡਾ : ਪਤਾ ਨਹੀਂ ਮਾਸਟਰ ਜੀ !

ਮਾਸਟਰ : (ਗੱਲ ਬਦਲ ਕੇ) ਹਾਂ ਤਾਂ ਮੈਂ ਦਸ ਰਿਹਾ ਸੀ (ਗੱਲ ਬਦਲ ਕੇ)

ਕਾਕਾ, ਮਾਵਾਂ ਨੂੰ ਨਾ ਦਸਿਆ ਕਰੋ ...ਅੱਛਾ ਖ਼ੈਰ, ਛਡੋ ਇਸ ਗੱਲ ਨੂੰ...ਹਾਂ ਤਾਂ ਮੈਂ ਪੁਛ ਰਿਹਾ ਸੀ, ਫ਼ਲੱਸ਼ ਦੇ ਕੀ ਕੀ ਫ਼ਾਇਦੇ ਹੁੰਦੇ ਹਨ ? (ਸਾਰੇ 'ਮੈਂ ਦਸਾਂ-ਮੈਂ ਦਸਾਂ' ਬੋਲਦੇ ਹਨ ।) ਸਾਰੇ ਕੀ ਖਾ ਕੇ ਆਂਦੇ ਨੇ, ਸਾਰਾ ਦਿਨ ਟ੍ਰੈਂ-ਟ੍ਰੈਂ ਕਰਦੇ ਰਹਿੰਦੇ ਨੇ । ਬੱਕਰੀਆਂ ਦਾ ਵਾੜਾ ਹੈ ਜਾਂ ਸਬਜ਼ੀ ਮੰਡੀ ?

ਲੰਮਾ ਮੁੰਡਾ : ਜੀ ਸਕੂਲ ਹੈ।

ਮਾਸਟਰ : ਚੁੱਪ ਕਰ ਉਏ...ਅਖੇ ਤੂੰ ਕੌਣ, ਮੈਂ ਖਾਹਮਖਾਹ । ਤੈਨੂੰ ਪੁਛਿਐ ਜੋ ਦਸ ਰਿਹੈਂ ? ਅੱਛਾ ਤੂੰ ਦਸ ਫ਼ਲਸ਼ ਦੇ ਕੀ ਫ਼ਾਇਦੇ ਹੁੰਦੇ ਨੇ ?

ਆਵਾਜ਼ : ਆ ਜਾਵਾਂ ਜੀ।

(ਮਾਸਟਰ ਆਉਣ ਦਾ ਇਸ਼ਾਰਾ ਕਰਦਾ ਹੈ ।)

(ਸੋਨੂੰ ਤੇ ਘੁੰਨੂੰ ਆਉਂਦੇ ਹਨ।)

ਲੰਮਾ ਮੁੰਡਾ : ਮੁਸ਼ਕ ਨਹੀਂ ਆਉਂਦੀ ਮਾਸਟਰ ਜੀ।

ਮਾਸਟਰ : ਬੈਠ ਜਾਹ ਉਏ ਮੁਸ਼ਕ ਦਿਆ ਲਗਦਿਆ...ਤੂੰ ਦਸ ਉਏ, ਤੂੰ ਉਥੋਂ ਆਇਐਂ

ਸੋਨੂੰ : ਕੀ ਜੀ ?

ਮਾਸਟਰ : ਫਲੱਸ਼ ਦੇ ਫ਼ਾਇਦੇ ।

ਸੋਨੂੰ : ਸਾਫ਼ ਸੁਥਰਾ ਹੁੰਦਾ ਹੈ...ਮੱਖੀ ਮੱਛਰ ਨਹੀਂ ਆਉਂਦੇ ।

ਮਾਸਟਰ : ਤੂੰ ਦਸ ਉਏ ਮੀਂਡਿਆ ਜਿਹਾ ।

ਛੋਟਾ ਮੁੰਡਾ : ਮੈਂ ਤਾਂ ਵੇਖਿਆ ਹੀ ਨਹੀਂ ਮਾਸਟਰ ਜੀ...ਸਾਡੇ ਘਰ ਤਾਂ...

ਮਾਸਟਰ : ਤੂੰ ਦਸ ਉਏ ਘੁੰਨੂੰ ਵੱਟਿਆ ।

ਘੁੰਨੂੰ : ਜੀ, ਕੀਤੀ ਕਤਰੀ 'ਤੇ ਪਾਣੀ ਫੇਰ ਦਿੰਦੈ । (ਸਾਰੇ ਹਸਦੇ ਹਨ ।)

ਮਾਸਟਰ : ਬੈਠ ਜਾਹ ਉਏ ...ਕਹਿੰਦੈ, ਕੀਤੀ ਕਤਰੀ 'ਤੇ ਪਾਣੀ ਫੇਰ ਦਿੰਦੇ ...ਤੇਰੀ ਮਾਂ ਦਾ ਸਿਰ ਫੇਰ ਦਿੰਦੈ...ਤੁਸੀਂ ਨਹੀਂ ਸਮਝ ਸਕਦੇ ਇਸ ਦੇ ਫ਼ਾਇਦੇ...ਕੀ ਸਮਝੇ ? ਖ਼ਾਕ.... ਤੁਸੀਂ ਤਾਂ ਕੀ ਤੁਹਾਡੇ ਮਾਪੇ ਨਹੀਂ ਸਮਝ ਸਕਦੇ, ਚਲੋ ਅਗੇ । ...

ਸੋਨੂੰ : ਕਿਥੇ ਜੀ ?



ਮਾਸਟਰ : ਝਾਣੀਆਂ 'ਚ...ਸਮਝੇ ...ਕੀ ਸਮਝੇ ...ਖ਼ਾਕ ...(ਕੁਝ ਯਾਦ ਕਰਦਿਆਂ) ਉਏ, ਤੈਨੂੰ ਕਿਹਾ ਸੀ ਆਪਣੇ ਪਿਤਾ ਜੀ ਨੂੰ ਆਖ ਕੇ ਮੇਰੀ ਇਨਕਮ 'ਤੇ ਲਗੇ ਟੈਕਸ ਦੀ ਛੋਟ ਕਰਾ ਦੇ...ਤੂੰ ਆਖਿਆ ਸੀ ਪਿਤਾ ਜੀ ਨੂੰ ?

ਸੋਨੂੰ : ਹਾਂ, ਕਿਹਾ ਸੀ ਮਾਸਟਰ ਜੀ ।

ਮਾਸਟਰ : ਫੇਰ ਕੀ ਕਹਿੰਦੇ ਨੇ ਤੇਰੇ ਪਿਤਾ ਜੀ ?

ਸੋਨੂੰ : ਜੀ...ਜੀ...

ਮਾਸਟਰ : (ਵਿਚੋਂ) ਜੀ-ਜੀ ਕੀ ਹੁੰਦੈ ? ਸਾਫ਼ ਸਾਫ਼ ਦਸ ਕੀ ਕਿਹੈ ਉਨ੍ਹਾਂ ਨੇ ?

ਸੋਨੂੰ : ਤੁਸੀਂ ਮੈਨੂੰ ਮਾਰੋਗੇ ਤਾਂ ਨਹੀਂ ?

ਮਾਸਟਰ : ਤੂੰ ਦਸ ਵੀ ।

ਸੋਨੂੰ : ਜੀ ਉਹ ਕਹਿੰਦੇ ਨੇ ...ਤਨਖ਼ਾਹ ਦੇ ਨਾਲ ਨਾਲ ਟਿਊਸ਼ਨਾਂ ਲੈਂਦੇ ਨੇ... ਤਰੱਕੀਆਂ ਤੇ ਗਰੇਡਾਂ ਵਾਸਤੇ ਧਰਨੇ ਮਾਰਦੇ ਨੇ...ਪਿੰਡਾਂ ਵਿਚੋਂ ਦੁੱਧ, ਦਾਣੇ ਤੇ ਸਬਜ਼ੀ ਆਦਿ ਲੈਂਦੇ ਰਹਿੰਦੇ ਨੇ ...ਤੇ ਟੈਕਸ ਦਿੰਦਿਆਂ...

ਮਾਸਟਰ : (ਟੋਕਦਿਆਂ) ਅੱਛਾ-ਅੱਛਾ ! ਮੈਂ ਆਪੇ ਕਰਾ ਲਵਾਂਗਾ ਮਾਫ਼। ਹੁਣ ਨਾ ਆਖੀਂ ਜਾ ਕੇ । ਹੂੰਹ, ਆਪਣੀ ਪੀੜ੍ਹੀ ਥੱਲੇ ਕਈ ਸੋਟਾ ਨਹੀਂ ਮਾਰਦਾ।

ਸੋਨੂੰ : ਉਹ ਕਹਿ ਰਹੇ ਸਨ ਕਿ ਤੁਸੀਂ ਮੇਰੇ ਮਾਸਟਰ ਜੀ ਹੋ, ਇਸ ਲਈ ਕੁਝ ਨਾ ਕੁਝ ਤੇ ਕਰਨਾ ਹੀ ਪਵੇਗਾ...

ਮਾਸਟਰ : ਹਾਂ ਹਾਂ ਕਰਨਾ ਹੀ ਪਵੇਗਾ...ਕਿਉਂਕਿ ਇਮਤਿਹਾਨਾਂ ਵਿਚ ਕਿਧਰੇ ਰੜਕ ਨਾ ਕਢੇ । ਹੈਂ ਨਾ ?

ਸੋਨੂੰ : ਨਹੀਂ ਜੀ ।

ਮਾਸਟਰ : ਨਹੀਂ ਜੀ ਕੀ ਹੋਇਆ । ਅੱਜ ਦੇ ਜ਼ਮਾਨੇ ਵਿਚ ਕੋਈ ਕਿਸੇ ਦਾ ਕੰਮ ਐਂਵੇਂ ਨਹੀਂ ਕਰਦਾ ।...ਅੱਛਾ ਬੈਠ ਜਾ ...

(ਸੋਨੂੰ ਬੈਠ ਜਾਂਦਾ ਹੈ)

(ਜਮਾਤ ਵਿਚੋਂ ਕਾਗਜ਼ ਦਾ ਇਕ ਜਹਾਜ਼ ਉਡਦਾ ਹੋਇਆ ਮਾਸਟਰ ਕੋਲ ਡਿਗਦਾ ਹੈ।)

ਉਏ, ਇਹ ਕੀ ?...ਬੇਬੇ ਭੇਜੀ ਜੇ ਜਹਾਜ਼ ਤੇ ਬਿਠਾ ਕੇ ?

(ਸਾਰੇ ਹਸਦੇ ਹਨ ।)

ਚੁੱਪ...

(ਖ਼ਟਰ ਖਟਰ ਦੀ ਆਵਾਜ਼)

ਮਾਸਟਰ : ਹੈਂ, ਸਚਮੁੱਚ ਕਿਸੀ ਦੀ ਬੇਬੇ ਪਈ ਆਉਂਦੀ ਏ..ਸਿਆਣੇ ਬੱਚੇ ਦੱਸਣ ਕਿ ਕਿਸ ਦੀ ਬੇਬੇ ਪਈ ਆਉਂਦੀ ਏ, ਜੋ ਆਵਾਜ਼ ਹੋ ਰਹੀ ਏ ? ਅੱਛਾ ਤੂੰ ਦਸ ਉਏ ਘੁੰਨੂੰਆਂ...ਅਜ ਛੇ ਦਿਨਾਂ ਬਾਅਦ ਕਿਥੋਂ ਆਇਐਂ ?

ਘੁੰਨੂੰ : ਜੀ ਤੁਸੀਂ ਭੇਜਿਆ ਸੀ ਬਿਜਲੀ ਦਾ ਬਿਲ ਭਰਾਣ

ਮਾਸਟਰ : ਉਏ ਭੂਤਨੀ ਦਿਆ...ਬਿਲ ਭਰਾਣ ਭੇਜਿਆ ਸੀ, ਕੋਈ ਛਾਉਣੀ ਪਾਣ ਤਾਂ ਨਹੀਂ ਸੀ ਭੇਜਿਆ, ਜੋ ਡੇਰੇ ਲਾ ਕੇ ਬੈਠ ਗਿਆ ਉਥੇ ਹੀ...

ਘੁੰਨੂੰ : ਮਾਸਟਰ ਜੀ, ਉਥੇ ਭੀੜ ਹੀ ਬੜੀ ਹੁੰਦੀ ਸੀ।

ਮਾਸਟਰ : ਭੀੜ ਬੜੀ ਹੁੰਦੀ ਸੀ ਜਾਂ ਰਸਤੇ ਵਿਚ ਅੱਖ ਮਟੱਕੇ ਕਰਦਾ ਰਿਹਾ ?

ਘੁੰਨੂੰ : ਨਹੀਂ ਮਾਸਟਰ ਜੀ......ਮੈਂ ਤਾਂ ਸਵੇਰੇ ਲਾਈਨ ਵਿਚ ਖੜ ਜਾਂਦਾ ਸੀ ਅਤੇ ਦਫ਼ਤਰ ਬੰਦ ਹੋਣ ਬਾਅਦ ਉਥੋਂ ਆਉਂਦਾ ਸੀ ।

(ਸਾਰੇ ਹਸਦੇ ਹਨ ।)

ਮਾਸਟਰ : ਉਏ, ਉਥੇ ਖੜੋਤਾ ਹੀ ਰਹਿੰਦਾ ਸੀ ਜਾਂ ਹਿਲਦਾ ਵੀ ਸੀ ਘੁੰਨੂੰ ਵੱਟਿਆ ?

ਘੁੰਨੂੰ : ਨਹੀਂ ਜੀ, ਮੈਂ ਤਾਂ ਧੱਕੇ ਵੀ ਬੜੇ ਮਾਰਦਾ ਸੀ, ਪਰ ਵਾਰੀ ਹੀ ਨਹੀਂ ਸੀ ਆਂਦੀ। ਇਕ ਦੋ ਵਾਰੀ ਮੈਂ ਬਿਲ ਦੇਣ ਵਾਲੀ ਖਿੜਕੀ ਕੋਲ ਪਹੁੰਚ ਵੀ ਗਿਆ ਸੀ, ਪਰ ਉਦੋਂ ਤਕ...ਉਦੋਂ...

ਮਾਸਟਰ : (ਵਿਚੋਂ) ਉਦੋਂ ਤਕ ਬਿੱਲੀ ਨਿਛ ਜਾਂਦੀ ਸੀ, ਹੈਂ ਨਾ ?...ਪਰ ਬਿਜਲੀ ਵਾਲੇ ਤਾਂ ਕੁਨੈਕਸ਼ਨ ਕੱਟ ਗਏ ਨੇ ।

ਘੁੰਨੂੰ : ਉਹ ਤੇ ਜੀ ਕਟਣਾ ਹੀ ਸੀ।

ਮਾਸਟਰ : ਕਿਉਂ ?

ਘੁੰਨੂੰ : ਬਿਲ ਜੋ ਨਹੀਂ ਭਰਿਆ ਗਿਆ ।

(ਸਾਰੇ ਹਸਦੇ ਹਨ ।)

ਮਾਸਟਰ : ਪਰ ਮੈਂ ਤਾਂ ਤੈਨੂੰ....



ਘੁੰਨੂੰ : (ਵਿਚੋਂ) ਮੈਂ ਕੀ ਕਰਦਾ ਮਾਸਟਰ ਜੀ......

ਮਾਸਟਰ : ਉਏ, ਉਸਤਾਦਾਂ ਲਈ ਏਨੀ ਵੀ ਸ਼ਰਧਾ ਨਹੀਂ ਰਹੀ ਤੁਹਾਡੇ ਦਿਲਾਂ ਵਿਚ ?

ਘੁੰਨੂੰ : ਮੈਂ ਤਾਂ ਹਰ ਰੋਜ਼ ਜਾਂਦਾ ਰਿਹਾਂ ਜੀ ਉਥੇ...ਪਰ ਵਾਰੀ ਹੀ ਨਹੀਂ ਸੀ ਆਂਦੀ।

ਮਾਸਟਰ : ਅੱਛਾ ਅੱਛਾ, ਲਿਆ ਫੜਾ ਰਸੀਦ ।

ਘੁੰਨੂੰ : ਬਿਲ ਤਾਂ ਜੀ ਅਜੇ ਭਰਿਆ ਨਹੀਂ ਗਿਆ ।

ਮਾਸਟਰ : ਉਏ ਹਫ਼ਤੇ ਬਾਦ ਸਕੂਲ ਆ ਵੜਿਆ ਏਂ...ਬਿਲ ਫਿਰ ਵੀ ਨਹੀਂ ਭਰਿਆ ?

ਘੁੰਨੂੰ : (ਜੇਬ ਵਿਚੋਂ ਬਿਲ ਕੱਢ ਕੇ ਦਿੰਦਾ ਹੈ।) ਜੀ, ਔ ਲਉ ਬਿਲ !

ਮਾਸਟਰ : ਉਏ, ਇਸ ਨੂੰ ਮੈਂ ਕੀ ਸਿਰ 'ਚ ਮਾਰਾਂ ? ਪਾ ਇਸ ਨੂੰ ਆਪਣੀ ਬੇਬੇ ਦੇ ਸਿਰ ਵਿਚ । (ਖਿਝ ਕੇ) ਇਧਰ ਆ ਤੈਨੂੰ ਦਸਦਾਂ ਕਿਵੇਂ ਚਲਾਕੀਆਂ ਕਰੀਦੀਆਂ ਨੇ...

(ਚੁੱਪ ਪਸਰ ਜਾਂਦੀ ਹੈ।ਮਾਸਟਰ ਘੁੰਨੂੰ ਨੂੰ ਮਾਰਨਾ ਸ਼ੁਰੂ ਕਰ ਦਿੰਦਾ ਹੈ ।)

ਹਰਾਮਜ਼ਾਦਿਆ ! ਮੈਨੂੰ ਚਾਰਦੈਂ.. ਸ਼ਰਮ ਨਹੀਂ ਆਉਂਦੀ ?...ਜੰਮਿਆਂ ਬਾਲ ਗੁਪਾਲ ...ਤੇ ਵੰਡੇ ਕੋਲੇ (ਮਾਰਦਿਆਂ) ਖਾਣ ਗਏ ਤਾਂ ਉਹ ਵੀ ਲੁਕੋ ਲਏ...ਹੈਂ...

ਘੁੰਨੂੰ : ਮੈਨੂੰ ਮਾਫ਼ ਕਰ ਦਿਉ ਜੀ, ਅਗੇ ਤੋਂ ਨਹੀਂ ਕਰਦਾ ।

(ਮਾਸਟਰ ਹੋਰ ਮਾਰਦਾ ਹੈ ।)

ਹਾਏ ਉਏ, ਮਾਰ ਦਿੱਤਾ ।

ਮਾਸਟਰ : (ਗ਼ੁੱਸੇ ਵਿਚ) ਜਾਹ ਦਫ਼ਾ ਹੋ ਜਾ ਬਿਲ ਭਰ ਕੇ ਆਈਂ, ਨਹੀਂ ਤਾਂ ਸ਼ਕਲ ਨਾ ਦਿਖਾਈਂ...(ਨਰਮ ਹੁੰਦਿਆਂ) ਮੈਂ ਫ਼ਜ਼ੂਲ ਦੀਆਂ ਹਾਜ਼ਰੀਆਂ ਲਾਂਦਾ ਰਿਹਾ ।

ਘੁੰਨੂੰ : ਜੀ ਮੈਂ...

ਮਾਸਟਰ : (ਟੋਕਦਿਆਂ) ਦੇਖ, ਮੈਨੂੰ ਹੋਰ ਗ਼ੁੱਸਾ ਨਾ ਚੜ੍ਹਾ...ਮੈਨੂੰ ਕੁਝ ਨਹੀਂ ਪਤਾ... ਨੱਠ ਜਾ ਇਥੋਂ...ਨਹੀਂ ਤਾਂ ਤੇਰੇ ਪਰਖਚੇ ਉਡਾ ਦਿਆਂਗਾ.... ਉਸਤਾਦਾਂ ਨਾਲ ਟਿਚਰਾਂ...ਦੌੜ ਜਾ...

(ਮਾਸਟਰ ਘੁੰਨੂੰ ਦਾ ਬਸਤਾ ਚੁਕ ਕੇ ਬਾਹਰ ਸੁਟਦਾ ਹੈ)

(ਘੁੰਨੂੰ ਡਸਕੋਰੇ ਭਰਦਾ ਚਲਾ ਜਾਂਦਾ ਹੈ ।)

ਕੱਢੋ ਉਏ ਕਿਤਾਬ ਆਪੋ ਆਪਣੀ...

(ਸਾਰੇ ਆਪੋ ਆਪਣੇ ਬਸਤਿਆਂ ਵਿਚੋਂ ਕਿਤਾਬਾਂ ਕਢਦੇ ਹਨ ।)

ਮਾਸਟਰ : ਉਏ, ਤੁਹਾਨੂੰ ਕੁੰਜੀ ਲੈਣ ਲਈ ਕਿਹਾ ਸੀ, ਲੈ ਲਈ ਜੇ ?

ਸਾਰੇ : ਹਾਂ ਜੀ, ਲੈ ਲਈ ਏ !

ਮੋਟਾ ਮੁੰਡਾ : ਜਿਥੋਂ ਤੁਸੀਂ ਆਖੀ ਸੀ ਮਾਸਟਰ ਜੀ, ਉਥੋਂ ਹੀ ਖ਼ਰੀਦੀ ਏ...

ਮਾਸਟਰ : ਸ਼ਾਬਾਸ਼ ਏ..ਪਰ ਲੈ ਕੇ ਘਰ ਧੂੜ੍ਹ ਨਾ ਦਿੰਦੇ ਰਹਿਣਾ...ਪੜ੍ਹਨਾ ਵੀ... (ਸੋਨੂੰ ਨੂੰ) ਸੁਣ ਉਏ ਸੋਨੂੰ ਦੇ ਬੱਚੇ ਕੰਨ ਖੋਲ੍ਹ ਕੇ ਆਪਣੇ ਵਲੋਂ ਜਾਂ ਦੂਜੇ ਮਾਸਟਰਾਂ ਦੇ ਪੜ੍ਹਾਏ ਅਨੁਸਾਰ ਨਾ ਲਿਖਿਆ ਕਰ...ਇਸ ਤਰ੍ਹਾਂ ਲਗਦਾ ਏ । ਜਿਸ ਤਰ੍ਹਾਂ ਮੈਂ ਦਸਦਾਂ, ਉਵੇਂ ਪੇਪਰਾਂ ਵਿੱਚ ਲਿਖਿਆ ਕਰ.... ਤੇਰਾ ਪੇਪਰ ਵਖਰਾ ਵਖਰਾ ਲਗਦਾ ਏ।

ਸੋਨੂੰ : ਤੁਸੀਂ ਤੇ ਮਾਸਟਰ ਜੀ ਸਾਰਿਆਂ ਨੂੰ ਗਾਇਡ ਵਿਚੋਂ ਲਿਖਾਂਦੇ ਹੋ ।

ਮਾਸਟਰ : ਨਾ ਹੋਰ ਕੋਈ ਦਿਮਾਗ਼ ਵਿਚੋਂ ਲਿਖਾਂਦੇ ਨੇ ? ਤੂੰ ਵਾਧੂ ਦੀ ਲਿਆਕਤ ਘੋਟਣ ਦੀ ਕੋਸ਼ਿਸ਼ ਨਾ ਕਰਿਆ ਕਰ, ਨਹੀਂ ਤੇ...

ਲੰਮਾ ਮੁੰਡਾ : (ਵਿਚੋਂ) ਇਸ ਤਰ੍ਹਾਂ ਤੇ ਮਾਸਟਰ ਜੀ, ਸਾਰਿਆਂ ਦੇ ਪੇਪਰ ਇਕੋ ਜਿਹੇ ਹੀ ਹੋਣਗੇ ।

ਛੋਟਾ ਮੁੰਡਾ : ਪਹਿਲੇ ਤੋਂ ਲੈ ਕੇ ਅਖ਼ੀਰ ਤਕ ਇਕੋ ਜਿਹਾ ।

ਮੋਟਾ ਮੁੰਡਾ : ਇਸ ਤਰ੍ਹਾਂ ਤਾਂ ਮਾਸਟਰ ਜੀ, ਪੇਪਰ ਚੈੱਕ ਕਰਨ ਵਾਲੇ ਨੂੰ ਦਿੱਕਤ ਹੀ ਨਹੀਂ ਹੋਣੀ, ਮੈਨੂੰ ਤਾਂ ਮੰਜ਼ੂਰ ਹੈ।

ਪੇਂਡੂ ਮੁੰਡਾ : ਮੈਨੂੰ ਵੀ ਮੰਜ਼ੂਰ ਏ। ਚੈੱਕ ਕਰਨ ਵਾਲਾ ਪਹਿਲਾਂ ਦੇ ਦੋ ਤਿੰਨ ਪੇਪਰ ਵੇਖੇਗਾ, ਫਿਰ ਇਕੋ ਕਲਾਸ ਦੇ ਪੇਪਰ ਸਮਝ ਕੇ ਤੇ ਇਕ ਜਿਹਾ ਲਿਖਿਆ ਦੇਖ ਕੇ ਅੱਖਾਂ ਬੰਦ ਕਰਕੇ ਨੰਬਰ ਲਾਈ ਜਾਵੇਗਾ...ਲਾਈ ਜਾਵੇਗਾ...

ਮੋਟਾ ਮੁੰਡਾ : ਸਾਡਾ ਨੰਬਰ ਤਾਂ ਹੈ ਵੀ ਅਖ਼ੀਰ ਉਤੇ।

ਛੋਟਾ ਮੁੰਡਾ : ਚੈੱਕ ਕਰਨ ਵਾਲਾ ਜਲਦੀ ਵਿਹਲਾ ਹੋ ਜਾਵੇਗਾ।

ਮਾਸਟਰ : ਚੁੱਪ ਕਰੋ ਉਏ ਭੂਤਨੀ ਦਿਉ...ਕਾਵਾਂ ਰੌਲੀ ਪਾ ਦਿੰਦੇ



ਹੋ ।

(ਸਾਰੇ ਚੁੱਪ ਕਰ ਜਾਂਦੇ ਹਨ)

ਮਾਸਟਰ : ਖੋਲ੍ਹੋ ਕਿਤਾਬਾਂ ਤੇ ਪੜ੍ਹਨਾ ਸ਼ੁਰੂ ਕਰੋ । ...ਚਲ ਉਏ ਮੁੰਡਿਆ, ਤੂੰ ਪੜ੍ਹ ਖੜ੍ਹਾ ਹੋ ਕੇ ਤੇ ਬਾਕੀ ਧਿਆਨ ਰਖੋ...

(ਮੁੰਡਾ ਖੜ੍ਹਾ ਹੋਣ ਲਗਦਾ ਹੈ, ਪਰ ਉਸ ਨੂੰ ਬੈਠੇ ਰਹਿਣ ਦਾ ਇਸ਼ਾਰਾ ਕਰਕੇ ਬਿਠਾ ਦਿੰਦਾ ਹੈ।)

ਮਾਸਟਰ : ਅੱਛਾ ਠਹਿਰੋ ਇਕ ਮਿੰਟ (ਛੋਟੇ ਮੁੰਡੇ ਨੂੰ) ਤੂੰ ਇਧਰ ਆ ਛੋਟਿਆ । ਡਰਦਾ ਕਿਉਂ ਹੈਂ, ਇਧਰ ਆ...ਕੁਦਰਤੀ ਯਾਦ ਆ ਗਿਐ, ਨਹੀਂ ਤੇ ਭੁਲ ਜਾਣਾ ਸੀ।

(ਛੋਟਾ ਮੁੰਡਾ ਮਾਸਟਰ ਦੇ ਕੋਲ ਆਉਂਦਾ ਹੈ । ਮਾਸਟਰ ਜੇਬ ਵਿਚੋਂ ਕਾਗ਼ਜ਼ ਕਢ ਕੇ ਪਕੜਾਉਂਦਾ ਹੈ ।)

ਐ ਫੜ ਪਾਣੀ ਦਾ ਬਿਲ ਤੇ ਭਰਾ ਕੇ ਆ...ਜੇ ਭੀੜ ਹੋਵੇ ਤਾਂ ਲੋਕਾਂ ਦੀਆਂ ਲੱਤਾਂ ਵਿਚੋਂ ਨਿਕਲ ਕੇ ਅਗੇ ਲੰਘ ਜਾਵੀਂ...ਚਲਾਕੀ ਨਾਲ.... ਕਿਧਰੇ ਤੂੰ ਵੀ ਦਸਾਂ ਦਿਨਾਂ ਬਾਅਦ ਆ ਕੇ ਬਿਲ ਹੱਥ ਫੜਾਵੇਂ । ਸਮਝੇ ? ਕੀ ਸਮਝੇ ?

ਛੋਟਾ ਮੁੰਡਾ : ਫ਼ਿਕਰ ਨਾ ਕਰੋ ਮਾਸਟਰ ਜੀ...ਖੋਟੇ ਪੈਸੇ ਵਾਂਗੂੰ ਵਾਪਸ ਆ ਜਾਵਾਂਗਾ।

ਮਾਸਟਰ : ਨੱਠ ਜਾ ਬਸਤਾ ਚੁੱਕ ਕੇ ...

(ਛੋਟਾ ਮੁੰਡਾ ਬਸਤਾ ਚੁੱਕ ਕੇ ਚਲਾ ਜਾਂਦਾ ਹੈ !)

ਖੋਲ੍ਹੋ ਉਏ ਕਿਤਾਬਾਂ ...

ਸਾਰੇ : ਕਿਤਾਬਾਂ ਤਾਂ ਖੁਲ੍ਹੀਆਂ ਪਈਆਂ ਨੇ ਜੀ !

(ਛੋਟਾ ਮੁੰਡਾ ਵਾਪਸ ਆਉਂਦਾ ਹੈ।)

ਮਾਸਟਰ : ਉਏ, ਹੁਣ ਕੀ ਹੋਇਐ ਤੈਨੂੰ, ਜੋ ਮੁੜ ਆਇਐਂ ?

ਛੋਟਾ ਮੁੰਡਾ : ਹੈਡ ਮਾਸਟਰ ਸਾਹਿਬ ਨੇ ਇਹ ਕਾਗ਼ਜ਼ ਦਿੱਤਾ ਏ ਤੁਹਾਨੂੰ ਦੇਣ ਵਾਸਤੇ।

ਮਾਸਟਰ : ਹੈਂ, ਹੈਡ ਮਾਸਟਰ ਸਾਹਿਬ ਵੀ ਆ ਗਏ ...(ਬਦਲ ਕੇ) ਨਾ ਪੀਅਨ ਮਰ ਗਏ ਨੇ, ਜੋ ਤੈਨੂੰ ਕਾਗ਼ਜ਼ ਦੇ ਕੇ ਭੇਜ ਦਿਤੈ ?

ਸਾਰੇ ਬੱਚੇ : ਗਿਆ ਹੋਵੇਗਾ ਵਿਚਾਰਾ, ਹੈਡਮਾਸਟਰ ਸਾਹਿਬ ਦੇ

ਘਰ ਗੋਡੀ ਕਰਨ।

ਮਾਸਟਰ : ਖ਼ੈਰ ! ਲਿਆ ਫੜਾ ਉਰਾਂ ਤੇ ਤੂੰ ਉਡ ਜਾ, ਕਿਧਰੇ ਭੀੜ ਨਾ ਵੱਧ ਜਾਵੇ। (ਛੋਟਾ ਮੁੰਡਾ ਦੌੜ ਜਾਂਦਾ ਹੈ ।)

(ਮਾਸਟਰ ਕਾਗ਼ਜ਼ ਪੜ੍ਹਨ ਲਗ ਜਾਂਦਾ ਹੈ ।)

ਸੁਣੋ ਬਈ ਸਾਰੇ ਕਲ੍ਹ ਨੂੰ ਆਪਣੇ ਸਕੂਲ ਵਿਚ ਸਿੱਖਿਆ ਅਧਿਕਾਰੀ ਆ ਰਹੇ ਨੇ । ਉਨ੍ਹਾਂ ਦੇ ਸੁਆਗਤ ਲਈ ਸਾਰੇ ਬੱਚੇ ਚੰਗੇ ਚੰਗੇ ਤੇ ਸੋਹਣੇ ਸੋਹਣੇ ਕਪੜੇ ਪਾ ਕੇ ਆਉਣਾ।

ਸਾਰੇ : ਫਿਰ ਛੁੱਟੀ ਹੋ ਜਾਵੇਗੀ ?

ਮਾਸਟਰ : : ਤੁਹਾਡਾ ਸਿਰ ਹੋਵੇਗੀ ਛੁੱਟੀ...ਹੋਰ ਸੁਣੋ...ਇਕ ਜਲੂਸ ਨਿਕਲੇਗਾ, ਉਸ ਵਿਚ ਜਾਣਾ ਹੋਵੇਗਾ।

ਸਾਰੇ : ਬਸਤੇ ਵੀ ਲਿਆਣੇ ਪੈਣਗੇ ਮਾਸਟਰ ਜੀ !

ਮਾਸਟਰ : : ਹੋਰ ਕੀ ਖ਼ਾਲੀ ਹੱਥ ਡੰਡੇ ਵਜਾਉਗੇ ?

ਸਾਰੇ : ਅਸੀਂ ਬਸਤੇ ਸੰਭਾਲਾਂਗੇ ਕਿ ...

ਮਾਸਟਰ : (ਟੋਕਦਿਆਂ) ਭੇਡਾਂ ਵਾਂਗ 'ਮੈਂ-ਮੈਂ' ਕਰਨ ਲੱਗ ਪੈਂਦੇ ਨੇ ਸਾਰੇ...ਉਏ ਸੌਗੀ ਦਿਉ ਬਸਤੇ ਨਹੀਂ ਲਿਆਉਣੇ ਤਾਂ ਕਿਸ ਤਰ੍ਹਾਂ ਪਤਾ ਚਲੇਗਾ ਕਿ ਇਹ ਸਕੂਲ ਦੇ ਬੱਚੇ ਨੇ...'ਸਮਝੇ, ਕੀ ਸਮਝੇ, ਖ਼ਾਕ, ਤੁਸੀਂ ਤਾਂ ਕੀ ਤੁਹਾਡੇ ਮਾਪੇ ਨਹੀਂ ਸਮਝ ਸਕਦੇ, ਚਲੋ ਅਗੇ ।

ਲੰਮਾ ਮੁੰਡਾ : ਭਾਰ ਨਾ ਚੁਕਾਉ ਮਾਸਟਰ ਜੀ ਸਾਡੇ ਕੋਲੋਂ !

ਮਾਸਟਰ : ਉਏ, ਕਿਤਾਬਾਂ ਕਾਪੀਆਂ ਤੁਹਾਨੂੰ ਭਾਰ ਲਗਦੀਆਂ ਨੇ ?

ਸਾਰੇ : ਨਹੀਂ ਜੀ !

ਮਾਸਟਰ : ਫਿਰ ਲਈ ਆਉਣਾ ਆਪੋ ਆਪਣੇ ਬਸਤੇ ਵੀ ਨਾਲ...ਪ੍ਰਭਾਵ ਚੰਗਾ ਪਵੇਗਾ। ਸਮਝੇ . . .

ਸਾਰੇ : ਹਾਂ ਜੀ ਹਾਂ, ਸਮਝ ਗਏ...

ਮਾਸਟਰ : ਹੁਣ ਖੋਲ੍ਹੋ ਫਿਰ ਕਿਤਾਬਾਂ

ਮੋਟਾ ਮੁੰਡਾ : ਹੁਣ ਤਾਂ ਜੀ ਦਸ ਮਿੰਟ ਰਹਿ ਗਏ ਨੇ ਘੰਟੀ ਵੱਜਣ ਵਿਚ ।

ਮਾਸਟਰ : ਮਨ ਹਰਾਮੀ ਤੇ ਹੁਜਤਾਂ ਦਾ ਢੇਰ...ਹਰਾਮੀ ! ਘੜੀ ਵੇਖ ਕੇ ਪੜ੍ਹਦੇ ਨੇ...ਉਏ, ਮਿੰਟ ਤਾਂ ਇਕ ਹੀ ਬੜਾ ਹੁੰਦਾ ਏ ਪੜ੍ਹਨ ਵਾਸਤੇ ।(ਮੋਟੇ ਮੁੰਡੇ ਵਲ ਇਸ਼ਾਰਾ ਕਰਦਿਆਂ)



ਚਲ ਤੂੰ ਪੜ੍ਹ, ਮੈਂ ਅਰਥ ਦਸਦਾਂ ।

(ਮੋਟਾ ਮੁੰਡਾ ਪੜ੍ਹਦਾ ਹੈ ।)

ਮੋਟਾ ਮੁੰਡਾ : 'ਸਾਰੇ ਜਹਾਂ ਸੇ ਅੱਛਾ, ਹਿੰਦੁਸਤਾਨ ਹਮਾਰਾ ।

ਮਾਸਟਰ : ਵਾਹ-ਵਾਹ-ਵਾਹ, ਕਿਆ ਬਾਤ ਹੈ ! ਕਵੀ ਸੱਤ ਸਮੁੰਦਰੋਂ ਪਾਰ ਚਲਾ ਗਿਆ । ਕੁੱਜੇ ਵਿਚ ਸਮੁੰਦਰ ਬੰਦ ਕਰ ਦਿਤੈ । ਬਈ ਵਾਹ ..ਕਵੀ ਦੀ ਸੋਚ ਉਡਾਰੀ ਬੜੀ ਤੇਜ਼ ਹੈ..ਫ਼ਰਸ਼ ਤੋਂ ਅਰਸ਼ ਤੇ ਪੁੱਜ ਗਿਐ...ਸਮਝੇ ? ਕੀ ਸਮਝੇ ? ਖ਼ਾਕ ! ਤੁਸੀਂ ਤਾਂ ਕੀ ਤੁਹਾਡੇ ਮਾਪੇ ਨਹੀਂ ਸਮਝ ਸਕਦੇ, ਚਲੋ ਅਗੇ।

ਮੋਟਾ ਮੁੰਡਾ : 'ਹਮ ਬੁਲਬੁਲੇ ਹੈਂ ਇਸ ਕੀ, ਯੇ ਗੁਲਸਿਤਾਂ ਹਮਾਰਾ।'

(ਮੋਟੇ ਮੁੰਡੇ ਵਲ ਇਸ਼ਾਰਾ ਕਰਦਿਆਂ)

ਮਾਸਟਰ : ਇਹ ਬੁਲਬੁਲਾਂ ਨੇ .. ਸ਼ਕਲਾਂ ਤਾਂ ਵੇਖੋ ਇਨ੍ਹਾਂ ਦੀਆਂ (ਮੂੰਹ ਬਣਾ ਕੇ) ਹਮ ਬੁਲਬੁਲੇ ਹੈਂ...ਇਹ ਮੂੰਹ ਤੇ ਮਸਰਾਂ ਦੀ ਦਾਲ...

(ਸਾਰੇ ਹਸਦੇ ਹਨ।)

ਵਾਹ-ਵਾਹ-ਵਾਹ, ਬਈ ਵਾਹ, ਕਿਅ' ਬਾਤ ਹੈ । ਕਮਾਲ ਕਰ ਦਿੱਤਾ। ਕਵੀ ਕਿਤਨੀ ਬਰੀਕ ਬੁਧੀ ਦਾ ਮਾਲਕ ਹੈ, ਬਈ ਅਸ਼ਕੇ ਕਵੀ ਮਹਾਰਾਜ ਜੀ ਦੇ...ਆਹਾ ! ਕੀ ਕਹਿਣੇ ਕਵੀ ਦੇ...ਕਹਿੰਦੈ ਹਮ ਬੁਲਬੁਲੇ ਹੈਂ.. ਬਈ ਵਾਹ...ਮੈਂ ਕੁਰਬਾਨ ਜਾਂਦਾ ਹਾਂ ਕਵੀ ਦੀ ਸੋਚਣੀ ਤੋਂ, ਜਿਸ ਨੇ ਸਾਨੂੰ ਤੇ ਤੁਹਾਨੂੰ ਬੁਲਬੁਲਾਂ ਦਸਿਆ.... ਸਮਝੇ ? ਕੀ ਸਮਝੇ ? ਖ਼ਾਕ ! ਤੁਸੀਂ ਤਾਂ ਕੀ ਤੁਹਾਡੇ ਮਾਪੇ ਨਹੀਂ ਸਮਝ ਸਕਦੇ...ਚਲੋ ਅਗੇ ।

ਸੋਨੂੰ : : ਮਾਸਟਰ ਜੀ, ਤੁਸੀਂ ਅਰਥ ਤਾਂ ਦਸੇ ਹੀ ਨਹੀਂ ।

ਮਾਸਟਰ : ਚੁੱਪ ਕਰ ਉਏ...ਇਹ ਤੇਰੀ ਬੇਬੇ ਦਾ ਸਿਰ ਸੀ, ਜੋ ਹੁਣੇ ਦਸ ਕੇ ਹਟਿਆਂ।

ਲੰਮਾ ਮੁੰਡਾ : ਉਹ ਤਾਂ ਜੀ, ਤੁਸੀਂ 'ਸਮਝੇ, ਕੀ ਸਮਝ, ਖ਼ਾਕ' ਹੀ ਦਸਿਆ ਹੈ।

ਮਾਸਟਰ : ਤੁਸੀਂ ਦਿਮਾਗ਼ ਘਰ ਰਖ ਕੇ ਆਂਦੇ ਹੋ ਜਾਂ ਨਾਲ ਵੀ ਲਿਆਂਦੇ ਹੋ ? ...ਕਦੀ ਆਪਣੇ ਦਿਮਾਗ਼ ਤੋਂ ਵੀ ਕੰਮ

ਲੈ ਲਿਆ ਕਰੋ ਨਹੀਂ ਤਾਂ ਜੰਗ ਲਗ ਜਾਵੇਗਾ। ਸਮਝੇ …

ਸਾਰੇ : ਸਮਝ ਗਏ ਜੀ, ਸਭ ਸਮਝ ਗਏ …

ਮੋਟਾ ਮੁੰਡਾ : ਕੁੰਜੀ ਦੇਖ ਕੇ ਅਰਥ ਪੜ੍ਹਾਂ ਜੀ ?

ਮਾਸਟਰ : ਰਹਿਣ ਦੇ ਰਹਿਣ ਦੇ ਘਰ ਜਾ ਕੇ ਦੇਖ ਲੈਣਾ…

(ਘੁੰਨੂੰ ਆਪਣੇ ਪਿਤਾ ਜੀ ਨੂੰ ਨਾਲ ਲੈ ਕੇ ਆਉਂਦਾ ਹੈ ।ਸਾਰੇ ਬੱਚੇ ਘੁਸਰ ਮੁਸਰ ਕਰਨ ਲਗ ਪੈਂਦੇ ਹਨ।)

ਚੁੱਪ ਕਰੋ ਉਏ ਸਾਰੇ ।

ਘੁੰਨੂੰ : ਪਿਤਾ ਜੀ, ਇਸ ਮਾਸਟਰ ਨੇ ਮਾਰਿਆ ਹੈ।

ਪਿਤਾ : ਮੇਰੇ ਮੁੰਡੇ ਨੂੰ ਕਿਉਂ ਮਾਰਿਆ ? ਕੀ ਸਕੂਲ ਸਮੇਂ ਸਿਰ ਨਹੀਂ ਆਉਂਦਾ ? ਕੀ ਕੰਮ ਨਹੀਂ ਕਰਦਾ ? ਕੀ…

ਮਾਸਟਰ : (ਵਿਚੋਂ) ਤੁਸੀਂ ਹੈਡ ਮਾਸਟਰ ਸਾਹਿਬ ਨਾਲ ਗੱਲ ਕਰੋ ਜੀ ਜਾ ਕੇ ।

ਪਿਤਾ : ਮੈਂ ਉਸ ਨੂੰ ਵੀ ਜਾਣਦਾਂ,..ਤੁਸੀਂ ਸਭ ਅੰਦਰੋਂ ਘਿਓ ਖਿਚੜੀ ਹੋ …ਇਕੋ ਥਾਲੀ ਦੇ ਚੱਟੇ ਵੱਟੇ ਹੋ।

ਮਾਸਟਰ : ਮੈਂ ਤਾਂ ਪਿਆਰ ਨਾਲ ਧੌਲ ਧੱਫਾ ਹੀ ਕੀਤਾ ਸੀ ।

ਘੁੰਨੂੰ : ਨਹੀਂ ਪਿਤਾ ਜੀ, ਰੂਲ ਨਾਲ ਮਾਰਿਐ ।ਐ ਵੇਖ…

(ਘੁੰਨੂੰ ਕਮੀਜ਼ ਚੁਕ ਕੇ ਪਿੱਠ ਵਿਖਾਉਂਦਾ ਹੈ ।)

ਪਿਤਾ : ਨੀਲੋ-ਨੀਲ ਕਰ ਦਿੱਤਾ ਮੁੰਡੇ ਨੂੰ ..ਮੈਂ ਪੁਛਦਾਂ ਕੀ ਗੁਆਇਆ ਸੀ ਮੁੰਡੇ ਨੇ, ਜੋ ਮਾਰ ਮਾਰ ਕੇ ਸਕੂਲੋਂ ਕੱਢ ਦਿੱਤਾ ?

ਮਾਸਟਰ : ਉਹ ਤਾਂ ਸਿਰਫ਼ ਏਨੀ ਕੁ ਗੱਲ ਸੀ ਜੀ..ਤੁਸੀਂ ਗ਼ੁੱਸੇ ਵਿਚ ਨਾ ਆਉ… ਪੜ੍ਹਦਾ ਹੀ ਨਹੀਂ.. ਸ਼ਰਾਰਤਾਂ ਕਰਦਾ ਰਹਿੰਦੈ ਸਾਰਾ ਦਿਨ…

ਘੁੰਨੂੰ : ਨਹੀਂ ਪਿਤਾ ਜੀ, ਬਿਜਲੀ ਦਾ ਬਿਲ ਭਰਨ ਲਈ ਦਿੱਤਾ ਸੀ…ਉਥੇ ਭੀੜ ਹੁੰਦੀ ਸੀ ਤੇ ਮੈਂ ਭਰ ਨਹੀਂ ਸਾਂ ਸਕਿਆ…ਹਰ ਰੋਜ਼ ਸਕੂਲੋਂ ਜਾਂਦਾ ਰਿਹਾਂ… ਹਫ਼ਤਾ ਸਕੂਲ ਨਹੀਂ ਆਇਆ ਤੇ ਬਿਜਲੀ ਵਾਲੇ ਇਨ੍ਹਾਂ ਦੇ ਘਰ ਦਾ ਕੁਨੈਕਸ਼ਨ ਕੱਟ ਗਏ ਨੇ..ਬਸ ਇਸੇ ਕਰਕੇ ਮਾਰਿਐ ।

ਪਿਤਾ : ਬਿਲ ਭਰਾਣ ਪਿਛੇ ਏਨੇ ਦਿਨ ਪੜ੍ਹਾਈ ਦਾ ਹਰਜ਼ਾ



ਕਰਾ ਦਿੱਤਾ…ਕੀ ਨੌਕਰ ਸਮਝ ਰਖਿਐ…ਤੇਰੇ ਆਪਣੇ ਬੱਚੇ ਨਹੀਂ ਭਰਾ ਸਕਦੇ…ਜੋ ਭੇਜ ਦਿੱਤਾ ਏਸ ਨੂੰ..ਮੈਂ ਪੁਛਦਾਂ, ਸਰਕਾਰ ਨੇ ਪੀਅਨ ਨਹੀਂ ਰਖੇ ਹੋਏ ? ਉਨ੍ਹਾਂ ਤੋਂ ਇਹ ਕੰਮ ਕਰਵਾ ਲੈਣਾ ਸੀ, ਬੱਚਿਆਂ ਨੂੰ ਕਿਉਂ ਪਰੇਸ਼ਾਨ ਕਰਦੇ ਹੋ ਤੁਸੀਂ ਲੋਕ ?

ਮਾਸਟਰ : ਪਰ….

ਪਿਤਾ : (ਵਿਚੋਂ) ਪਰ ਪੁਰ ਕੀ ਹੁੰਦਾ ਹੈ ? ਤੁਸੀਂ ਹਰਾਮ ਦੀਆਂ ਖਾਣਾ ਗਿਝ ਗਏ ਹੋ …ਕੰਮ ਦੇ ਡੱਕੇ ਦੋ ਨਹੀਂ ਦੂਹਰੇ ਕਰਦੇ ਤੇ ਤਨਖ਼ਾਹਾਂ ਨੂੰ ਪੈਨਸ਼ਨ ਸਮਝ ਕੇ ਘਰ ਜਾ ਵੜਦੇ ਹੋ।

ਮਾਸਟਰ : ਮੈਂ – ਮੈਂ …

ਪਿਤਾ : (ਟੋਕਦਿਆਂ) ਮੈਂ ਉਪਰ ਸ਼ਿਕੈਤ ਕਰਾਂਗਾ…ਤੂੰ ਦੇਖਦਾ ਚਲ..ਤੈਨੂੰ ਵੀ ਨੱਕ ਰਾਹੀਂ ਚਣੇ ਨਾ ਚਬਾਏ ਤਾਂ ਕਹੀਂ।

ਮਾਸਟਰ : (ਵਿਚੋਂ) ਜੀ ਮਾਫ਼ ਕਰ ਦਿਉ …ਸੌਰੀ, ਮੈਂ ਗ਼ਲਤੀ ਕੀਤੀ ਹੈ…ਅਜ ਗ਼ੁੱਸੇ ਵਿਚ ਸੀ ਤਾਂ ਗ਼ਲਤੀ ਹੋ ਗਈ ।

(ਬੱਚੇ ਹਸਦੇ ਹਨ।)

ਪਿਤਾ : ਬਸ ਇਹੋ ਗੱਲ ਆਉਂਦੀ ਹੈ..ਸੌਰੀ…ਪਹਿਲਾਂ ਕਸੂਰ ਕਰ ਲਉ, ਬਾਅਦ ਵਿਚ 'ਸੌਰੀ' ਆਖ ਕੇ ਕੰਮ ਬਣਾ ਲਉ…

ਮਾਸਟਰ : ਬਸ ਜੀ, ਮੈਂ ਵਿਸ਼ਵਾਸ ਦਿਲਾਂਦਾਂ, ਅਗੋਂ ਥੋੜੇ ਮੁੰਡੇ ਨੂੰ ਨਹੀਂ ਮਾਰਨ ਲਗਾ। (ਘੰਟੀ ਵਜ ਜਾਂਦੀ ਹੈ।)

ਪਿਤਾ : ਮੇਰੇ ਮੁੰਡੇ ਨੂੰ ਤਾਂ ਨਹੀਂ ਮਾਰੇਂਗਾ, ਪਰ…

(ਬੱਚਿਆਂ ਦੇ ਸ਼ੋਰ ਪੈ ਜਾਣ ਕਰਕੇ ਸਭਨਾਂ ਦੀਆਂ ਆਵਾਜ਼ਾਂ ਰਲ-ਮਿਲ ਜਾਂਦੀਆਂ ਹਨ ਅਤੇ ਪਾਤਰ ਮੂਕ ਹੋ ਜਾਂਦੇ ਹਨ।)

(ਸੰਗੀਤਕ ਧੁਨਾਂ ਦੇ ਨਾਲ ਹੀ ਰੌਸ਼ਨੀ ਸਿਮਟਣ ਲਗ ਪੈਂਦੀ ਹੈ ।)

# ਮੇਰੀ ਬੱਚੀ

ਸੁਮਨ ਲਤਾ

---

## ਪਾਤਰ

ਰੱਜੀ : ਇੱਕ ਬੱਚੀ
ਮੀਨਾ : ਰੱਜੀ ਦੀ ਮਾਂ
ਗੌਰੀ : ਰੱਜੀ ਦੀ ਭੂਆ
ਨੰਦੋ : ਰੱਜੀ ਦੀ ਚਾਚੀ
ਸੰਤੀ : ਰੱਜੀ ਦੀ ਦਾਦੀ

(ਪਰਦਾ ਉੱਠਣ 'ਤੇ ਸੋਗੀ ਧੁੰਨ ਉਭਰਦੀ ਹੈ। ਬੱਚੀ ਮੰਜੇ 'ਤੇ ਪਈ ਹੈ, ਮੀਨਾ ਉਸ ਕੋਲ ਬੈਠੀ ਹੈ। ਮੀਨਾ ਬੱਚੀ ਦੇ ਮੂੰਹ ਵੱਲ ਇੱਕ ਟੱਕ ਵੇਖ ਰਹੀ ਹੈ।)

ਮੀਨਾ : ਮੇਰੀ ਬੱਚੀ
ਤੂੰ ਅਜੇ ਸੌਣਾ ਨਹੀਂ
ਸੌਣਾ ਨਈਂ ਤੇ ਮਾਯੂਸ ਹੋਣਾ ਨਈਂ
ਮੈਂ ਤੈਨੂੰ ਇੱਕ ਕਹਾਣੀ ਸੁਣਾਉਂਦੀ ਐ
ਬਹੁਤ ਵਧੀਆ ਤੇ ਬਹੁਤ ਸੋਹਣੀ ਕਹਾਣੀ
ਆਪਣੀ ਆਪ ਹੰਢਾਈ ਸੱਚੀ ਕਹਾਣੀ

(ਸੋਗੀ ਧੁੰਨ ਉੱਚੀ ਉਠਦੀ ਹੈ । ਮਾਹੌਲ ਉਸੇ ਤਰ੍ਹਾਂ ਗ਼ਮਗੀਨ ਹੈ। ਗੌਰੀ, ਨੰਦੋ, ਸੰਤੀ ਮੰਚ ਦੇ ਸੱਜੇ ਪਾਸੇ ਇਕੱਠੀਆਂ ਹੋ ਕੇ ਮੂਕ ਅਭਿਨੈ ਵਿੱਚ ਗੱਲਾਂ ਕਰਦੀਆਂ ਹਨ। ਧੁੰਨ ਫੇਰ ਹਲਕੀ ਹੁੰਦੀ ਹੈ।)

ਮੀਨਾ : ਮੇਰੀ ਬੱਚੀ
ਬਸ ਤੇਰੇ ਆਉਣ ਦੀ ਹੀ ਦੇਰ ਸੀ
ਸਾਰੇ ਘਰ ਵਿੱਚ ਮਾਤਮ ਛਾ ਗਿਆ
ਬੂਹੇ ਬਾਰੀਆਂ ਬੰਦ ਹੁੰਦੀਆਂ ਜਾਪਣ ਲੱਗੀਆਂ



ਸਾਰੀਆਂ ਕੰਧਾਂ ਧਾਹਾਂ ਮਾਰਦੀਆਂ ਜਾਪਣ ਲੱਗੀਆਂ
ਜਿਵੇਂ ਕੋਈ ਚੰਦਰੀ ਅਣਹੋਣੀ ਵਾਪਰ ਗਈ ਹੋਵੇ
ਬਰੂਹਾਂ ਤੇ ਅਕਾਸ਼ੀ ਬਿਜਲੀ ਡਿੱਗ ਪਈ ਹੋਵੇ

(ਗੌਰੀ, ਨੰਦੋ ਅਤੇ ਸੰਤੀ ਦੇ ਚਿਹਰਿਆਂ ਤੇ ਨਫ਼ਰਤ ਦੀ ਅੱਗ ਝਲਕਦੀ ਹੈ।)

ਸਾਰਿਆਂ ਦੇ ਬੁਲ੍ਹ ਸੀਤੇ ਗਏ
ਸਭ ਚਿਹਰੇ ਮੁਰਝਾਏ ਗਏ
ਕੋਈ ਵੀ ਖੁੱਲ੍ਹ ਕੇ ਨਾ ਬੋਲਿਆ
ਕੋਈ ਵੀ ਖੁਸ਼ੀ 'ਚ ਨਾ ਉਛਲਿਆ
ਸਗੋਂ ਚੰਦਰੀਆਂ ਤੇ ਖ਼ਰਵੀਆਂ ਆਵਾਜ਼ਾਂ ਆਈਆਂ
ਮੇਰੀ ਬੱਚੀ.....

ਗੌਰੀ : ਨੀ! ਤੈਨੂੰ ਕੋਈ ਹੋਰ ਘਰ ਨਾ ਲੱਭਾ ?
ਨੰਦੋ : ਨੀ! ਤੇਰੇ ਖੁਣੋਂ ਕੀ ਥੁੜਿਆ ਪਿਆ ਸੀ ?
ਸੰਤੀ : ਨੀਂ ! ਤੂੰ ਸਾਡੇ ਈ ਮੱਥੇ ਲੱਗਣਾ ਸੀ ?
ਤਿੰਨੋ : ਕਿਸੇ ਹੋਰ ਘਰੇ ਚਲੀ ਜਾਂਦੀ।
ਗੌਰੀ : ਤੂੰ, ਜੋ ਸਾਡੇ ਆਉਣਾ ਸੀ, ਪੁੱਤ ਬਣ ਕੇ ਆ ਜਾਂਦੀ
ਨੰਦੋ : ਤੂੰ, ਸਾਡੀਆਂ ਆਸਾਂ ਤੇ ਪਾਣੀ ਫੇਰ ਦਿੱਤਾ
ਗੌਰੀ : ਸਾਡੇ ਸਾਰੇ ਚਾਅ ਧਰੇ ਧਰਾਏ ਰਹਿ ਗਏ
ਸੰਤੀ : ਛੱਲਾਂ ਮਾਰਦੇ ਦਰਿਆਵਾਂ 'ਚ ਵਹਿ ਗਏ
ਮੀਨਾ : ਹਾਂ, ਹਾਂ ਮੇਰੀ ਬੱਚੀ....
ਇਨ੍ਹਾਂ ਬੋਲਾਂ ਨੇ ਮੇਰਾ ਕਲੇਜਾ ਛਲਣੀ ਕਰ ਦਿੱਤਾ
ਮੇਰੇ ਸਬਰ ਦਾ ਪਿਆਲਾ ਐਨ ਨੱਕੋ ਨੱਕ ਭਰ ਦਿੱਤਾ

(ਗੌਰੀ, ਨੰਦੋ, ਸੰਤੀ ਤਿੰਨੋ ਸੋਗੀ ਅਵਸਥਾ ਵਿੱਚ ਚੁੱਪ-ਚੁੱਪ ਰੋਣ ਦਾ ਅਭਿਨੈ ਕਰਦੀਆਂ ਹਨ।)

ਤੈਨੂੰ ਕੀ ਦਸਾਂ
ਤੂੰ ਅਜੇ ਬੱਚੀ ਐਂ
ਇਸ ਸਮਾਜ ਤੋਂ ਬਿਲਕੁਲ
ਬੇਖ਼ਬਰ, ਬੇ-ਸੁੱਧ ਤੇ ਬੇ-ਸਮਝ
ਮੇਰੀ ਮਾਸੂਮ ਤੇ ਅਣਭੋਲ ਜਿਹੀ ਬੱਚੀ
ਪਰ!

| | | |
|---|---|---|
| | | ਤੂੰ ਕੋਈ ਫ਼ਿਕਰ ਨਾ ਕਰੀਂ |
| | | (ਗੌਰੀ, ਨੰਦੀ, ਸੰਤੀ ਤਿੰਨੋਂ ਇਕ ਦਮ ਉਠਦੀਆਂ ਹੋਈਆਂ ਬੋਲਦੀਆਂ ਹਨ। ਪਹਿਲਾਂ ਤਿੰਨੇ ਇਕੱਠੀਆਂ। ਫੇਰ ਵਾਰੀ ਵਾਰੀ ਬੱਚੀ ਨੂੰ ਪਿਆਰ ਦਿੰਦੀਆਂ ਆਪਣਾ-ਆਪਣਾ ਡਾਇਲਾਗ ਬੋਲਦੀਆਂ ਹਨ।) |
| ਤਿੰਨੇ | : | ਹਾਂ ! ਤੂੰ ਕੋਈ ਫ਼ਿਕਰ ਨਾ ਕਰੀਂ |
| ਗੌਰੀ | : | ਤੂੰ ਕੋਈ ਗ਼ਮ ਦਿਲ ਵਿੱਚ ਨਾ ਧਰੀਂ |
| ਨੰਦੋ | : | ਤੂੰ ਚੰਦਰੇ ਬੋਲਾਂ ਤੋਂ ਨਾ ਡਰੀਂ |
| ਸੰਤੀ | : | ਤੂੰ ਆਪਣਾ ਜੇਰਾ ਤਕੜਾ ਕਰੀਂ |
| | | (ਮੀਨਾ ਖੁਸ਼ ਹੁੰਦੀ ਹੈ ਆਪਣੀ ਬੱਚੀ ਨੂੰ ਆਪਣੀਆਂ ਬਾਹਾਂ ਵਿੱਚ ਘੁੱਟ ਲੈਂਦੀ ਐ।) |
| ਮੀਨਾ | : | ਹਾਂ, ਮੇਰੀ ਬੱਚੀ.... ਤੈਨੂੰ ਮੈਂ ਦੱਸਾਂਗੀ |
| ਗੌਰੀ | : | ਕੁੜੀਆਂ ਦੇ ਆਉਣ ਤੇ ਗ਼ਮੀ ਕਿਉਂ ਹੁੰਦੀ ਐ ? |
| ਨੰਦੋ | : | ਕੁੜੀਆਂ ਦੇ ਆਉਣ ਤੇ ਉਨ੍ਹਾਂ ਨਾਲ ਨਫ਼ਰਤ ਕਿਉਂ ਹੁੰਦੀ ਐ ? |
| ਸੰਤੀ | : | ਕੁੜੀਆਂ ਦੇ ਆਉਣ ਤੇ ਉਨ੍ਹਾਂ ਦਾ ਨਿਰਾਦਰ ਕਿਉਂ ਹੁੰਦਾ ਐ ? |
| | | (ਸੱਤ ਅੱਠ ਸਾਲ ਦੀ ਬੱਚੀ ਮੰਜੇ ਉਤੋਂ ਉੱਠਣ ਲੱਗਦੀ ਹੈ। ਮਾਂ ਨੂੰ ਕੁਝ ਕਹਿਣ ਲੱਗਦੀ ਹੈ। ਗੌਰੀ, ਨੰਦੋ, ਸੰਤੀ ਆਪਣੇ ਘਰੇਲੂ ਕੰਮ ਵਿੱਚ ਰੁੱਝ ਜਾਂਦੀਆਂ ਹਨ।) |
| ਮੀਨਾ | : | ਹਾਂ<br>ਮੇਰੀ ਬੱਚੀ !<br>ਮੈਂ ਤੈਨੂੰ ਦਸਾਂਗੀ<br>ਕੁੜੀਆਂ ਦੇ ਆਉਣ ਤੇ ਐਨਾ ਨਿਰਾਦਰ ਕਿਉਂ ਹੁੰਦਾ ਐ ?<br>ਮੇਰੀ ਬੱਚੀ<br>ਅਕਸਰ ਇਹ ਕਿਹਾ ਜਾਂਦੈ ਕਿ<br>ਕੁੜੀਆਂ ਘਾਹ ਦੀਆਂ ਤਿੜਾਂ ਵਾਂਗ ਜੰਮ ਪੈਂਦੀਆਂ ਹਨ<br>ਸਿਰ ਉਤੇ ਬਹੁਤ ਵੱਡਾ ਬੋਝ ਬਣ ਕੇ ਆ ਜਾਂਦੀਆਂ ਹਨ |



| | | |
|---|---|---|
| ਬੱਚੀ | : | ਬੋਝ ? |
| | | (ਸਾਰੀਆਂ ਇੱਕ ਦਮ ਕੰਮ ਛੱਡ ਕੇ ਇਕੱਠੀਆਂ ਹੋ ਜਾਂਦੀਆਂ ਹਨ।) |
| ਸਾਰੀਆਂ | : | ਹਾਂ ਬੋਝ |
| ਮੀਨਾ | : | ਇਹ ਬੋਝ ਬੱਚੀ ਦੇ ਪੈਦਾ ਹੁੰਦਿਆਂ ਹੀ ਨਾਗ ਵਾਂਗ ਸਿਰ ਚੁੱਕ ਲੈਂਦਾ ਐ ਇਸ ਬੋਝ ਨਾਲ ਬੱਚੀ ਦੇ ਪੈਦਾ ਹੁੰਦਿਆਂ ਹੀ ਸਮਾਜ ਮੂੰਹ 'ਚ ਉਂਗਲਾ ਪਾ ਟੁੱਕ ਲੈਂਦਾ ਐ। |
| ਗੌਰੀ | : | ਪੱਥਰਾ !<br>ਇਥੇ ਤੇਰੀ ਕੀ ਲੋੜ ਸੀ ?<br>ਇਥੇ ਤਾਂ ਕਈ ਤੇਰੇ ਵਰਗੀਆਂ<br>ਬੋਤਲ ਵਿੱਚ ਪਏ ਗੰਗਾ ਜਲ ਵਾਂਗ<br>ਕੰਦ ਕੱਟਣ ਲਈ ਮਜ਼ਬੂਰ ਐ<br>ਇਥੋਂ ਤਾਂ ਆਜ਼ਾਦ ਪੰਛੀ ਚਾਹੀਦਾ ਸੀ<br>ਆਜ਼ਾਦ ਪੰਛੀ |
| ਨੰਦੋ | : | ਪੱਥਰਾ !<br>ਹੁਣ ਜੇ ਤੂੰ ਸਾਡੇ ਵਿਹੜੇ<br>ਆਪਣੇ ਆਪ ਆ ਈ ਡਿੱਗਿਆ<br>ਸਾਡੀ ਆਨ ਆਬਰੂ ਕਾਇਮ ਰੱਖੀਂ<br>ਉਂਝ ਤੇਰੀ ਇਥੇ ਲੋੜ ਨਈਂ ਸੀ<br>ਬਸ ਇਥੇ ਤਾਂ ਇੱਕ ਲਾਲ ਦੀ ਥੋੜ ਸੀ<br>ਇੱਕ ਸੋਹਣੇ ਜਿਹੇ ਲਾਲ ਦੀ<br>ਲਾਲ...... ਲਾਲ......ਗੁਲਾਲ ਦੀ...... |
| ਸੰਤੀ | : | ਪੱਥਰਾ !<br>ਪੀੜੀ ਛੱਡ ਦੇ<br>ਗਜ ਕੱਪੜਾ ਲੈ ਕੇ<br>ਮੂੰਹ ਢੱਕ ਕੇ ਆਪਣਾ<br>ਸਾਡਾ ਪਿੱਛਾ ਛੱਡ<br>ਔਹ ਟੋਆ ਉਡੀਕਦਾ ਪਿਆ ਤੈਨੂੰ<br>ਸਾਨੂੰ ਤਾਂ ਆਪਣਾ ਸਰਵੰਸ਼<br>ਚਲਾਉਣ ਵਾਲਾ ਚਾਹੀਦਾ ਸੀ<br>ਸਾਊ ਤੇ ਸਿਆਣਾ ਪੁੱਤ |

ਹਾਂ ਇੱਕ ਪੁੱਤ.....
(ਤਿੰਨੋਂ ਫੇਰ ਆਪਣੇ-ਆਪਣੇ ਕੰਮ ਵਿੱਚ ਰੁੱਝ ਜਾਂਦੀਆਂ ਹਨ।)

ਮੀਨਾ : ਤੇ ਜਦੋਂ ਉਹ.....
ਥੋੜੀਆਂ ਵੱਡੀਆਂ ਹੋ ਜਾਂਦੀਆਂ ਹਨ
ਡਰ, ਭੈਅ, ਖੌਫ ਦਾ ਹਊਆ ਸਿਰ ਤੇ ਮੰਡਰਾਉਣ
ਲੱਗਦਾ ਐ
(ਗੌਰੀ, ਨੰਦੋ ਅਤੇ ਸੰਤੀ ਤਿੰਨੋ ਵਾਰੀ ਵਾਰੀ ਮੀਨਾ ਨੂੰ ਹਦਾਇਤ ਕਰਦੀਆਂ ਹਨ।)

ਗੌਰੀ : ਮਰ ਜਾਣੀ।
ਐਨਾ ਵੱਡੀ ਹੋ ਗਈ ਐ
ਇਹਨੂੰ ਬਹੁਤਾ ਹੱਸਣ ਨਾ ਦਿਆ ਕਰ
ਇਸ ਦੁਨੀਆਂ ਤੋਂ ਡਰ ਆਉਂਦਾ ਐ

ਨੰਦੋ : ਡੁੱਬ ਜਾਣੀ।
ਐਨਾ ਵੱਡੀ ਹੋ ਗਈ ਐ
ਇਹ ਬੂਹੇ ਤੇ ਖੜ੍ਹੀ ਨਾ ਹੋਣ ਦਿਆ ਕਰ
ਇਸ ਦੁਨੀਆਂ ਤੋਂ ਭੈਅ ਆਉਂਦਾ ਐ

ਸੰਤੀ : ਖਸਮਾ ਖਾਣੀ!
ਐਨੀ ਵੱਡੀ ਹੋ ਗਈ ਐ
ਇਹਨੂੰ ਬਾਹਰ ਨਾ ਜਾਣ ਦਿਆ ਕਰ
ਇਸ ਦੁਨੀਆਂ ਤੋਂ ਖੌਫ ਆਉਂਦਾ ਐ
(ਮੀਨਾ ਚੁਪ-ਚਾਪ ਉਨ੍ਹਾਂ ਦੀਆਂ ਗੱਲਾਂ ਸੁਣੀ ਜਾਂਦੀ ਐ। ਬੱਚੀ ਦਾ ਸਿਰ ਵਾਹੀ ਜਾ ਰਹੀ ਹੈ।)

ਗੌਰੀ : ਜੇ ਇਹਨੂੰ ਬਹੁਤਾ ਹੱਸਣ ਦਿੱਤਾ
ਸਾਥੋਂ ਬੁਰਾ ਕੋਈ ਨਈਂ

ਨੰਦੋ : ਜੇ ਇਹਨੂੰ ਬੂਹੇ ਉਤੇ ਖੜਨ ਦਿੱਤਾ
ਸਾਥੋਂ ਬੁਰਾ ਕੋਈ ਨਈਂ

ਸੰਤੀ : ਜੇ ਇਹਨੂੰ ਬਾਹਰ ਜਾਣ ਦਿੱਤਾ
ਸਾਥੋਂ ਬੁਰਾ ਕੋਈ ਨਈਂ

ਤਿੰਨੋਂ : ਇਸ ਦੁਨੀਆਂ ਦੇ ਡਰ ਭੈਅ ਖ਼ੌਫ਼ ਤੋਂ
ਸਦਾ ਬਚਣਾ ਚਾਹੀਦਾ ਐ



(ਮੀਨਾ ਕੋਲੋਂ ਬੱਚੀ ਆਪਣੇ ਵਾਲਾਂ ਨੂੰ ਛੁਡਾਉਂਦੀ ਹੋਈ ਗੁੱਸੇ ਵਿੱਚ ਬੋਲਦੀ ਹੈ।)

ਬੱਚੀ : ਇਸ ਦੁਨੀਆਂ ਤੋਂ
ਇਨ੍ਹਾਂ ਨੂੰ ਡਰ ਭੈਅ ਖ਼ੌਫ਼
ਕਿਉਂ ਆਉਂਦਾ ਐ ਮੰਮੀ?

ਸਾਰੇ : ਕਿਉਂਕਿ ਤੂੰ ਕੁੜੀ ਐਂ

ਬੱਚੀ : ਜੇ ਮੈਂ ਕੁੜੀ ਆਂ
ਤਾਂ ਤੁਹਾਨੂੰ ਡਰ ਭੈਅ ਖ਼ੌਫ਼
ਮੇਰੇ ਕੋਲ ਆਉਣਾ ਚਾਹੀਦੈ
ਦੁਨੀਆਂ ਕੋਲੋਂ ਕਿਉਂ ਆਉਂਦੈ?

ਮੀਨਾ : ਮੇਰੀ ਬੱਚੀ
ਤੂੰ ਨਈਂ ਜਾਣਦੀ
ਇਸ ਦੁਨੀਆਂ ਵਿੱਚ
ਬਦਮਾਸ਼ ਸ਼ਾਤਰ ਸ਼ੈਤਾਨ ਤੇ ਉਹ.....
ਤੇ ਉਹ......
ਕੁੜੀਆਂ ਨੂੰ ਜਵਾਨ ਹੁੰਦਿਆਂ ਦੇਖ
ਰਾਖਸ਼ ਦਾ ਰੂਪ ਧਾਰ ਲੈਂਦੇ ਹਨ
ਤੇ ਫੇਰ.....
(ਮੀਨਾ ਦੇ ਬੋਲ ਗਲ਼ੇ ਵਿੱਚ ਅਟਕ ਜਾਂਦੇ ਹਨ ਬੱਚੀ ਸਹਿਮੀ ਹੋਈ ਕਦੇ ਮੀਨਾ ਵੱਲ ਕਦੇ ਬਾਕੀਆਂ ਵੱਲ ਤੱਕਦੀ ਹੈ। ਗੌਰੀ, ਨੰਦੋ, ਸੰਤੀ ਤਿੰਨੋਂ ਮੀਨਾ ਨੂੰ ਡਾਂਟਦੀਆਂ ਹਨ।)

ਗੌਰੀ : ਅਸੀਂ ਨਈਂ ਚਾਹੁੰਦੇ
ਕੁੜੀਆ ਕਰ ਕੇ ਸਾਡੀ ਬਦਨਾਮ ਹੋਵੇ
ਇਸ ਲਈ ਤੂੰ......

ਨੰਦੋ : ਅਸੀਂ ਨਈਂ ਚਾਹੁੰਦੇ
ਕੁੜੀ ਕਰਕੇ ਸਾਨੂੰ ਸਿਰ ਨੀਵਾਂ ਕਰ ਕੇ ਤੁਰਨਾ ਪਵੇ
ਇਸ ਲਈ ਤੂੰ.......

ਸੰਤੀ : ਅਸੀਂ ਨਈਂ ਚਾਹੁੰਦੇ
ਕੁੜੀ ਕਰਕੇ ਧਰਤੀ ਵਿੱਚ ਗਰਕ ਹੋਣਾ ਪਵੇ
ਇਸ ਲਈ ਤੂੰ.......

ਬੱਚੀ : ਇੰਝ ਕਿਵੇਂ ਹੋ ਸਕਦੈ ?
ਤੁਸੀਂ ਕਿਹੋ ਜਿਹੀਆਂ ਗੱਲਾਂ ਕਰਦੇ ਓ ?
ਤੁਸੀਂ ਮੇਰੇ ਨਾਲ ਕਿਹੋ ਜਿਹਾ ਰਿਸ਼ਤਾ ਰੱਖਦੇ ਓ ?
ਇੰਝ ਨਹੀਂ ਹੋ ਸਕਦੈ......ਨਈਂ ਹੋ ਸਕਦੈ..... ਨਈਂ ਹੋ ਸਕਦੈ

ਤਿੰਨੇ : ਇੰਝ ਹੋ ਸਕਦਾ ਐ

ਬੱਚੀ : ਕੀ ?

(ਮੀਨਾ ਬੱਚੀ ਨੂੰ ਫੜ ਕੇ ਆਪਣੇ ਵੱਲ ਖਿੱਚਦੀ ਹੋਈ।)

ਮੀਨਾ : ਹਾਂ
ਮੇਰੀ ਬੱਚੀ
ਜਦੋਂ ਕੁੜੀਆਂ ਕੱਦ ਕੱਢ ਜਾਂਦੀਆਂ ਹਨ
ਝੂਠੀਆਂ ਅਫਵਾਹਾਂ ਦੇ ਢੇਰ ਲੱਗ ਜਾਂਦੇ ਹਨ
ਇਹ ਅਫਵਾਹਾਂ ਆਸਮਾਨ ਨਾਲ ਲੱਗਣ ਲੱਗ ਜਾਂਦੀਆਂ ਹਨ

ਗੌਰੀ : ਅਸੀਂ ਇਸ ਸਭ ਕੁਝ
ਸੁਣ ਨਹੀਂ ਸਕਦੈ

ਨੰਦੋ : ਅਸੀਂ ਇਹ ਕੁਝ
ਸਹਿਨ ਨਈਂ ਕਰ ਸਕਦੇ

ਸੰਤੀ : ਅਸੀਂ ਇਹ ਕੁਝ
ਬਰਦਾਸ਼ਤ ਨਹੀਂ ਕਰ ਸਕਦੇ

ਬੱਚੀ : ਫੇਰ ਤੁਸੀਂ ਕੀ ਕਰ ਸਕਦੇ ਓ ?

ਤਿੰਨੋਂ : ਤੂੰ ਘਰ ਦੇ ਕੰਮ ਵਿੱਚ ਰੁਚੀ ਰੱਖਿਆ ਕਰ

ਗੌਰੀ : ਰੋਜ਼ ਸਫ਼ਾਈ ਕਰਿਆ ਕਰ

ਨੰਦੋ : ਰੋਜ਼ ਭਾਂਡੇ ਮਾਂਜਿਆ ਕਰ

ਸੰਤੀ : ਰੋਜ਼ ਕੱਪੜੇ ਧੋਇਆ ਕਰਕ

ਗੌਰੀ : ਗੋਹਾ ਕੂੜਾ ਕਰਿਆ ਕਰ

ਸੰਤੀ : ਰੋਟੀਆਂ ਪਕਾਉਣਾ ਸਿੱਖਿਆ ਕਰ

ਬੱਚੀ : ਬਸ !
ਇਹੋ ਕੰਮ ਹਰ ਰੋਜ਼ ?
ਕੋਈ ਨਾ ਕੋਈ.....



ਇਲਮ, ਹੁਨਰ, ਗਿਆਨ ਦੀ ਗੱਲ ?

ਗੌਰੀ : ਨਈਂ ! ਬਿਲਕੁਲ ਨਈਂ.....
ਸਮਾਂ ਬਹੁਤ ਨਾਜ਼ੁਕ ਐ
ਇਸ ਲਈ ਤੂੰ.....

ਨੰਦੋ : ਨਈਂ !
ਸਮਾਂ ਬਹੁਤ ਖਰਾਬ ਐ
ਇਸ ਲਈ ਤੂੰ.....

ਸੰਤੀ : ਨਈਂ।
ਸਮਾਂ ਬਹੁਤ ਭਿਆਨਕ ਐ
ਇਸ ਲਈ ਤੂੰ.......

ਬੱਚੀ : ਕੀ ਇਸ ਲਈ ਤੂੰ ?

ਤਿੰਨੇ : ਜੋ ਕੁਝ ਕਰਨਾ ਘਰ ਬੈਠ ਕੇ ਕਰਿਆ ਕਰ

ਬੱਚੀ : ਕਿਉਂ ?
ਇਹ ਬੇ-ਇਨਸਾਫ਼ੀ ਐ

ਮੀਨਾ : ਹਾਂ !
ਮੇਰੀ ਬੱਚੀ
ਵਿਚਾਰੀ ਕੁੜੀਆਂ ਨਾਲ
ਬਹੁਤ ਪਰਿਵਾਰਾਂ 'ਚ ਇੰਝੋ ਹੀ ਹੁੰਦਾ ਐ

ਬੱਚੀ : ਕੁੜੀਆਂ ਨਾਲ ਇੰਝ ਕਿਉਂ ਹੁੰਦਾ ਐ ?

ਗੌਰੀ : ਚੁੱਪ ! ਉਚੀ ਨਈਂ ਬੋਲਣਾ, ਗੁਆਂਢੀ ਸੁਣ ਲੈਣਗੇ

ਨੰਦੋ : ਗੁਆਂਢੀ ਸੁਣ ਲੈਣਗੇ

ਸੰਤੀ : ਐਵੇਂ ਗੱਲਾਂ ਬਣਾਉਣਗੇ ਸਾਨੂੰ ਨੀਵਾਂ ਦਿਖਾਉਣਗੇ

ਬੱਚੀ : ਫੇਰ ਤੁਸੀਂ ਕੀ ਕਰ ਸਕਦੇ ਓ ?

ਤਿੰਨੇ : ਇਹੋ ਕੀ ਤੂੰ ਅਜੇ..... ਘਰ ਦੀ ਸਰਦਲ ਤੋਂ ਬਾਹਰ ਨਈਂ ਜਾ ਸਕਦੀ।

ਬੱਚੀ : ਕਿਉਂ ?

ਗੌਰੀ : ਬਸ ਉਸੇ ਦਿਨ ਤੂੰ.....
ਘਰ ਦੀ ਸਰਦਲ ਤੋਂ ਬਾਹਰ ਜਾ ਸਕਦੀ ਐ/ਜਿਸ ਦਿਨ ਤੈਨੂੰ ਤੇਰ ਦੁਲ੍ਹਾ ਰਾਜਾ ਲੈਣ ਆਏਗਾ/ਤੂੰ ਦੁਲਹਨ ਬਣਕੇ ਸੌਹਰੇ ਘਰ ਜਾਏਂਗੀ।

ਨੰਦੋ : ਅਸੀਂ ਤੇਰਾ ਹਾਰ ਸ਼ਿੰਗਾਰ ਕਰ ਕੇ
ਸੋਹਣੀ ਸੋਹਣੀ ਸਜਾ ਬਣਾ ਕੇ
ਤੇਰੀ ਚੁੰਨੀ ਦਾ ਲੜ ਸਾਰਿਆਂ ਸਾਹਮਣੇ
ਤੇਰੇ ਦੁੱਲ੍ਹਾ ਰਾਜਾ ਹੱਥ ਫੜਾਵਾਂਗੇ
ਤੇ ਤੂੰ ਆਪਣੇ ਸੌਹਰੇ ਘਰ ਜਾਏਂਗੀ

ਸੰਤੀ : ਅਸੀਂ ਆਪਣੀ ਅੱਖਾਂ ਨਾਲ
ਤੇਰੀ ਡੋਲੀ ਬੂਹਿਓਂ ਉੱਠਦੀ ਦੇਖਾਂਗੇ
ਤੇ ਤੂੰ........ ਤੂੰ ਆਪਣਾ ਨਵਾਂ ਘਰ ਵਸਾਵੇਂਗੀ

ਬੱਚੀ : ਨਈਂ......ਨਈਂ...... ਨ.....ਈਂ......
(ਬੱਚੀ ਰੌਂਦੀ ਹੈ। ਥੋੜ੍ਹੇ ਵਖਰੇਵੇਂ ਨਾਲ ਮੀਨਾ ਨੂੰ ਸੰਬੋਧਿਤ ਹੁੰਦੀ ਹੈ।)
ਮੰਮੀ ?
ਤੂੰ ਚੁੱਪ ਕਿਉਂ ਐ.... ?
ਤੂੰ ਬੋਲਦੀ ਕਿਉਂ ਨਈਂ..... ?
ਤੇਰੇ ਸੀਨੇ ਹੌਲ ਕਿਉਂ ਨਈਂ ਉਠਦਾ ?
ਤੇਰਾ ਸੀਨਾ, ਮੱਚ ਕਿਉਂ ਨਹੀਂ ਉਠਦਾ ?
ਬੱਚੀ ਤੇਰੀ ਤਾਂ....
ਅਣਡਿੱਠੀ ਅੱਗ ਵਿੱਚ ਸੜ ਰਹੀ ਐ
ਰਿਸ਼ਤਿਆਂ ਦੇ ਚੱਕਰਾਂ ਵਿੱਚ ਮੱਚ ਰਹੀ ਐ
ਦੀਵੇ ਤੇ ਉਡਦੇ ਹੋਏ ਇੱਕ ਪਤੰਗੇ ਵਾਂਗ
(ਬੱਚੀ ਰੌਂਦੀ ਹੈ। ਮੀਨਾ ਨੂੰ ਫੜ ਕੇ ਝੰਜੋੜਦੀ ਹੈ। ਉੱਚੀ-ਉੱਚੀ ਬੋਲਦੀ ਹੈ।)
ਮੰਮੀ..... ?
ਚੁੱਪ ਕਰ ਗਈ ਤੂੰ.... ?
ਬੁੱਤ ਬਣ ਗਈ ਤੂੰ.... ?
(ਮੀਨਾ ਚੁੱਪ ਹੈ)
ਚਲੋ.... ਨਾ ਸਹੀ
ਮੈਂ ਜ਼ਹਿਰ ਦੇ ਘੁੱਟ ਪੀ ਲਵਾਂਗੀ
ਹਾਂ ਮੈਂ ਆਪੇ ਜੀਅ ਲਵਾਂਗੀ
ਇੱਕ ਲਾਚਾਰ ਤੇ ਬੇਵੱਸ ਕੁੜੀ ਵਾਂਗ



(ਰੋਂਦੀ ਰੋਂਦੀ ਥੱਲੇ ਡਿੱਗ ਪੈਂਦੀ ਹੈ।)

ਗੌਰੀ : ਚਲ ਉਠ ਕੇ ਬੈਠ ਤੂੰ ਤਾਂ ਸਾਡੀ ਚੰਗੀ ਕੁੜੀ ਐਂ

ਨੰਦੋ : ਚਲ ਉਠ ਮੂੰਹ ਹੱਥ ਧੋਅ।
ਤੂੰ ਤਾਂ ਸਾਡੀ ਸਿਆਣੀ ਕੁੜੀ ਐਂ।

ਸੰਤੀ : ਦੇਖ ਰੋਈ ਦਾ ਨਈਂ
ਤੂੰ ਤਾਂ ਸਾਡੀ ਸੂਝਵਾਨ ਕੁੜੀ ਐਂ

ਬੱਚੀ : ਨਈਂ
ਮੈਂ ਚੰਗੀ ਵੀ ਨਈਂ
ਮੈਂ ਸਿਆਣੀ ਵੀ ਨਈਂ
ਮੈਂ ਸੂਝਵਾਨ ਵੀ ਨਈਂ
(ਮੀਨਾ ਬੱਚੀ ਨੂੰ ਪਾਣੀ ਦਿੰਦੀ ਐ)

ਮੀਨਾ : ਮੇਰੀ ਬੱਚੀ
ਤੂੰ ਪਾਣੀ ਪੀ
ਠੰਡਾ ਕਰ ਅਪਣਾ ਜੀ

ਬੱਚੀ : ਮੇਰੀ ਮੰਮੀ
ਮੈਂ ਕੁਝ ਖਾਣਾ ਨਈਂ
ਮੈਂ ਕੁਝ ਪੀਣਾ ਨਈਂ
ਬਸ ਸੌਣਾਂ ਐਂ
ਸੌਣਾਂ ਐਂ...... ਸੌਣਾਂ ਐਂ......
(ਬੱਚੀ ਮੰਜੇ ਤੇ ਪੈ ਜਾਂਦੀ ਹੈ। ਉਤੇ ਚਾਦਰ ਲੈਂਦੀ ਹੈ। ਮੀਨਾ ਚਾਦਰ ਹਟਾਉਂਦੀ ਹੋਈ ਬੋਲਦੀ ਹੈ।)

ਮੀਨਾ : ਨਈਂ
ਸੁਣ ਮੇਰੀ ਬੱਚੀ
ਤੂੰ ਅਜੇ ਸੌਣਾ ਨਈਂ
ਨਰਾਜ ਹੋਣਾ ਨਈਂ
ਬਸ।
ਥੋੜ੍ਹੀ ਜਿਹੀ ਐ ਹੋਰ ਕਹਾਣੀ
ਬਹੁਤ ਵਧੀਆ ਤੋਂ ਬਹੁਤ ਸੋਹਣੀ ਕਹਾਣੀ
(ਗੌਰੀ, ਨੰਦੋ, ਸੰਤੀ ਤਿੰਨੋਂ ਮੀਨਾ ਵੱਲ ਗਹਿਰੀ) ਨਜ਼ਰ ਨਾਲ ਦੇਖਦੀਆਂ ਹੋਈਆਂ ਫੇਰ ਆਪਣੇ ਕੰਮ ਲੱਗੀਆਂ ਜਾਂਦੀਆਂ

ਹਨ।)
ਹਾਂ।
ਮੇਰੀ ਬੱਚੀ
ਇਸ ਸਮਾਜ ਵਿੱਚ ਚੋਹੀਂ ਪਾਸੀਂ
ਸ਼ਾਤਰ ਸ਼ੈਤਾਨਾਂ ਦੀ ਦੁਨੀਆਂ ਐ
ਵਿਗੜੇ ਹੋਏ ਬੇਈਮਾਨਾਂ ਹੈਵਾਨਾਂ ਦੀ ਦੁਨੀਆਂ ਐ
ਇਹ ਦੁਨੀਆਂ ਸਾਨੂੰ ਔਰਤ ਮੰਨਦੀ ਐ
ਸਿਰਫ਼ ਸਿਰਫ਼ ਔਰਤ ਮੰਨਦੀ ਐ
(ਤਿੰਨੋਂ ਪਿਆਰ ਭਰੇ ਲਹਿਜੇ ਵਿੱਚ ਬੋਲਦੀਆਂ ਹਨ)

ਗੌਰੀ : ਕੋਈ ਇਨਸਾਨ ਨਈਂ
ਨੰਦੋ : ਕੋਈ ਜਾਨ ਨਈਂ
ਸੰਤੀ : ਕੋਈ ਆਨ ਨਈਂ
ਮੀਨਾ : ਇਹ ਦੁਨੀਆਂ ਸਾਨੂੰ ਕਈਆਂ ਨਾਵਾਂ ਨਾਲ ਨਿਵਾਜ਼ਦੀ ਐ ਵੱਖੋ-ਵੱਖਰੇ ਮੌਕੇ ਵੱਖੋ-ਵੱਖਰੇ ਰੰਗਾਂ ਨਾਲ ਸਾਜਦੀ ਐ
ਗੌਰੀ : ਕੁੜੀਆ, ਮੁਟਿਆਰ, ਦੇਵੀ, ਪਰਾਇਆ ਧੰਨ, ਪਰਾਈ ਅਮਾਨਤ
ਨੰਦੋ : ਔਰਤ, ਕੁਲੱਸ਼ਣੀ, ਬੇ-ਅਕਲ, ਵੇਸਵਾ, ਪੈਰ ਦੀ ਜੁੱਤੀ
ਸੰਤੀ : ਬੁੱਢੀ, ਅਭਾਗਣ, ਬਦਸੂਰਤ, ਬਦ ਦਿਮਾਗ, ਗੁੱਤ ਪਿੱਛੇ ਮੱਤ
ਮੀਨਾ : ਵਗ਼ੈਰਾ...... ਵਗ਼ੈਰਾ.... ਵਗ਼ੈਰਾ..... ਵਗ਼ੈਰਾ ਹਾਂ !
ਮੇਰੀ ਬੱਚੀ
(ਬੱਚੀ ਹੈਰਾਨ ਹੁੰਦੀ ਐ ਉਠ ਕੇ ਬੈਠ ਜਾਂਦੀ ਹੈ।)
ਮੀਨਾ : ਇਹ ਦੁਨੀਆਂ ਵਾਲੇ ਤੈਨੂੰ ਪਾਪ ਕਹਿਣਗੇ
ਇਹ ਦੁਨੀਆਂ ਵਾਲੇ ਤੈਨੂੰ ਸ਼ਰਾਪ ਕਹਿਣਗੇ
ਬੱਚੀ : ਕਿਉਂ ?
ਤਿੰਨੋ : ਹਾਂ ਬੱਚੀ ਕਿਉਂ ?
ਮੀਨਾ : ਕਹਿਣਗੇ ਤੂੰ ਸਿਰਫ਼ ਖਾਂਦੀ ਐ, ਕਮਾਉਂਦੀ ਨਈਂ
ਕਹਿਣਗੇ ਤੂੰ ਸਿਰਫ਼ ਵਿਗਾੜਦੀ ਐ, ਬਣਾਉਂਦੀ ਨਈਂ
ਬੱਚੀ : ਮੇਰੇ ਤੇ ਐਡਾ ਵੱਡਾ ਇਲਜ਼ਾਮ ?



ਸਾਰੇ : ਕਿਉਂ ਕਿ...... ਤੂੰ ਕੁੜੀ ਐਂ.....
ਮੀਨਾ : ਇਹ ਦੁਨੀਆਂ ਵਾਲੇ ਤੈਨੂੰ ਭੁੱਖੇ ਰੱਖਣਗੇ ਤਰਸਾਉਣਗੇ
ਇਹ ਦੁਨੀਆਂ ਵਾਲੇ ਤੇਰੇ ਤੇ ਜ਼ੁਲਮ ਢਾਉਣਗੇ ਰੋਜ਼ ਸਤਾਉਣਗੇ
ਬੱਚੀ : ਕਿਉਂ ?
ਤਿੰਨੋਂ : ਕਿਉਂ ਕਿ ਤੂੰ ਕੁੜੀ ਐਂ
ਮੀਨਾ : ਤੇਰੀ ਤਰੱਕੀ ਦੇ ਰਾਹ ਵਿੱਚ ਰੋੜਾ ਅਟਕਾਉਣਗੇ
ਤੇਰੇ ਉਤੇ ਫਜ਼ੂਲ ਦੀਆਂ ਰੋਕਾਂ ਬੰਦਸ਼ਾਂ ਲਾਉਣਗੇ।
ਬੱਚੀ : ਫੇਰ ?
ਮੀਨਾ : ਆਪਣੇ ਆਪ ਨੂੰ ਸਾਊ ਸਿਆਣੇ ਤੇ ਸੂਝਵਾਨ ਅਖਵਾਉਣਗੇ ਮੇਰੀ ਬੱਚੀ ਤੇਰੇ ਉਤੇ ਮਰਦਾਉਪੁਣੇ ਦਾ ਰੋਹਬ ਜਮਾਉਣਗੇ
ਬੱਚੀ : ਫੇਰ ?
ਮੀਨਾ : ਤੈਨੂੰ ਇਲਮ, ਹੁਨਰ, ਤਾਕਤ ਤੋਂ ਦੂਰ ਰੱਖਣਗੇ।
ਤੈਨੂੰ ਆਪਣੇ ਆਤਮਾ ਵਿਸ਼ਵਾਸ ਤੋਂ ਦੂਰ ਰੱਖਣਗੇ
ਦੂਰ....
ਬਹੁਤ ਦੂਰ......
ਬੱਚੀ : ਕਿਉਂ ?
ਮੀਨਾ : ਕਿਉਂ ਕਿ
ਮੇਰੀ ਬੱਚੀ ਤੇਰੇ ਵਿੱਚ ਐਨੀ ਤਾਕਤ ਐ
(ਤਿੰਨਾਂ ਔਰਤਾਂ ਦਾ ਬੱਚੀ ਪ੍ਰਤੀ ਲਹਿਜਾ ਬਦਲਦਾ ਹੈ।)
ਗੌਰੀ : ਤੂੰ ਜੋ ਜੀਅ ਚਾਹੇ ਕਰ ਸਕਦੀ ਐਂ
ਤੂੰ ਉਚੀਆਂ ਉਡਾਨਾਂ ਭਰ ਸਕਦੀ ਐਂ
ਨੰਦੋ : ਤੂੰ ਜ਼ੰਜ਼ੀਰਾਂ ਨੂੰ ਤੋੜ ਸਕਦੀ ਐਂ
ਤੂੰ ਬੇੜੀਆਂ ਨੂੰ ਰੋੜ ਸਕਦੀ ਐਂ
ਸੰਤੀ : ਤੂੰ ਤੀਲਾ-ਤੀਲਾ ਕਰਕੇ ਜੋੜ ਸਕਦੀ ਐਂ
ਤੂੰ ਦਰਿਆਵਾਂ ਦੇ ਵਹਿਣ ਮੋੜ ਸਕਦੀ ਐਂ
ਗੌਰੀ : ਤੂੰ ਆਪਣਾ ਗ਼ਮ ਆਪੇ ਪੀ ਸਕਦੀ ਐਂ
ਤੂੰ ਦੁੱਖ ਮੁਸੀਬਤਾਂ ਵਿੱਚ ਜੀ ਸਕਦੀ ਐਂ
ਨੰਦੋ : ਤੂੰ ਰਾਹਾਂ ਦੇ ਕੰਡਿਆਲੇ ਥੋਹਰ ਕੱਟ ਸਕਦੀ ਐਂ

ਤੂੰ ਹਰ ਤਰ੍ਹਾਂ ਦੇ ਜ਼ੁਲਮ ਅੱਗੇ ਡਟ ਸਕਦੀ ਐਂ
ਸੰਤੀ : ਤੂੰ ਆਪਣੇ ਹੱਕ ਆਪ ਪਛਾਣ ਸਕਦੀ ਐਂ
ਤੂੰ ਜ਼ਾਬਰਾਂ ਨੂੰ ਪਛਾੜ ਸਕਦੀ ਐਂ
ਬੱਚੀ : ਮੈਂ ਆਪਣੇ ਹੱਕ ਆਪ ਪਛਾਣ ਸਕਦੀ ਐਂ
ਮੈਂ ਜ਼ਾਬਰਾਂ ਨੂੰ ਪਛਾੜ ਸਕਦੀ ਆਂ
ਮੀਨਾ : ਹਾਂ.....
ਮੇਰੀ ਬੱਚੀ
ਤੂੰ ਸਭ ਕੁਝ ਕਰ ਸਕਦੀ ਐਂ
ਗੌਰੀ : ਤੂੰ ਧਰਮਾਂ ਦੇ ਨਾਗਾਂ ਨੂੰ ਡੰਗ ਭਰ ਸਕਦੀ ਐਂ
ਤੂੰ ਭਰਮਾਂ ਦਾ ਪਰਦਾ ਨੰਗਾ ਕਰ ਸਕਦੀ ਐਂ
ਨੰਦੋ : ਤੂੰ ਕਾਨੂੰਨ ਦਾ ਡੰਡਾ ਤੋੜ ਸਕਦੀ ਐਂ
ਤੂੰ ਜਨੂੰਨ ਦਾ ਮੂੰਹ ਮੋੜ ਸਕਦੀ ਐਂ
ਸੰਤੀ : ਤੂੰ ਪਾਪੀਆਂ ਦੁਸ਼ਟਾਂ ਦਾ ਨਾਸ਼ ਕਰ ਸਕਦੀ ਐਂ
ਤੂੰ ਹਰ ਆਤਮਾ ਅੰਦਰ ਵਾਸ ਕਰ ਸਕਦੀ ਐਂ
ਗੌਰੀ : ਤੂੰ ਰੋਕਾਂ ਬੰਦਸ਼ਾਂ ਨੂੰ ਤੋੜ ਸਕਦੀ ਐਂ
ਤੂੰ ਸਮਾਜ ਨੂੰ ਚੰਗੀ ਸੇਧ ਵੱਲ ਮੋੜ ਸਕਦੀ ਐਂ
ਨੰਦੋ : ਤੂੰ ਚੰਡੀ ਦੀ ਵਾਰ ਬਣ ਸਕਦੀ ਐਂ
ਤੂੰ ਉੱਜਵਲ ਮੀਨਾਰ ਬਣ ਸਕਦੀ ਐਂ
ਸੰਤੀ : ਤੂੰ ਲੋਕਾਂ ਦੀ ਆਵਾਜ਼ ਬਣ ਸਕਦੀ ਐਂ
ਤੂੰ ਲੋਕਾਂ ਦੀ ਪ੍ਰਵਾਜ ਬਣ ਸਕਦੀ ਐ.....
(ਬੱਚੀ ਖੁਸ਼ ਹੁੰਦੀ ਹੈ)
ਬੱਚੀ : ਮੈਂ....ਮੈਂ.....
ਮੈਂ ਲੋਕ ਪ੍ਰਵਾਜ਼ ਬਣ ਸਕਦੀ ਆਂ ?
ਮੀਨਾ : ਹਾਂ !
ਹਾਂ ! ਮੇਰੀ ਬੱਚੀ
ਤੂੰ ਕਿਉਂ ਨਈਂ ਬਣ ਸਕਦੀ ਐਂ
ਔਰਤ ਸਭ ਕੁਝ ਬਣ ਸਕਦੀ ਐ
ਔਰਤ ਆਪਣੇ ਪੈਰਾਂ ਤੇ ਖੜ੍ਹ ਸਕਦੀ ਐ
ਪਰ !
ਪਰ ਉਹ ਇਹ ਨਹੀਂ ਜਾਣਦੇ



ਮਰਦਾਂ ਹੱਥ ਆਈ ਡੋਰ
ਔਰਤਾਂ ਹੱਥ ਵੀ ਆ ਸਕਦੀ ਐ
ਬੱਚੀ : ਸੱਚ ਮੰਮੀ
ਉਹ ਇਹ ਜਾਣਦੈ ?
ਮੀਨਾ : ਹਾਂ, ਮੇਰੀ ਬੱਚੀ....
ਜਦੋਂ ਉਨ੍ਹਾਂ ਦਾ ਭਰਮ ਟੁੱਟ ਗਿਆ
ਗੌਰੀ : ਉਹ ਤੈਨੂੰ ਗ਼ਾਲੀ ਗਲੋਚ ਕਰਨਗੇ
ਉਹ ਤੈਨੂੰ ਗਲੋਂ ਦਬੋਚ ਫੜਨਗੇ
ਨੰਦੋ : ਉਹ ਤੈਨੂੰ ਇੱਟਾਂ ਰੋੜੇ ਪੱਥਰ ਮਾਰਨਗੇ
ਤੈਨੂੰ ਬਰਫ਼ ਦੀਆਂ ਸਿੱਲ੍ਹਾਂ ਤੇ ਠਾਰਣਗੇ
ਸੰਤੀ : ਤੈਨੂੰ ਡਰ ਸਹਿਮ ਵਹਿਮ ਵਿੱਚ ਪਾਉਣਗੇ
ਤੇਰਾ ਵਿਸ਼ਵਾਸ, ਹੋਸ਼-ਹਵਾਸ ਗਵਾਉਣਗੇ।
(ਬੱਚੀ ਸਹਿਮਦੀ ਹੈ)
ਗੌਰੀ : ਤੈਨੂੰ ਬੇਸ਼ਰਮ ਬੇਹਯਾ ਬੇਅਕਲ ਕਹਿਣਗੇ
ਤੇਰੇ ਸਿਰ ਉਤੇ ਨਾਗ ਬਣਕੇ ਬਹਿਣਗੇ
ਨੰਦੋ : ਤੈਨੂੰ ਬਿਣ ਪਾਣੀ ਮੱਛਲੀ ਵਾਂਗ ਤੜਫਾਉਣਗੇ
ਤੇਰੇ ਉਤੇ ਇਲਜ਼ਾਮ ਲਾ ਕੁੱਤਿਆਂ ਤੋਂ ਤੁੜਵਾਉਣਗੇ
ਸੰਤੀ : ਤੇਰੇ ਉਤੇ ਤਰ੍ਹਾਂ-ਤਰ੍ਹਾਂ ਦੇ ਜ਼ੁਲਮ ਢਾਉਣਗੇ
ਤੈਨੂੰ ਖ਼ਤਮ ਕਰ ਦੀਆਂ ਸਕੀਮਾਂ ਬਣਾਉਣਗੇ
(ਬੱਚੀ ਬੇ-ਪ੍ਰਵਾਹ ਹੋ ਕੇ ਬੋਲਦੀ ਹੈ।)
ਬੱਚੀ : ਮੈਨੂੰ ਕੋਈ ਪ੍ਰਵਾਹ ਨਈਂ
ਚਾਹੇ ਜ਼ੁਲਮ ਢਾਉਣ ਚਾਹੇ ਖਤਮ ਕਰਨ ਦੀਆਂ ਸਕੀਮਾਂ
ਬਣਾਉਣ
ਮੀਨਾ : ਹਾਂ
ਮੇਰੀ ਬੱਚੀ
ਤੂੰ ਘਬਰਾਉਣਾ ਨਈਂ
ਤੂੰ ਸੁਸਤਾਉਣਾ ਨਈਂ
(ਬੱਚੀ ਸਾਰਿਆਂ ਵੱਲ ਖੁਸ਼ੀ ਨਾਲ ਦੇਖਦੀ ਹੈ।)
ਗੌਰੀ : ਤੇਰੇ ਅੰਦਰ ਮਾਣ ਦੀ ਰੌਸ਼ਨੀ ਜਾਗ ਉਠੇਗੀ
ਤੇਰੇ ਅੰਦਰ ਸਾਹਸ ਦੀ ਰੌਸ਼ਨੀ ਜਾਗ ਉਠੇਗੀ

(ਬੱਚੀ ਖੁਸ਼ੀ ਨਾਲ ਮੰਮੀ ਨੂੰ ਚਿੰਬੜ ਚਾਂਦੀ ਹੈ)

ਨੰਦੋ : ਤੈਨੂੰ ਇਹ ਰੌਸ਼ਨੀ
ਨਾ ਦੁਨੀਆਂ ਦੇ ਸਕਦੀ ਐ
ਨਾ ਦੁਨੀਆਂ ਖੋਹ ਸਕਦੀ ਐ

ਸੰਤੀ : ਇਹ ਰੌਸ਼ਨੀ
ਕੂੜ ਕਵਾੜ ਨੂੰ ਸਾੜ ਸਕਦੀ ਐ
ਵਹਿਮੀ ਸਮਾਜ ਨੂੰ ਠਾਰ ਸਕਦੀ ਐ

ਬੱਚੀ : ਸੱਚ! ਸੱਚ ਮੰਮੀ?

ਮੀਨਾ : ਹਾਂ
ਮੇਰੀ ਬੱਚੀ ਬਿਲਕੁਲ ਸੱਚ
ਇਹ ਸੁਣੀ ਜੋ ਕਹਾਣੀ
ਇਹ ਹਰ ਬੱਚੀ ਨੂੰ ਸੁਣਾਈਂ
ਆਪਣੇ ਚੌਗਿਰਦੇ ਨੂੰ ਸੁਣਾਈਂ
ਹਰ ਔਰਤ ਨੂੰ ਇਹੋ ਕਹਿਣਾ
ਹਰ ਬੱਚੀ ਨੂੰ ਇਹੋ ਕਹਿਣਾ
ਨਈਂ ਹੁਣ ਵਿਤਕਰਾ ਅਸੀਂ ਸਹਿਣਾ
ਆਉਣ ਵਾਲਾ ਕਲ੍ਹ ਸਾਡਾ ਐ
ਆਉਣ ਵਾਲਾ ਕੱਲ੍ਹ ਸਾਡਾ ਐ

(ਬੱਚੀ ਖੁਸ਼ ਹੁੰਦੀ ਹੋਈ ਸਾਰਿਆਂ ਨੂੰ ਵਾਰੀ-ਵਾਰੀ ਕਹਿੰਦੀ ਹੋਈ ਖੁਸ਼ੀ ਵਿੱਚ ਨੱਚਦੀ ਹੈ।)

ਬੱਚੀ : ਆਉਣ ਵਾਲਾ ਕੱਲ ਸਾਡਾ ਐ
ਆਉਣ ਵਾਲਾ ਕੱਲ ਸਾਡਾ ਐ

(ਮੀਨਾ, ਗੋਗੀ, ਨੰਦੋ, ਸੰਤੀ ਬੱਚੀ ਨੂੰ ਫੜ ਕੇ ਬੜੇ ਪਿਆਰ ਨਾਲ ਆਖਦੀਆਂ ਹਨ।)

ਸਾਰੇ : ਹਾਂ ! ਹਾਂ!!
ਸਾਡੀ ਪਿਆਰੀ ਪਿਆਰੀ ਬੱਚੀ
ਆਉਣ ਵਾਲਾ ਕੱਲ
ਚੇਤਨ ਤੇ ਜਾਗਦੀਆਂ ਰੂਹਾਂ ਦਾ ਐ
ਚੇਤਨ ਤੇ ਜਾਗਦੀਆਂ ਰੂਹਾਂ ਦਾ ਐ

(ਸਟਿੱਲ ਹੋ ਜਾਂਦੀਆਂ ਹਨ)



# ਲੇਖਕਾਂ ਬਾਰੇ ਜਾਣਕਾਰੀ

## ਅਜਮੇਰ ਸਿੰਘ ਔਲਖ

ਜਨਮ : 1942 ਵਿੱਚ ਕੁੰਭੜਵਾਲ ਜ਼ਿਲ੍ਹਾ ਸੰਗਰੂਰ (ਪੰਜਾਬ) ਵਿੱਚ ਹੋਇਆ ਅਤੇ 2017 ਵਿੱਚ ਕੈਂਸਰ ਦੀ ਬਿਮਾਰੀ ਕਾਰਨ ਅਕਾਲ ਚਲਾਣਾ ਕਰ ਗਏ।

ਨਾਟ-ਰਚਨਾਵਾਂ : **ਪੂਰੇ ਨਾਟਕ**
ਭੱਜੀਆਂ ਬਾਹਾਂ (1987)
ਸੱਤ ਬਿਗਾਨੇ (1988)
ਕਿਹਰ ਸਿੰਘ ਦੀ ਮੌਤ (1992)
ਸਲਵਾਨ (1994)
ਇੱਕ ਸੀ ਦਰਿਆ (1994)
ਝਨਾਂ ਦੇ ਪਾਣੀ (2000)
**ਇਕਾਂਗੀ**
ਅਰਬਦ ਨਰਬਦ ਧੁੰਦੂਕਾਰਾ
ਬਿਗਾਨੇ ਬੋਹੜ ਦੀ ਛਾਂ
ਅੰਨ੍ਹੇ ਨਿਸ਼ਾਨਚੀ
ਮੇਰੇ ਚੋਣਵੇਂ ਇਕਾਂਗੀ
ਗਾਨੀ

ਰੰਗ ਮੰਚ ਸੰਸਥਾ : ਲੋਕ ਕਲਾ ਮੰਚ ਮਾਨਸਾ ਵੱਲੋਂ ਪਿੰਡਾਂ ਅਤੇ ਸ਼ਹਿਰਾਂ ਵਿੱਚ ਵੱਡੀ ਗਿਣਤੀ ਵਿੱਚ ਨਾਟਕਾਂ ਦਾ ਮੰਚਨ

ਕਿੱਤਾ : ਨਹਿਰੂ ਮੈਮੋਰੀਅਲ ਕਾਲਜ ਮਾਨਸਾ ਵਿੱਚ ਬਤੌਰ ਪ੍ਰੋਫੈਸਰ ਸੇਵਾ ਕਰਦੇ ਹੋਏ ਸੇਵਾ ਮੁਕਤ ਹੋਏ।

## ਆਤਮਜੀਤ

| | | |
|---|---|---|
| ਜਨਮ | : | 1950 ਨੂੰ ਪੰਜਾਬੀ ਸਾਹਿਤਕਾਰ ਅਤੇ ਅਧਿਆਪਕ ਸ.ਸ. ਅਮੋਲ ਦੇ ਘਰ ਹੋਇਆ। |
| ਵਿੱਦਿਅਕ ਯੋਗਤਾ | : | ਐਮ.ਏ. (ਪੰਜਾਬੀ)<br>ਪੀ.ਐਚ.ਡੀ. (ਨਾਟਕ) |
| ਨਾਟ-ਰਚਨਾਵਾਂ | : | ਕਬਰਸਤਾਨ (1975)<br>ਚਾਬੀਆਂ (1976)<br>ਹਵਾ ਮਹਿਲ(1980)<br>ਨਾਟਕ ਨਾਟਕ ਨਾਟਕ<br>ਰਿਸ਼ਤਿਆਂ ਦਾ ਕੀ ਰੱਖੀਏ ਨਾਂ (1983)<br>ਸ਼ਹਿਰ ਬੀਮਾਰ ਹੈ<br>ਮੈਂ ਤਾਂ ਇੱਕ ਸਾਰੰਗੀ ਹਾਂ (2002)<br>ਫਰਸ਼ ਵਿਚ ਉਗਿਆ ਰੁੱਖ (1988)<br>ਚਿੜੀਆਂ 1989<br>ਪੂਰਨ 1991<br>ਪੰਚ ਨਦ ਦਾ ਪਾਣੀ 2004<br>ਕੈਮਲੂਪਸ ਦੀਆਂ ਮੱਛੀਆਂ 1998<br>ਮੰਗੂ ਕਾਮਰੇਡ<br>ਗਦਰ ਐਕਸਪ੍ਰੈਸ<br>ਤੱਤੀ ਤਵੀ ਦਾ ਸੱਚ<br>ਤਸਵੀਰ ਦਾ ਤੀਜਾ ਪਾਸਾ |
| ਕਿੱਤਾ | : | ਕਿੱਤੇ ਵਜੋਂ ਪੰਜਾਬੀ ਦੇ ਪ੍ਰੋਫੈਸਰ ਰਹੇ ਅਤੇ ਬਤੌਰ ਪ੍ਰਿੰਸੀਪਲ ਸੇਵਾ ਮੁਕਤ ਹੋਏ। |
| ਰੰਗਮੰਚ | : | ਪਿਛਲੇ 50 ਸਾਲਾਂ ਤੋਂ ਲਗਾਤਾਰ ਵਿਭਿੰਨ ਮੰਚਾਂ ਤੇ ਦਿਨ/ਰਾਤ ਦੀਆਂ ਰੰਗ ਮੰਚ ਪੇਸ਼ਕਾਰੀਆਂ ਕਰਦੇ ਆ ਰਹੇ ਹਨ। |
| ਸੰਪਰਕ | : | 98760-18501 |



## ਗੁਰਸ਼ਰਨ ਸਿੰਘ

(1929-2011)

| | | |
|---|---|---|
| ਵਿੱਦਿਅਕ ਯੋਗਤਾ | : | ਐਮ.ਏ. (ਆਨਰਜ਼)<br>ਟੈਕਨੀਕਲ ਕਮਿਸਟਰੀ |
| ਕਿੱਤਾ | : | ਭਾਖੜਾ ਨੰਗਲ ਵਿਖੇ ਸੀਮਿੰਟ ਦੀ ਲੈਬਾਰਟਰੀ ਵਿੱਚ ਨੌਕਰੀ ਕੀਤੀ।<br>1981 ਵਿੱਚ ਮਰਜ਼ੀ ਨਾਲ ਰਿਟਾਇਰਮੈਂਟ ਲੈ ਲਈ। |
| ਰੰਗ ਮੰਚ ਪੇਸ਼ਕਾਰੀਆਂ | : | ਪੰਜਾਬ ਦੇ ਪਿੰਡਾਂ ਤੋਂ ਲੈ ਕੇ ਦੇਸ਼ ਵਿਦੇਸ਼ ਵਿੱਚ 12000 ਤੋਂ ਵੱਧ ਪੇਸ਼ਕਾਰੀਆਂ ਕੀਤੀਆਂ। |
| ਨਾਟ- ਰਚਨਾਵਾਂ | : | ਸੀਸ ਤਲੀ ਤੇ, ਧਮਕ ਨਗਾਰੇ ਦੀ, ਬੇਗਮੋ ਦੀ ਧੀ, ਨਵਾਂ ਜਨਮ, ਚਾਂਦਨੀ ਚੌਂਕ ਤੋਂ ਸਰਹੰਦ ਤੱਕ, ਟੂੰਡਾ ਹੌਲਾਦਰ, ਕਿਵ ਕੁੜੈ ਤੁਟੈ ਪਾਲ, ਤੱਤੀ ਤਵੀ, ਤਬੈ ਰੋਸ ਜਾਗਯੋ, ਗੁਰੂ ਲਾਧੋ ਰੇ, ਇਨਕਲਾਬ ਜ਼ਿੰਦਾਬਾਦ, ਦੇਵ ਪੁਰਸ਼ ਹਾਰ ਗਏ, ਲਾਰੇ, ਖ਼ੁਦਕੁਸ਼ੀ ਨਹੀਂ, ਤਮਾਸ਼ਾ-ਏ-ਹਿੰਦੁਸਤਾਨ, ਤੰਦੂਰ ਆਦਿ ਮਹੱਤਵਪੂਰਨ ਨਾਟ ਰਚਨਾਵਾਂ ਹਨ। |

## ਸਤਵਿੰਦਰ ਬੇਗੋਵਾਲੀਆ

| | | |
|---|---|---|
| ਜਨਮ | : | 1959 ਵਿੱਚ ਬੇਗੋਵਾਲ (ਕਪੂਰਥਲਾ) ਵਿਖੇ ਹੋਇਆ। |
| ਵਿੱਦਿਅਕ ਯੋਗਤਾ | : | ਐਮ.ਏ. (ਅੰਗੇਰਜ਼ੀ, ਪੰਜਾਬੀ, ਹਿਸਟਰੀ) ਬੀ.ਐਡ |
| ਕਿੱਤਾ | : | ਸਿੱਖਿਆ ਵਿਭਾਗ ਪੰਜਾਬ ਤੋਂ ਬਤੌਰ ਪ੍ਰਿੰਸੀਪਲ ਸੇਵਾ ਮੁਕਤ ਹੋਏ। |
| ਨਾਟ- ਰਚਨਾਵਾਂ | : | ਕਲਯੁਗ ਦੀ ਮੈਲ (5 ਨਾਟਕਾਂ ਦਾ ਇਕਾਂਗੀ-ਸੰਗ੍ਰਹਿ)<br>ਜਬੈ ਬਾਣ ਲਾਗਿਯੋ (4 ਨਾਟਕਾਂ ਦਾ ਨਾਟ-ਸੰਗ੍ਰਹਿ)<br>ਡਾਲਰ ਮੇਰਾ ਪੁੱਤਰ (ਪੂਰਾ ਨਾਟਕ)<br>ਜੇਠੂ ਦਾ ਕੋਠਾ (4 ਨਾਟਕਾਂ ਦਾ ਨਾਟ-ਸੰਗ੍ਰਹਿ)<br>ਗ੍ਰਹਿਸਤ ਦਾ ਗੱਡਾ (4 ਨਾਟਕਾਂ ਦਾ ਨਾਟ-ਸੰਗ੍ਰਹਿ)<br>ਮੈਂ ਪੰਜਾਬਣ ਹਾਂ (4 ਨਾਟਕਾਂ ਦਾ ਨਾਟ-ਸੰਗ੍ਰਹਿ)<br>ਆਰ ਕਿ ਪਾਰ (ਪੂਰਾ ਨਾਟਕ)<br>ਲੂਈਸ ਪਾਸਚਰ (ਵਿਗਿਆਨਕ ਨਾਟਕ)<br>ਵੈਲਫੇਅਰ ਸੁਸਾਇਟੀ ਜ਼ਿੰਦਾਬਾਦ (2 ਨਾਟਕ) |
| ਰੰਗ ਮੰਚ ਸਰਗਰਮੀਆਂ | : | ਪਿਛਲੇ 3 ਦਹਾਕਿਆਂ ਤੋਂ ਸਕੂਲਾਂ, ਕਾਲਜਾਂ, ਸਿੱਖਿਆ ਵਿਭਾਗ ਦੇ ਨਾਟਕ ਮੁਕਾਬਲਿਆਂ ਅਤੇ ਜਨਤਕ ਥਾਵਾਂ ’ਤੇ ਵੱਡੀ ਗਿਣਤੀ ਵਿੱਚ ਨਾਟਕਾਂ ਦਾ ਸਫ਼ਲ ਮੰਚਨ ਕੀਤਾ ਹੈ। |
| ਸੰਪਰਕ | : | 98154-65620 |



## ਸਾਹਿਬ ਸਿੰਘ

ਸਾਹਿਬ ਸਿੰਘ ਦਾ ਜਨਮ 1967 ਵਿੱਚ ਹੋਇਆ। ਮੈਡੀਕਲ ਦਾ ਵਿਦਿਆਰਥੀ ਹੋਣ ਕਰਕੇ ਐਮ.ਬੀ.ਬੀ.ਐਸ. ਦੀ ਡਿਗਰੀ ਪ੍ਰਾਪਤ ਕੀਤੀ। ਨਾਟਕਕਾਰ ਗੁਰਸ਼ਰਨ ਸਿੰਘ ਅਤੇ ਅਜਮੇਰ ਸਿੰਘ ਔਲਖ ਦੇ ਸੰਪਰਕ ਵਿੱਚ ਆਉਣ ਕਰੇਕ ਨਾਟ-ਵਿਧਾ ਨਾਲ ਪੱਕੇ ਹੀ ਜੁੜ ਗਏ। ਉਹਨਾਂ ਆਪਣਾ ਨਾਟ-ਗਰੁੱਪ ਬਣਾਇਆ, ਨਾਟਕ ਲਿਖੇ ਅਤੇ ਨਿਰਦੇਸ਼ਤ ਕੀਤੇ। ਇਸ ਤੋਂ ਬਿਨਾਂ ਟੀ.ਵੀ. ਸੀਰੀਜ਼ ਅਤੇ ਪੰਜਾਬੀ ਫ਼ਿਲਮਾਂ ਵਿੱਚ ਵਿਭਿੰਨ ਕਿਰਦਾਰ ਨਿਭਾਏ ਹਨ।

| | | |
|---|---|---|
| ਨਾਟ-ਰਚਨਾਵਾਂ | : | ਸਾਹਿਬ ਸਿੰਘ ਨੇ ਕੋਈ 30 ਕੁ ਨਾਟਕ ਲਿਖੇ ਹਨ। ਇਹਨਾਂ ਵਿੱਚੋਂ ਇਹ ਨਾਟਕ ਜ਼ਿਆਦਾ ਹਰਮਨ ਪਿਆਰੇ ਸਾਬਤ ਹੋਏ:<br>ਅੰਧੇ ਹੈਂ ਹਮ<br>ਸੁਆਲ ਦਰ ਸੁਆਲ<br>ਸੰਮਾਂ ਵਾਲੀ ਡਾਂਗ<br>ਧਨੁ ਲਿਖਾਰੀ ਨਾਨਕਾ<br>ਲੱਛੂ ਕਬਾੜੀਆ<br>ਸੋਲੋ ਨਾਟਕ : ਸੰਦੂਕੜੀ ਖੋਲ੍ਹ ਨਰੈਣਿਆਂ<br>ਐਲ.ਐਮ.ਆਈ. ਏ.<br>ਤੂੰ ਅਗਲਾ ਵਰਕਾ ਫੋਲ |
| ਰੰਗ ਮੰਚ ’ਤੇ ਖੋਜ ਕਾਰਜ | : | ਸਾਹਿਬ ਸਿੰਘ ਨੇ ਰਾਸ ਲੀਲਾ ਅਤੇ ਰੰਗ ਮੰਚੀ ਸਰਗਰਮੀਆਂ ਨੂੰ ਖੋਜ ਕਾਰਜ ਪੱਖੋਂ ਕਈ ਨਿਬੰਧ ਲਿਖੇ ਜੋ ਵਿਭਿੰਨ ਅਖ਼ਬਾਰਾਂ ਅਤੇ ਰਸਾਲਿਆਂ ਵਿੱਚ ਛਪਦੇ ਆ ਰਹੇ ਹਨ। |
| ਸੰਪਰਕ | : | 98880-11096 |

## ਕੇਵਲ ਧਾਲੀਵਾਲ

ਜਨਮ : ਕੇਵਲ ਧਾਲੀਵਾਲ ਦਾ ਜਨਮ 7 ਅਕਤੂਬਰ 1964 ਵਿੱਚ ਹੋਇਆ।

ਵਿਦਿਅਕ ਯੋਗਤਾ : ਨੈਸ਼ਨਲ ਸਕੂਲ ਆਫ਼ ਡਰਾਮਾ ਤੋਂ ਪੋਸਟ ਗਰੇਜੂਏਸ਼ਨ

ਕਿੱਤਾ : ਥਿਏਟਰ ਨਿਰਦੇਸ਼ਕ

ਨਾਟ ਰਚਨਾਵਾਂ : ਇਤਿਹਾਸ ਦੇ ਸਫ਼ੇ 'ਤੇ
ਸਰਕਾਰ-ਏ-ਖ਼ਾਲਸਾ
ਮੇਰਾ ਰੰਗ ਦੇ ਬਸੰਤੀ ਚੋਲਾ
ਸ਼ਾਹਿਰ ਸਲੇਟੀ (ਬਾਲ ਨਾਟਕ)
ਰਾਜੇ ਰਾਜ ਕਰੇਂਦਿਆਂ (ਬਾਲ ਨਾਟਕ)

ਥੀਏਟਰ 'ਤੇ ਆਰਟੀਕਲ : ਰੰਗ ਕਰਮੀ ਦੀ ਤੀਸਰੀ ਅੱਖ

ਮੁੱਖ ਨਿਰਦੇਸ਼ਤ ਨਾਟਕ : ਰੰਗ ਮੰਚ ਦੇ ਥੰਮ ਕੇਵਲ ਧਾਲੀਵਾਲ ਨੇ 'ਮੰਚ ਰੰਗ ਮੰਚ' ਬਣਾ ਕੇ ਹਰੇਕ ਕਿਸਮ ਦੀ ਸਟੇਜ 'ਤੇ (ਆਡੀਟੋਰੀਅਮ ਅਤੇ ਆਮ ਸਟੇਜਾਂ) ਪਿੰਡਾਂ ਅਤੇ ਸ਼ਹਿਰਾਂ ਵਿੱਚ ਹਜ਼ਾਰਾਂ ਨਾਟ-ਪੇਸ਼ਕਾਰੀਆਂ ਕਰਕੇ ਆਪਣੀ ਕਲਾ ਦਾ ਲੋਹਾ ਮੰਨਵਾਇਆ। ਉਹਨਾਂ ਦੇ ਨਿਰਦੇਸ਼ਤ ਨਾਟਕਾਂ ਵਿੱਚ ਕੁੱਝ ਵਰਣਨਯੋਗ ਇਹ ਨਾਟਕ ਹਨ :
ਨੋਰਾ
ਮਾਂ
ਮੇਦਨੀ
ਸ਼ਾਇਰੀ
ਕਬੀਰ
ਕੈਦੋਂ
ਕੋਰਟ ਮਾਰਸ਼ਲ
ਤਸਵੀਰਾਂ

ਸੰਪਰਕ : 98142-99422



## ਸੁਖਮਿੰਦਰ ਸੇਖੋਂ

ਜਨਮ : 24-07-1956

ਵਿਦਿਅਕ ਯੋਗਤਾ : ਸੁਖਮਿੰਦਰ ਸੇਖੋਂ ਨੇ ਕਹਾਣੀ, ਨਾਵਲ, ਮਿੰਨੀ ਕਹਾਣੀ, ਵਿਅੰਗ, ਨਿਬੰਧ ਤੋਂ ਇਲਾਵਾ ਨਾਟਕ ਦੇ ਖੇਤਰ ਵਿੱਚ ਵੀ ਦੋ ਤਿੰਨ ਨਾਟ-ਸੰਗ੍ਰਹਿ ਲਿਖੇ ਹਨ। ਜਿਸ ਵਿੱਚ ਇਕ ਦਰਜਨ ਦੇ ਲਗਪਗ ਪੜ੍ਹਨਯੋਗ ਅਤੇ ਖੇਡਣਯੋਗ ਚੰਗੇ ਨਾਟਕ ਸ਼ਾਮਲ ਹਨ।

ਨਾਟ ਰਚਨਾਵਾਂ : 1. ਹੀਰੋ ਨਹੀਂ ਆਏਗਾ-2009
2. ਲੇਬਰ ਚੌਂਕ ਦੀਆਂ ਅੱਖਾਂ -2021
ਇਸ ਤੋਂ ਇਲਾਵਾ ਸੁਖਮਿੰਦਰ ਸੇਖੋਂ ਨੇ
7 ਕਹਾਣੀ-ਸੰਗ੍ਰਹਿ,
4 ਨਾਵਲ,
2 ਮਿੰਨੀ ਕਹਾਣੀ-ਸੰਗ੍ਰਹਿ
ਅਤੇ
ਵਿਅੰਗ ਸੰਗ੍ਰਹਿ
ਵੀ ਰਚੇ ਹਨ।

ਸੰਪਰਕ : 98145-07693

## ਸਤਿੰਦਰ ਸਿੰਘ ਨੰਦਾ

| | | |
|---|---|---|
| ਜਨਮ | : | ਸਤਿੰਦਰ ਸਿੰਘ ਨੰਦਾ ਦਾ ਜਨਮ 8 ਅਗਸਤ 1951 ਨੂੰ ਹੋਇਆ। |
| ਵਿਦਿਅਕ ਯੋਗਤਾ | : | ਐਮ.ਏ. ਪੰਜਾਬੀ |
| ਨਾਟ ਰਚਨਾਵਾਂ | : | |

**ਪੂਰੇ ਨਾਟਕ**

ਭਲਕ ਅਜੇ ਦੂਰ ਹੈਂ
ਕਿਰਾਏਦਾਰ
ਕਰਮ ਯੋਗੀ
ਧੂੰਏਂ ਦੇ ਬੱਦਲ
ਨਾਇਕ ਖਸਮ ਹਮਾਰੇ
ਥਿੜਕਦੇ ਕਦਮ
ਸਿੱਖੀ ਸਿਦਕ
ਨਿਰੰਜਨੀ ਜੋਤ
ਰੰਗ ਤਮਾਸ਼ੇ
ਇਕਾਂਗੀ ਸੰਗ੍ਰਹਿ
ਦਾਰੂ ਦਾਸੀਏ
ਸੁੰਨੇ ਰਾਹ
ਖੱਲ੍ਹੇ ਪੰਖ
ਨਾਨਕ ਘਰ ਕੇ ਗੋਲੇ
ਹਰਕਤ ਵਿੱਚ ਬਰਕਤ
ਨਾਟ ਲੀਲਾ

| | | |
|---|---|---|
| ਕਿੱਤਾ | : | ਡਿਪਟੀ ਡਾਇਰੈਕਟਰ ਭਾਸ਼ਾ ਵਿਭਾਗ ਪੰਜਾਬ ਵਿੱਚੋਂ ਸੇਵਾ ਮੁਕਤ ਹੋਏ। |
| ਸੰਪਰਕ | : | 95010-28851 |



## ਸੁਮਨ ਲਤਾ

| | | |
|---|---|---|
| ਜਨਮ | : | 26 ਮਈ 1958 |
| ਵਿਦਿਅਕ ਯੋਗਤਾ | : | ਐਮ.ਏ. ਹਿੰਦੀ |
| ਨਾਟ ਰਚਨਾਵਾਂ | : | ਜਾਗਰਤੀ ਦੀ ਲੋਅ<br>ਭਾਰਤ ਦੇਸ਼ ਮਹਾਨ (ਵਿਅੰਗਾਤਮਿਕ ਨਾਟਕ)<br>ਸ਼ਹੀਦ ਊਧਮ ਸਿੰਘ<br>ਕੁਝ ਨਾਟਕ ਛੱਪਣ ਹਿੱਤ |
| ਇਸ ਤੋਂ ਇਲਾਵਾ | : | 5 ਕਾਵਿ ਸੰਗ੍ਰਹਿ<br>2 ਗੀਤ ਸੰਗ੍ਰਹਿ<br>ਵੀ ਰਚੇ ਹਨ। |
| ਨਿਰਦੇਸ਼ਨ | : | ਪੰਜਾਬ ਕਲਾ ਸੰਗਮ ਫਗਵਾੜਾ ਦੀ ਉਸਾਰੀ ਕੀਤੀ। ਪਿਛਲੇ 38 ਸਾਲਾਂ ਵਿੱਚ ਆਪਣੇ ਸਮੁੱਚੇ ਪਰਿਵਾਰ ਨੂੰ ਆਪਣੀ ਰੰਗ ਮੰਚ ਸੰਸਥਾ ਵਿੱਚ ਸ਼ਾਮਲ ਕਰਕੇ ਵੱਡੀ ਗਿਣਤੀ ਵਿੱਚ ਦਿਨ/ਰਾਤ ਦੀਆਂ ਵਿਭਿੰਨ ਸਟੇਜਾਂ 'ਤੇ ਨਾਟਕਾਂ ਦਾ ਮੰਚਨ ਕੀਤਾ। ਖ਼ੁਦ ਵੀ ਅਦਾਕਾਰਾ ਹਨ। |
| ਸੰਪਰਕ | : | 99886-51757 |